ਜੂਨ 2020

ਗੁਰਮਤਿ ਵਿਰਸਾ

GURMAT VIRSA गुरमति विरसा

Year-1, Issue-11, June 2020, Ludhiana gurmatvirsa@gmail.com Multilingual Price 20/-

ਸੂਹ ਚੌਰਾਸੀ ਦੀ ਸਦੀਵੀ ਪੀੜਾਂ

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ

ਕੇਂਦਰ
ਛੰਨਾ ਸਾਰੰਗਦੇਵ ਦੀ
ਗੁਰਮਤਿ ਕਲਾਸ

ਕੇਂਦਰ
ਧੁੰਨ ਢਾਏ ਵਾਲਾ ਦੀ
ਗੁਰਮਤਿ ਕਲਾਸ

ਕੇਂਦਰ ਕੁੱਬਾ ਦੀ
ਗੁਰਮਤਿ ਕਲਾਸ

ਕੇਂਦਰ ਲਤਾਲਾ ਦੀ
ਗੁਰਮਤਿ ਕਲਾਸ

ਕੇਂਦਰ ਮਾਲੂਵਾਲ ਦੀ
ਗੁਰਮਤਿ ਕਲਾਸ

ਕੇਂਦਰ ਪਰਿੰਗੜੀ ਦੀ
ਗੁਰਮਤਿ ਕਲਾਸ

ਕੇਂਦਰ ਤਰਨਤਾਰਨ ਦੀ
ਗੁਰਬਾਣੀ ਸੰਥਿਆ ਕਲਾਸ

ਕੇਂਦਰ ਤਰਨਤਾਰਨ ਦੀ
ਗੁਰਬਾਣੀ ਸੰਥਿਆ ਕਲਾਸ

ਗੁਰਮਤਿ ਵਿਰਸਾ

ਜੂਨ 2020 (ਮਾਸਿਕ ਮੈਗਜ਼ੀਨ)

ਮੁੱਖ ਸੰਪਾਦਕ : ਰਾਣਾ ਇੰਦਰਜੀਤ ਸਿੰਘ
ਸੰਪਾਦਕ : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
ਸਹਿ ਸੰਪਾਦਕ : ਕੈਪਟਨ ਅਵਤਾਰ ਸਿੰਘ ਪਰਿੰਗੜੀ
ਪ੍ਰਬੰਧਕ: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
ਪ੍ਰਕਾਸ਼ਕ: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
ਫੋਨ: 98146-35655, 99155-29725, 97819-90206
Email: gurmatvirsa@gmail.com
Website: www.gurmatgian.org

ਸੰਪਾਦਕੀ ਬੋਰਡ: ਭਾਈ ਸੁਖਵਿੰਦਰ ਸਿੰਘ ਦਦੇਹਰ, ਭਾਈ ਨਛੱਤਰ ਸਿੰਘ
ਸ. ਪ੍ਰਭਸ਼ਰਨ ਸਿੰਘ, ਡਾ. ਸਰਬਜੋਤ ਕੌਰ।
ਕਾਨੂੰਨੀ ਸਲਾਹਕਾਰ: ਐਡਵੋਕੇਟ ਜਸਪਾਲ ਸਿੰਘ ਚੁੱਘ

ਜੇਠ-ਹਾੜ੍ਹ ਮਹੀਨੇ ਦੇ ਖਾਸ ਦਿਹਾੜੇ

- ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲਾ : 21 ਜੇਠ (04 ਜੂਨ)
- ਜਨਮ ਭਗਤ ਕਬੀਰ ਜੀ : 22 ਜੇਠ (05 ਜੂਨ)
- ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ : 28 ਜੇਠ (11 ਜੂਨ)
- ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਸਾਹਿਬ ਜੀ : 02 ਹਾੜ੍ਹ (16 ਜੂਨ)
- ਸ਼ਹੀਦੀ ਬਾਬਾ ਬੰਦਾ ਸਿੰਘ ਜੀ ਬਹਾਦਰ : 11 ਹਾੜ੍ਹ (25 ਜੂਨ)

ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 97819-90206
ਤੁਸੀਂ ਚੰਦਾ AXIS Bank ਵਿਚ ਸਿੱਧਾ (Online) ਵੀ ਜਮ੍ਹਾ ਕਰਵਾ ਸਕਦੇ ਹੋ
Branch: Phullanwal, IFS Code - UTIB0000196
A/C Name : GURMAT VIRSA
A/C No.: 913010032526897

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
Editor- Gurbachan Singh Panwa *
• Responsible for collection of all Printed matter as per PRB Act
Registration Number of the Newspaper PUNMUL/2019/78309

ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਗਿਆਨ ਕਾਲਜ ਫਾਰ ਵੁਮੈਨ
3. ਗੁਰਮਤਿ ਪ੍ਰਚਾਰ ਕੇਂਦਰ
4. ਸਿੱਖੀ ਲਹਿਰ
5. ਐਜੂ-ਏਡ ਵਿੰਗ
6. ਗੁਰਮਤਿ ਗਿਆਨ ਗਰੁੱਪ
7. ਗੁਰਮਤਿ ਐਲੀਮੈਂਟਰੀ ਕੋਰਸ
8. ਗੁਰਮਤਿ ਟ੍ਰੇਨਿੰਗ ਕੈਂਪ
9. ਗੁਰਮਤਿ ਗਿਆਨ ਲਾਇਬ੍ਰੇਰੀ
10. ਹੋਮਿਓਪੈਥੀ ਡਿਸਪੈਂਸਰੀ
11. ਰੋਜ਼ਾਨਾ ਅੰਮ੍ਰਿਤ ਵੇਲਾ ਅਤੇ ਹਫਤਾਵਾਰੀ ਸਮਾਗਮ
12. ਫਰੀ ਮੈਡੀਕਲ ਚੈੱਕਅੱਪ
13. ਗੁਰਮਤਿ ਵਿਰਸਾ ਮੈਗਜ਼ੀਨ
14. ਗੁਰਮਤਿ ਲਿਟਰੇਚਰ ਹਾਊਸ
15. ਗਰੇਸ ਪਬਲਿਕ ਸਕੂਲ

ਕੀ ਅਤੇ ਕਿੱਥੇ ?

ਹਾੜ੍ਹ ਦੇ ਮਹੀਨੇ ਦੁਆਰਾ ਇਲਾਹੀ ਸੰਦੇਸ਼	4
ਸੰਪਾਦਕੀ	5
ਅਨੰਦੁ ਸਾਹਿਬ ਦੀ ਵਿਆਖਿਆ	7
ਸਵਾਲ ਜਵਾਬ	8
ਸ਼ਬਦ ਵਿਚਾਰ	9
ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦਾ ਮਹੱਤਵ	10
ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦਾ ਕਾਰਨ ਅਤੇ ਪ੍ਰਭਾਵ	12
ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਅਤੇ ਪਾਦਰੀ ਜੇਰੋਮ...	14
ਜੂਨ ਚੌਰਾਸੀ ਦੀ ਸਦੀਵੀ ਪੀੜਾਂ	16
ਸਿੱਖ ਕੌਮ ਖੋਜੀ ਕਲਮਕਾਰ ਪੈਦਾ ਕਰਨ ਬਾਰੇ ਨਿਰਨਾ ਲਵੇ	18
ਨੰਨੇ ਵਾਰਸ	20
ਰਾਗਮਾਲਾ ਦੀ ਅਸਲੀਅਤ	22
ਫਰੰਟੀਅਰ ਦੇ ਜ਼ਿਲ੍ਹਾ ਹਜ਼ਾਰਾ ਦੇ ਫ਼ਸਾਦ	25
ਕਾਵਿ ਕਿਆਰੀ	27
ਕੱਟੀ ਚੱਲੀ ਸੀ ਚੌਰਾਸੀ	28
ਮੈਂ ਸਵਰਗ ਜਾਣੈ	29
ਜੀਵਨ ਵ੍ਰਿਤਾਂਤ- ਮਹਾਰਾਜਾ ਰਣਜੀਤ ਸਿੰਘ	31
Biography of Maharaja Ranjit Singh	34
ਸਾਡੀ ਖੇਤੀ	37
ਸਿਹਤ ਸੰਭਾਲ	39
ਗੁਰਮਤਿ ਸੰਜੋਗ	41

ਗੁਰਮਤਿ ਵਿਰਸਾ ਮੰਗਵਾਉਣ ਲਈ ਚੰਦਾ

ਚੰਦਾ	ਦੇਸ਼	ਵਿਦੇਸ਼
ਸਾਲਾਨਾ	200/-	50 $
ਲਾਈਫ	2000/-	300 $

ਹੇਠ ਲਿਖੇ ਬੈਂਕ ਅਕਾਊਂਟਸ ਰਾਹੀਂ ਸੇਵਾ ਭੇਜੋ ਜੀ
Axis Bank **Branch : Phullanwal (Ldh)**
IFS Code : UTIB0000196

- Gurmat Gian : 913010032529069
- Gurmat Gian Missionary College : 913010032837193
- Gurmat Gian Charitable Trust : 913010032525014
- Gurmat Parchar Kendra : 913010032551518
- Gurmat Virsa : 913010032526897
- GGT Edu Aid : 913010032526884

ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਹਾੜ ਦੇ ਮਹੀਨੇ ਦੁਆਰਾ ਇਲਾਹੀ ਸੰਦੇਸ਼

ਬਾਰਹ ਮਾਹਾ ਮਾਝ ਮਹਲਾ ੫ ਘਰੁ ੪ ੴ ਸਤਿਗੁਰ ਪ੍ਰਸਾਦਿ॥

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥

ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥

ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥

ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥

ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥

ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥

ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥

ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥ (134)

Translation

The Divine Message Through the Month of Aasaarh

ੴ ਸਤਿਗੁਰ ਪ੍ਰਸਾਦਿ ॥ ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

The Twelve Months; Maajh Fifth Guru, Stage Fourth

The month of Aasaarh seems burning hot, to those who are not close to their Husband Lord .
They have forsaken God, the Primal Being, the Life of the world and they come to rely upon mere mortals.
In the love of duality ,the soul-bride is ruined; around her neck, she wears the noose of Death.
As you plant, so shall you harvest; your destiny is recorded on your forehead.
The life-night passes away, and in the end, one comes to regret and repent, and then depart with no hope at all.
Those who meet with the Holy Saints are liberated in the Court of the Lord.
Show yours Mercy to me, O God; I am thirsty for the Blessed Vision of yours Darshan.
Without You, God, there is no other at all. This is Nanak's humble prayer.
The month of Aasaarh is pleasant, when the Feet of the Lord abide in the mind.]5] (134)

---- Compiled By: Amrit Paul Bansal (98154-85668) ----

ਕਲਜੁਗਿ ਜਹਾਜੁ ਅਰਜਨ ਗੁਰੂ

ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਕਲਯੁਗ, ਪਾਪ, ਕਲ੍ਹ ਤੇ ਝਗੜਾ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਦੂਸਰਾ ਮਹਾਨ ਕੋਸ਼ ਵਿਚ ਜਹਾਜ਼ ਦੇ ਅਰਥ ਕੁਝ ਇਸ ਤਰ੍ਹਾਂ ਆਏ ਹਨ— 1. ਜਹਾਜ, ਇਸ ਦੀ ਸੰਗਿਆ ਤਿਆਰੀ ਹੈ। 2. ਊਂਠ ਦਾ ਪਲਾਣ। 3. ਪੋਤ, ਜਲਯਾਨ, ਬੋਹਿਥਾ, ਬੇੜਾ। 4. ਸਿੱਖ ਧਰਮ।

ਮਹਾਨ ਕੋਸ਼ ਵਿਚ ਜਹਾਜ ਚੜ੍ਹਨਾ ਸ਼ਬਦ ਵੀ ਆਇਆ ਹੈ ਜਿਹਾ ਕਿ ਸੰਸਾਰ ਸਾਗਰ ਨੂੰ ਤਰਣ ਲਈ ਗੁਰੂ ਨਾਨਕ ਸਾਹਿਬ ਜੀ ਦੇ ਵਿਚਾਰਾਂ ਦਾ ਧਾਰਨੀ ਹੋਣਾ ਦੂਜਾ ਖੰਡੇ ਦੀ ਪਾਹੁਲ ਲੈਣੀ (ਅੰਮ੍ਰਿਤ ਛੱਕਣਾ) ਨੂੰ ਵੀ ਜਹਾਜੇ ਚੜ੍ਹਨਾ ਕਿਹਾ ਗਿਆ ਹੈ।

ਗੁਰੂ ਅਰਜਨ ਪਾਤਸ਼ਾਹ ਜੀ ਸੇਵਾ ਤੇ ਪਰਉਪਕਾਰ ਦੇ ਮੁਜਸਮੇ ਸਨ। ਮਤਿ ਗੰਭੀਰ, ਦੂਰ ਦ੍ਰਿਸ਼ਟੀ ਵਾਲੇ, ਭਰਮ, ਵਹਿਮ ਤੇ ਭਟਕਣਾ ਨੂੰ ਦੂਰ ਕਰਨ ਵਾਲੇ ਕ੍ਰਾਂਤੀਕਾਰੀ ਰਹਿਬਰ ਸਨ।

ਜਿਸ ਤਰ੍ਹਾਂ ਦਰਿਆ ਨੂੰ ਪਾਰ ਕਰਨ ਲਈ ਬੇੜੀਆਂ ਤੇ ਸਮੁੰਦਰ ਨੂੰ ਪਾਰ ਕਰਨ ਲਈ ਵੱਡੇ ਬੇੜੇ ਦੀ ਜ਼ਰੂਰਤ ਹੁੰਦੀ ਹੈ। ਕੁਝ ਏਸੇ ਤਰ੍ਹਾਂ ਸੰਸਾਰ ਵੀ ਇਕ ਸਮੁੰਦਰ ਦੀ ਨਿਆਂਈਂ ਹੈ ਜਿਸ ਵਿਚੋਂ ਤਰਨ ਲਈ ਜੀਵਨ ਜੁਗਤ ਸਮੁੰਦਰੀ ਜਹਾਜ਼ ਦੀ ਲੋੜ ਹੈ। ਸੰਸਾਰ ਰੂਪੀ ਸਮੁੰਦਰ ਦਾ ਵੱਖਰਾ ਪਨ ਇਹ ਹੈ ਕਿ ਇਹ ਵਿਕਾਰਾਂ, ਆਪਾ ਧਾਪੀ ਤੇ ਫ਼ਰਜ਼ਾਂ ਵਲੋਂ ਕਤਾਹੀ ਕਰਨ ਦੀਆਂ ਪਹਿਰਾਂ ਨਾਲ ਭਰਿਆ ਹੋਇਆ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਨੂੰ ਨਿਰਦਾਇਤਾ, ਕ੍ਰੋਧ, ਲਾਲਚ ਅਤੇ ਮੋਹ ਦੀ ਅਗਨੀ ਰੂਪੀ ਪਾਣੀ ਨਾਲ ਭਰੀ ਹੋਈ ਨਦੀ ਵੀ ਆਖਿਆ ਹੈ-

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥ (147)

ਗੁਰੂ ਅਰਜਨ ਪਾਤਸ਼ਾਹ ਜੀ ਉਹ ਜਹਾਜ਼ ਹਨ ਜਿਨ੍ਹਾਂ ਨੇ ਸੰਸਾਰ ਰੂਪੀ ਸਮੁੰਦਰ ਵਿਚੋਂ ਤਰਨ ਲਈ ਭਾਵ ਜੀਵਨ ਜੁਗਤ ਨੂੰ ਸਮਝਣ ਵਾਲਾ ਗੁਰੂ ਗ੍ਰੰਥ ਸਾਹਿਬ ਵਰਗਾ ਮਹਾਨ ਗ੍ਰੰਥ ਦਿੱਤਾ। ਦੂਸਰਾ ਸੰਸਾਰ ਵਿਚ ਅਣਖੀ ਤੇ ਸਚਾਈਆਂ ਵਰਗੀਆਂ ਹਕੀਕਤਾਂ ਨੂੰ ਸਦਾ ਕਾਇਮ ਰੱਖਣ ਲਈ ਆਪਣੀ ਕੁਰਬਾਨੀ ਦੇ ਕੇ ਤਰਨ ਦੀ ਜਾਚ ਸਿਖਾਈ ਹੈ। ਸਮੁੰਦਰੀ ਜਹਾਜ਼ ਨੂੰ ਤਿਆਰ ਕਰਨ ਲਈ ਬਹੁਤ ਵਕਤ ਤੇ ਪੈਸਾ ਖਰਚ ਹੁੰਦਾ ਹੈ ਤੇ ਨਾਲ ਹੀ ਵੱਡ ਅਕਾਰੀ ਕਾਰਖਾਨਾ ਅਤੇ ਸਿਆਣੇ ਕਾਰੀਗਰਾਂ ਦੀ ਲੋੜ ਹੁੰਦੀ ਹੈ। ਸਮੁੰਦਰੀ ਜਹਾਜ਼ ਵਿਚ ਬੇਅੰਤ ਭੰਡਾਰ ਅਤੇ ਸੈਂਕੜੇ ਯਾਤਰੂ ਇਕ ਥਾਂ ਤੋਂ ਦੁਜੀ ਥਾਂ 'ਤੇ ਸੁਰੱਖਿਅਤ ਪਹੁੰਚਾਏ ਜਾਂਦੇ ਹਨ। ਸਮੁੰਦਰ ਦੀਆਂ ਅਥਾਹ ਲਹਿਰਾਂ ਤੇ ਤੂਫਾਨਾਂ ਨੂੰ ਚੀਰਦਾ ਹੋਇਆ ਸਿਆਣੇ ਕਪਤਾਨ ਦੀ ਰਾਹਨੁਮਾਈ ਹੇਠ ਆਪਣੀ ਨਿਰਧਾਰਤ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ।

ਗੁਰੂ ਅਰਜਨ ਪਾਤਸ਼ਾਹ ਜੀ ਦੇ ਸਮੇਂ ਸੰਸਾਰ ਰੂਪੀ ਸਮੁੰਦਰ ਵਿਚ ਰਾਜਸੀ ਹਾਕਮਾਂ ਦੇ ਜ਼ੁਲਮੀ ਤੂਫਾਨ, ਧਾਰਮਿਕ ਆਗੂਆਂ ਦੀ ਕਟੱੜਤਾ ਦਾ ਈਰਖਾ, ਜਾਤ-ਅਭਿਮਾਨ ਦਾ ਹੰਕਾਰ, ਸਮਾਜ ਵਿਚ ਆਪਾ-ਧਾਪੀ ਦਾ ਲਾਲਚ ਗੱਲ ਕੀ ਪਰਜਾ ਦਾ ਗਿਆਨ ਹੀਣ ਹੋ ਕੇ ਆਪਣੇ ਹੱਕਾਂ ਨੂੰ ਭੁੱਲ ਚੁੱਕੀ ਸੀ।

ਗੁਰੂ ਅਰਜਨ ਪਾਤਸ਼ਾਹ ਜੀ ਨੇ ਸੰਸਾਰ ਰੂਪੀ ਸਮੁੰਦਰ ਵਿਚੋਂ ਤਰਨ ਲਈ ਸੱਚੇ ਮਾਰਗ 'ਤੇ ਤੁਰਨ ਲਈ ਮਨੁੱਖਾਂ 'ਤੇ ਟੇਕ ਰੱਖਣ ਦੀ ਜ਼ਰੂਰਤ ਨੂੰ ਨਿਕਾਰਦਿਆਂ ਖ਼ੁਦ ਨੂੰ ਆਪਣੀ ਤਿਆਰੀ ਆਪ ਕਰਨ ਚਾਹੀਦੀ ਦਾ ਵਲ਼ ਸਮਝਾਇਆ ਹੈ—

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥
ਦੇਵਨ ਕਉ ਏਕੈ ਭਗਵਾਨੁ॥ (281)

ਸੰਸਾਰ ਰੂਪੀ ਸਮੁੰਦਰ ਦੇ ਬੇੜੇ ਨੂੰ ਤਿਆਰ ਕਰਨ ਲਈ ਸੱਚ ਦੇ ਮਾਰਗ ਨੂੰ ਪਹਿਲ ਦਿੱਤੀ ਹੈ—

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ (136)

ਪਿਤਾ ਗੁਰੂ ਰਾਮਦਾਸ ਜੀ ਤੇ ਨਾਨਾ ਗੁਰੂ ਅਮਰਦਾਸ ਜੀ ਦੇ ਤਜਰਬੇ ਵਾਲੀਆਂ ਸਾਰੀਆਂ ਖੂਬੀਆਂ ਬਾਲਕ ਅਰਜਨ ਨੂੰ ਬਚਪਨ ਵਿਚ ਹੀ ਹਾਸਲ ਹੋ ਗਈਆਂ ਸਨ। ਸਭ ਤੋਂ ਪਹਿਲੀ ਗੱਲ ਕਿ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਘਰ ਵਿਚੋਂ ਵਿਦਿਆ ਦਾ ਪੂਰਾ ਮਾਹੌਲ ਮਿਲਿਆ ਜਿਸ ਸਦਕਾ ਉਨ੍ਹਾਂ ਨੇ ਤਮਾਮ ਭਗਤਾਂ ਦੀ ਬਾਣੀ ਤੇ ਹੋਰ ਧਰਮਾਂ ਦੇ ਧਾਰਮਿਕ ਗ੍ਰੰਥਾਂ ਅਧਿਐਨ, ਰਾਜਨੀਤੀ ਦੀਆਂ ਗੁੰਝਲਾਂ ਤੇ ਇੰਤਜ਼ਾਮ ਵਰਗੀਆਂ ਹਕੀਕਤਾਂ ਨੂੰ ਪੂਰੀ ਤਰ੍ਹਾਂ ਸਮਝਿਆ। ਭਾਰਤ ਵਿਚ ਇਸਲਾਮੀ ਰਾਜ ਹੋਣ ਕਰਕੇ ਇਸਲਾਮ ਦੇ ਧਾਰਮਿਕ ਆਗੂਆਂ ਦੀ ਸਰਕਾਰੇ ਦਰਬਾਰੇ ਪੂਰੀ ਪੁੱਛ ਪ੍ਰਤੀਤ ਹੁੰਦੀ ਸੀ। ਇਸਲਾਮ ਧਰਮ ਦੇ ਧਾਰਮਿਕ ਆਗੂਆਂ ਦੇ ਨਾਲ ਨਾਲ ਭਾਰਤੀ ਪੁਜਾਰੀ ਵੀ ਆਪਣੀ ਥਾਂ 'ਤੇ ਪੂਰੀ ਤਰ੍ਹਾਂ ਲੋਕਾਂ ਨੂੰ ਕਰਮ ਕਾਂਡ ਵਿਚ ਉਲਝਾਅ ਕੇ ਰੱਖਿਆ ਹੋਇਆ ਸੀ। ਏਦਾਂ ਵੀ ਸਮਝਿਆ ਜਾ ਸਕਦਾ ਹੈ ਕਿ ਧਰਮ ਦੀਆਂ ਤਿੰਨ ਇਕਾਈਆਂ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁਕੀਆਂ ਸਨ---

ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (662)

ਰਾਜਸੀ ਜ਼ੁਲਮ ਦੀ ਇੰਤਾਹ, ਧਾਰਮਿਕ ਕੱਟੜਤਾ, ਵਹਿਮ ਭਰਮ, ਸਮਾਜਿਕ ਜੀਵਨ ਵਿਚ ਊਚ-ਨੀਚ, ਜਾਤ ਬ੍ਰਾਦਰੀ ਦੇ ਡੂੰਘੇ ਸਮੁੰਦਰ ਵਿਚ ਡੁੱਬਿਆ ਹੋਇਆ ਸੀ। ਭੱਟ ਮਥਰਾ ਜੀ ਗੁਰੂ ਅਰਜਨ ਪਾਤਸ਼ਾਹ ਸਬੰਧੀ ਫੁਰਮਾਉਂਦੇ ਹਨ ਕਿ ਇਹਨਾਂ ਨੇ ਹਰ ਖੇਤਰ ਦੇ ਅੰਧਕਾਰ ਵਿਚ ਡੁੱਬ ਰਹੇ ਸੰਸਾਰ ਨੂੰ ਸਤਿ, ਸੰਤੋਖ, ਸਹਿਜ ਤੇ ਵਿਚਾਰ ਦਾ ਬੇੜਾ ਤਿਆਰ ਕਰਕੇ ਤਰਨ ਦੀ ਜਾਚ ਸਿਖਾਈ ਹੈ-

ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ॥ ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ॥ ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ॥ ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥ ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ॥ ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ॥ (1408)

ਅਰਥ: (ਗੁਰੂ ਅਰਜੁਨ ਦੇਵ ਜੀ ਨੇ) ਸਤ ਸੰਤੋਖ ਹਿਰਦੇ ਵਿਚ ਧਾਰਨ ਕੀਤਾ ਹੈ, ਤੇ ਉਸ ਹਰੀ ਨੂੰ ਆਪਣੇ ਅੰਦਰ ਟਿਕਾਇਆ ਹੈ ਜਿਸ ਦਾ ਰੂਪ ਸਤਿ ਹੈ ਤੇ ਨਾਮ ਸਦਾ-ਥਿਰ ਹੈ। ਪਰਤੱਖ ਤੌਰ ਤੇ ਅਕਾਲ ਪੁਰਖ ਨੇ ਧੁਰੋਂ ਹੀ ਆਪ ਦੇ ਮੱਥੇ ਤੇ ਲੇਖ ਲਿਖਿਆ ਹੈ।

(ਆਪ ਦੇ ਅੰਦਰ) ਪ੍ਰਗਟ ਤੌਰ ਤੇ (ਹਰੀ ਦੀ) ਜੋਤਿ ਜਗਮਗ ਜਗਮਗ ਕਰ ਰਹੀ ਹੈ, (ਆਪ ਦਾ) ਤੇਜ ਧਰਤੀ ਉਤੇ ਛਾਇਆ ਹੋਇਆ ਹੈ। ਪਾਰਸ (ਗੁਰੂ) ਨੂੰ ਤੇ ਪਰਸਣ-ਜੋਗ (ਗੁਰੂ) ਨੂੰ ਛੂਹ ਕੇ (ਆਪ) ਗੁਰੂ ਤੋਂ ਗੁਰੂ ਅਖਵਾਏ।

ਹੇ ਮਥੁਰਾ! ਆਖ (ਗੁਰੂ ਅਰਜੁਨ ਦੇਵ ਜੀ ਦੇ) ਸਰੂਪ ਵਿਚ ਮਨ ਭਲੀ ਪ੍ਰਕਾਰ ਜੋੜ ਕੇ ਸਨਮੁਖ ਰਹੋ। ਗੁਰੂ ਅਰਜੁਨ ਕਲਜੁਗ ਵਿਚ ਜਹਾਜ਼ ਹੈ। ਹੇ ਦੁਨੀਆ ਦੇ ਲੋਕੋ! ਉਸ ਦੀ ਚਰਨੀਂ ਲੱਗ ਕੇ (ਸੰਸਾਰ-ਸਾਗਰ) ਤੋਂ ਸਹੀ ਸਲਾਮਤ ਪਾਰ ਲੰਘੋ।

ਰਾਜਨੀਤਿਕ ਸਮੁੰਦਰ ਦੀਆਂ ਛੱਲਾਂ—

ਸਮੁੱਚੇ ਤੌਰ 'ਤੇ ਦੇਖਣਾ ਹੋਵੇ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਇਕ ਆਦਰਸ਼ ਸਮਾਜ ਦੀ ਨੀਂਹ ਰੱਖੀ ਹੈ ਜਿਸ ਵਿਚ ਹਰ ਇਨਸਾਨ ਨੂੰ ਸਚਿਆਰ ਬਣ ਕੇ ਜੀਵਨ ਜਿਉਣ ਦੀ ਜਾਚ ਸਿਖਾਈ ਹੈ। ਇਸ ਦੇ ਉਲਟ ਜਦੋਂ ਲੋਕਾਂ ਨੂੰ ਤਾਕਤ ਮਿਲ ਜਾਂਦੀ ਹੈ ਤਾਂ ਤਾਕਤ ਵਿਚ ਅੰਨ੍ਹੇ ਹੋ ਕੇ ਵਿਚਰਦੇ ਹਨ। ਰਾਜਸੀ ਤਾਕਤ ਹਾਸਲ ਕਰਨ ਵਾਲਾ ਹਮੇਸ਼ਾਂ ਇਸ ਸੋਚ ਵਿਚ ਲੱਗਿਆ ਰਹਿੰਦਾ ਹੈ ਕਿ ਮੈਨੂੰ ਕੋਈ ਚੁਨੌਤੀ ਦੇਣ ਵਾਲਾ ਨਾ ਹੋਵੇ। ਦੂਸਰਾ ਬਹੁਤ ਥੋੜੇ ਰਾਜੇ ਹੁੰਦੇ ਹਨ ਜਿਹੜੇ ਆਪਣੇ ਦਿਮਾਗ ਤੋਂ ਕੰਮ ਲੈਂਦੇ ਹਨ ਵਰਨਾ

ਜ਼ਿਆਦਾਤਰ ਆਪਣਿਆਂ ਕੰਨਾਂ ਤੋਂ ਹੀ ਕੰਮ ਲੈਂਦੇ ਹਨ। ਭਾਵ ਚੁਗਲੀ ਦੇ ਅਧਾਰਤ ਹੀ ਫੈਸਲੇ ਕਰਦੇ ਨਜ਼ਰ ਆਉਂਦੇ ਹਨ। ਗੁਰੂ ਅਰਜਨ ਪਾਤਸ਼ਾਹ ਦੇ ਸਮੇਂ ਵੀ ਜਹਾਂਗੀਰ ਬਾਦਸ਼ਾਹ ਕੱਟੜ ਧਾਰਮਿਕ ਆਗੂਆਂ ਦੇ ਪ੍ਰਭਾਵ ਨੂੰ ਕਬੂਲ ਕੇ ਚੱਲਦਾ ਸੀ। ਜਹਾਂਗੀਰ ਨੇ ਸ਼ੇਖ ਅਹਿਮਦ ਸਰਹੰਦੀ ਵਰਗੇ ਕੱਟੜ ਤੇ ਸ਼ਰਈ ਲੋਕਾਂ ਦੇ ਪ੍ਰਭਾਵ ਨੂੰ ਕਬੂਲਿਆ ਹੋਇਆ ਸੀ। ਇਸ ਲਈ ਉਸ ਦੀ ਮਨ ਕਲਪਨਾ ਸੀ ਕਿ ਗੁਰੂ ਨਾਨਕ ਸਾਹਿਬ ਵਲੋਂ ਚਲਾਏ ਧਰਮ ਨੂੰ ਖਤਮ ਕਰਨਾ ਹੈ।

ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਬਹੁਤ ਸਰਲ ਤੇ ਸਿੱਧੀ ਸਾਧੀ ਹੋਣ ਕਰਕੇ ਆਮ ਲੋਕ ਸਿੱਖੀ ਵਿਚ ਸ਼ਾਮਿਲ ਹੋ ਰਹੇ ਸਨ। ਸ਼ਰਈ ਆਗੂ ਤੇ ਸਮੇਂ ਦੇ ਹਾਕਮ ਜਹਾਂਗੀਰ ਨੂੰ ਅਜੇਹਾ ਕੁਝ ਪ੍ਰਵਾਨ ਨਹੀਂ ਸੀ। ਸਮੇਂ ਦੇ ਹਾਕਮਾਂ ਨੇ ਲੋਕ ਭਲਾਈ ਦੇ ਕੰਮ ਛੱਡ ਕੇ ਆਪਣੇ ਰਾਜ ਨੂੰ ਪੱਕਿਆਂ ਕਰਨ ਲਈ ਹੌਛੀ ਰਾਜਨੀਤੀ 'ਤੇ ਉੱਤਰ ਆਏ ਸਨ। ਅਜੇਹੀ ਹਫੜਾ ਦਫੜੀ ਵਿਚ ਰਾਜਨੀਤੀ ਡੂੰਘਾ ਸਮੁੰਦਰ ਬਣ ਗਈ। ਅਜੇਹੀ ਰਾਜਸੀ ਅਸਿੱਥਰਤਾ ਵਿਚ ਗੁਰੂ ਅਰਜਨ ਪਾਤਸ਼ਾਹ ਜੀ ਨੇ ਸ਼ਹਾਦਤ ਦੇ ਕੇ ਤਰਨ ਦੀ ਜਾਚ ਸਿਖਾਈ ਹੈ। ਰਾਜਨੀਤਿਕ ਸਮੁੰਦਰ ਦੀ ਦਲਦਲ ਵਿਚ ਗੈਰ ਕੁਦਰਤੀ ਫੈਸਲੇ ਹੁੰਦੇ ਹਨ। ਇਹ ਉਹ ਸਮਾਂ ਸੀ ਜਦੋਂ ਸ਼ਰਈ ਧਾਰਮਿਕ ਆਗੂ ਹਾਕਮਾਂ ਨੂੰ ਕਹਿ ਕੇ ਆਮ ਲੋਕਾਂ ਨੂੰ ਮੁਸਲਮਾਨ ਬਣਾਉਣ ਦਾ ਪੂਰਾ ਜ਼ੋਰ ਲਗਾ ਰਹੇ ਸਨ। ਗੈਰ-ਮੁਸਲਮਾਨਾਂ ਤੇ ਵਾਧੂ ਟੈਕਸ ਲੱਗਿਆ ਹੋਇਆ ਸੀ। ਨੌਕਰੀਆਂ ਵੀ ਸਮਝੌਤੇ ਤਹਿਤ ਹੀ ਦਿੱਤੀਆਂ ਜਾਂਦੀਆਂ ਸਨ। ਸਭ ਤੋਂ ਅਹਿਮ ਗੱਲ ਕੇ ਜੇ ਤਾਂ ਹਾਕਮਾਂ ਨਾਲ ਸਮਝੌਤਾ ਕੀਤਾ ਜਾਂਦਾ ਸੀ ਤਾਂ ਦੁਨੀਆਂ ਦੇ ਸੁੱਖ ਅਰਾਮ ਵੀ ਸਾਰੇ ਹਾਜ਼ਰ ਹੁੰਦੇ ਸਨ। ਇਸ ਰਾਜਨੀਤੀ ਦੀ ਸ਼ਤਰੰਜ ਵਿਚ ਸਮਝੌਤਾ ਕਰਕੇ ਹੀ ਬਾਜ਼ੀ ਜਿੱਤੀ ਜਾ ਸਕਦੀ ਸੀ।ਗੁਰੂ ਅਰਜਨ ਪਾਤਸ਼ਾਹ ਜੀ ਨੇ ਨਿਵੇਕਲੀ ਪੈੜ ਕਾਇਮ ਕਰਦਿਆਂ ਰਾਜਸੀ ਹਾਕਮਾਂ ਦੇ ਸਾਹਮਣੇ ਉਹਨਾਂ ਦਾ ਅਸਲੀ ਚਿਹਰਾ ਦਿਖਾਇਆ ਹੈ—

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥ ਵਿਚਿ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ (145)

ਧਾਰਮਿਕ ਕੱਟੜਤਾ ਦਾ ਸਮੁੰਦਰ

ਜਿੱਥੇ ਇਸਲਾਮੀ ਰਾਜ ਵਿਚ ਧਾਰਮਿਕ ਆਗੂਆਂ ਦੀ ਪੂਰੀ ਸ਼ਮੂਲੀਅਤ ਨਜ਼ਰ ਆਉਂਦੀ ਹੈ ਓੱਥੇ ਹਿੰਦੂ ਧਰਮ ਦੇ ਆਗੂ ਵੀ ਆਪਣੇ ਵਲੋਂ ਕੋਈ ਵੇਲਾ ਖੁੰਝਣ ਨਹੀਂ ਦੇਂਦੇ। ਜਦੋਂ ਵੀ ਮੌਕਾ ਮਿਲਦਾ ਹੈ ਓਸੇ ਵੇਲੇ ਰਾਜ ਦਰਬਾਰ ਵਿਚ ਆਪਣੀ ਸ਼ਕਾਇਤ ਦਰਜ਼ ਕਰਾਉਣ ਤੋਂ ਭੋਰਾ ਵੀ ਝਿਜਕ ਮਹਿਸੂਸ ਨਹੀਂ ਕਰਦੇ ਸਨ। ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੇ ਧਾਰਮਿਕ ਕਟੱੜਤਾ ਤੇ ਉਸ ਵਿਚਲੇ ਕਰਮ ਕਾਂਡਾ ਨੂੰ ਮੁੱਢੋਂ ਨਿਕਾਰਿਆ ਸੀ। ਬ੍ਰਾਹਮਣੀ ਵਿਚਾਰਧਾਰਾ ਇਸ ਨੂੰ ਆਪਣੇ ਲਈ ਖਤਰਾ ਸਮਝਦੀ ਸੀ। ਦੂਸਰਾ ਹਿੰਦੂ ਆਗੂ ਦੋਹਰੀ ਨੀਤੀ ਨਾਲ ਚਲ ਰਹੇ ਸਨ। ਸਰਕਾਰ ਕੋਲੋਂ ਲਾਭ ਲੈਣ ਲਈ ਰਾਜ ਦਰਬਾਰ ਵਿਚ ਹਾਕਮਾਂ ਨਾਲ ਰਲ਼ ਕੇ ਚਲਦੇ ਸਨ ਪਰ ਆਮ ਲੋਕਾਂ ਨੂੰ ਕਹਿੰਦੇ ਸਨ ਕਿ ਤੁਹਾਡੇ ਪਰਛਾਵੇਂ ਨਾਲ ਸਾਡਾ ਚੌਂਕਾ ਭਿੱਟਿਆ ਗਿਆ ਹੈ। ਐਸੀ ਦੁਬਿਧਾ ਵਾਲੀ ਮਾਨਸਿਕਤਾ ਦੇ ਸਬੰਧ ਵਿਚ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ—

ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨਾ ਭਿ ਆਵਹਿ ਓਈ ਸਾਦ॥ ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰ॥ ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥ ਮਥੈ ਟਿਕਾ ਤੇੜਿ ਧੋਤੀ ਕਖਾਈ॥ਹਥਿ ਛੁਰੀ ਜਗਤ ਕਾਸਾਈ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥ ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥ ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥ ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥ ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥ ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥ (471-72)

ਧਾਰਮਿਕ ਕਟੱੜਤਾ ਦਾ ਡੂੰਘਾ ਸਮੁੰਦਰ ਬਣ ਚੁਕਿਆ ਸੀ।

ਜਾਤ ਅਭਿਮਾਨੀਆਂ ਦਾ ਸਮੁੰਦਰ

ਭਾਰਤ ਵਿਚ ਜਾਤ ਪ੍ਰਥਾ ਤਾਂ ਮੁੱਢ ਤੋਂ ਹੀ ਚਲੀ ਆ ਰਹੀ ਸੀ। ਬ੍ਰਾਹਮਣ ਭਾਊ ਨੇ ਮਨੁੱਖਤਾ ਦੀਆਂ ਚਾਰ ਲੀਰਾਂ ਕੀਤੀਆਂ ਹੋਈਆਂ ਸਨ। ਆਪ ਤਾਂ ਸਰਬ-ਸ੍ਰੇਸ਼ਠ ਬਣ ਬੈਠਾ ਬਾਕੀਆਂ ਨੂੰ ਆਪਣੀ ਸੇਵਾ ਵਿਚ ਲਗਾ ਲਿਆ। ਜਾਤ ਦੇ ਸਮੁੰਦਰ ਵਿਚ ਗਰੀਬੀ ਨਾਲ ਝੰਭੇ ਹੋਏ ਲੋਕ ਗੋਤੇ ਖਾ ਰਹੇ ਸਨ। ਨਕਸ਼ਬੰਦੀਆਂ, ਬੀਰਬਲ ਵਲੋਂ ਤਿਆਰ ਕੀਤਾ ਤਾਣਾ ਬਾਣਾ, ਘਰੇਲੂ ਕਲੇਸ਼ ਜੋ ਪ੍ਰਿਥੀ ਚੰਦ ਵਲੋਂ ਰਚਿਆ ਹੋਇਆ ਸੀ ਅਤੇ ਆਰਥਿਕਤਾ ਵਰਗੇ ਡੂੰਘੇ ਮੁੱਦੇ ਸਮੁੰਦਰ ਬਣੇ ਹੋਏ ਸਨ ਜਿਸ ਵਿਚ ਲੋਕਾਂ ਨੂੰ ਤਰਨ ਦੀ ਜਾਚ ਗੁਰੂ ਅਰਜਨ ਪਾਤਸ਼ਾਹ ਜੀ ਨੇ ਸਿਖਾਈ—

ਰਾਜਨੀਤਿਕ, ਸਮਾਜਿਕ, ਧਾਰਮਿਕ, ਜਾਤ-ਅਭਿਮਾਨ ਤੇ ਆਰਥਿਕ ਪੱਖ ਵਿਚੋਂ ਉਭਾਰਨ ਲਈ ਗੁਰੂ ਅਰਜਨ ਪਾਤਸ਼ਾਹ ਜੀ ਨੇ ਜਿਹੜਾ ਜਹਾਜ਼ ਬਣਾਇਆ ਉਸ ਬੇੜੇ ਵਿਚ ਬੈਠ ਕੇ ਸੰਸਾਰ ਦੀ ਬਰੀਕਿਆਂ ਨੂੰ ਸਮਝ ਕੇ ਤਰਿਆ ਜਾ ਸਕਦਾ ਹੈ। ਸੰਸਾਰ ਨੂੰ ਤਰਨ ਦੀ ਜਾਚ ਸਿਖਾਉਣ ਲਈ ਗੁਰੂ ਅਰਜਨ ਪਾਤਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਜਿਹਾ ਬੇੜਾ ਤਿਆਰ ਕੀਤਾ ਜਿਸ ਨੂੰ ਪੜ੍ਹ, ਸੁਣ-ਵਿਚਾਰ ਕੇ ਅਮਲ ਕੀਤਿਆਂ ਸੰਸਾਰ ਰੂਪੀ ਸਮੁੰਦਰ ਵਿਚ ਤਰਿਆ ਜਾ ਸਕਦਾ ਹੈ।

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥ (1429)

ਸੰਸਾਰ ਰੂਪੀ ਸਮੁੰਦਰ ਵਿਚੋਂ ਤਰਨ ਲਈ ਗੁਰਦੇਵ ਪਿਤਾ ਨੇ ਰਸਤਾ ਨਿਰਧਾਰਤ ਕਰਦੇ ਹਨ—

ਉਸਤਤਿ ਮਨ ਮਹਿ ਕਰਿ ਨਿਰੰਕਾਰ॥ ਕਰਿ ਮਨ ਮੇਰੇ ਸਤਿ ਬਿਉਹਾਰ॥ (281)

ਸੱਤ ਦਾ ਵਿਹਾਰ ਛੱਡ ਕੇ ਗੈਰ ਕੁਦਰਤੀ ਸਮਝੋਤਾ ਕਰਨ ਵਾਲੇ ਚੰਗੇ ਸਮਾਜ ਦੀ ਸਿਰਜਨਾ ਨਹੀਂ ਕਰ ਸਕਦੇ। ਅਜਿਹੇ ਮਨੁੱਖ ਆਪਣੀ ਇੱਜ਼ਤ ਗਵਾ ਕੇ ਚਲੇ ਜਾਂਦੇ ਹਨ ਜਿਹਾ ਕਿ---

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥ ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥ ਰਾਜਿ ਰੰਗੁ ਮਾਲਿ ਰੰਗੁ॥ ਰੰਗਿ ਰਤਾ ਨਚੈ ਨੰਗੁ॥ ਨਾਨਕ ਠਗਿਆ ਮੁਠਾ ਜਾਇ॥ ਵਿਣੁ ਨਾਵੈ ਪਤਿ ਗਇਆ ਗਵਾਇ॥(142)

ਗੁਰੂ ਅਰਜਨ ਪਾਤਸ਼ਾਹ ਜੀ ਤੱਤ ਦੀ ਗੱਲ ਸਮਝਾਉਂਦੇ ਹਨ ਫੁਰਮਾਉਂਦੇ ਹਨ ਕਿ ਸੱਚ ਰੂਪੀ ਧੁਰੇ ਨਾਲ ਜੁੜਿਆਂ ਹੋਇਆ ਮਨੁੱਖ ਹੀ ਸੰਸਾਰ ਰੂਪੀ ਸਮੁੰਦਰ ਵਿਚੋਂ ਤਰ ਸਕਦਾ ਹੈ ਤੇ ਸੱਚ ਨਾਲੋਂ ਟੁਟਿਆ ਹੋਇਆ ਅੱਕ ਦੀ ਖੱਖੜੀ ਵਾਰ ਤੂੰਬਾ ਤੂੰਬਾ ਹੋ ਕੇ ਹਵਾ ਵਿਚ ਉੱਡਦਾ ਰਹਿੰਦਾ ਹੈ—

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥ ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥ (319)

ਜ਼ਿੰਦਗੀ ਦੀ ਸਫਲਤਾ ਦਾ ਰਾਜ ਸਮਝਾਉਂਦਿਆਂ ਗੁਰਦੇਵ ਪਿਤਾ ਜੀ ਫੁਰਮਾਉਂਦੇ ਹਨ—

ਨਾਨਕ ਆਏ ਸੇ ਪਰਵਾਣੁ ਹੈ ਜਿਨ ਹਰਿ ਵੁਠਾ ਚਿਤਿ॥ ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ॥ (320)

ਗੁਰੂ ਅਰਜਨ ਪਾਤਸ਼ਾਹ ਜੀ ਨੇ ਮਨੁੱਖਤਾ ਦੇ ਭਲੇ ਲਈ ਸ਼ਹਿਰਾਂ ਦਾ ਨਿਰਮਾਣ ਕਰਾਇਆ, ਲੋਕਾਂ ਦੀ ਆਰਥਿਕਤਾ ਵਿਚ ਵਾਧਾ ਕਰਨ ਤੇ ਕਿਰਸਾਨੀ ਨੂੰ ਸੰਭਾਲਣ ਲਈ ਖੂਹ ਲਵਾ ਕੇ ਦਿੱਤੇ। ਲਾਹੌਰ ਦੇ ਇਲਾਕੇ ਵਿਚ ਬਿਮਾਰੀ ਅਤੇ ਭੁੱਖਮਰੀ ਵਿਚ ਮਨੁੱਖਤਾ ਦੀ ਦਵਾ ਦਾਰੂ ਨਾਲ ਸੰਭਾਲ ਕਰਦਿਆਂ ਸਮਾਜੀ ਸੇਵਾ ਦੀ ਨਿਵੇਕਲੀ ਮਿਸਾਲ ਕਾਇਮ ਕੀਤੀ ਤੇ ਏਸੇ ਨੂੰ ਰੱਬ ਦੀ ਪ੍ਰਾਪਤੀ ਦੱਸੀ ਹੈ---

ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ (286)

ਗੁਰੂ ਅਰਜਨ ਪਾਤਸ਼ਾਹ ਜੀ ਉਹ ਜਹਾਜ ਹਨ ਜਿਨ੍ਹਾਂ ਨੇ ਆਪਣੀ ਕੁਰਬਾਨੀ ਦੇ ਕੇ ਸੰਸਾਰ ਵਿਚੋਂ ਤਰਨ ਦੀ ਜਾਚ ਸਿਖਾਈ ਹੈ। -0-

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ:

ਅਨੰਦੁ ਸਾਹਿਬ ਦੀ ਵਿਆਖਿਆ

ਪਉੜੀ 40– ਵਾਹਿਗੁਰੂ ਅਮੁਲ

1. ਅਨਦੁ ਸੁਣਹੁ ਵਡਭਾਗੀਹੋ
ਸਗਲ ਮਨੋਰਥ ਪੂਰੇ ॥
2. ਪਾਰਬ੍ਰਹਮੁ ਪ੍ਰਭੁ ਪਾਇਆ
ਉਤਰੇ ਸਗਲ ਵਿਸੂਰੇ ॥
3. ਦੂਖ ਰੋਗ ਸੰਤਾਪ ਉਤਰੇ
ਸੁਣੀ ਸਚੀ ਬਾਣੀ ॥
4. ਸੰਤ ਸਾਜਨ ਭਏ ਸਰਸੇ
ਪੂਰੇ ਗੁਰ ਤੇ ਜਾਣੀ ॥
5. ਸੁਣਤੇ ਪੁਨੀਤ ਕਹਤੇ ਪਵਿਤੁ
ਸਤਿਗੁਰੁ ਰਹਿਆ ਭਰਪੂਰੇ ॥
6. ਬਿਨਵੰਤਿ ਨਾਨਕੁ ਗੁਰ ਚਰਣ ਲਾਗੇ
ਵਾਜੇ ਅਨਹਦ ਤੂਰੇ॥

ਸ਼ੁੱਧ ਉਚਾਰਣ ਤੇ ਪਦ–ਅਰਥ :

ਅਨਦੁ – ਅਨੰਦ (ਨੋਟ–ਏਥੇ ਪਾਠ 'ਅਨੰਦੁ' ਨਹੀਂ ,'ਅਨਦੁ' ਹੀ ਕਰਨਾ ਹੈ। ਅਨੰਦ ਨਾਲ ਅੱਧੀ ਮਾਤਰਾ ਵੱਧ ਜਾਂਦੀ ਹੈ। ਵੇਖੋ, ਸਤਿਗੁਰਾਂ ਨੇ ਛੰਦ ਦੀ ਚਾਲ ਤੇ ਰਵਾਨੀ ਦਾ ਕਿਤਨਾ ਖਿਆਲ ਰਖਿਆ ਹੈ। ਏਸੇ ਤਰ੍ਹਾਂ, ਕਈ ਥਾਈਂ 'ਗੋਪਾਲ' ਪਦ ਨੂੰ 'ਗੋਪਾਲ' ਕਰਕੇ ਅੰਕਿਤ ਕੀਤਾ ਹੈ। ਇਉਂ ਲਿਖ ਕੇ ਇਸ ਦਾ ਹੋੜੇ ਵਾਲਾ ਅਸਲ ਰੂਪ ਵੀ ਕਾਇਮ ਰਖਿਆ ਹੈ; ਪਰੰਤੂ ਹੇਠਾਂ 'ਔਂਕੜ' ਪਾ ਕੇ ਇਹ ਸੇਧ ਵੀ ਦਿਤੀ ਹੈ ਕਿ ਏਥੇ ਇਸ ਦਾ ਉਚਾ ਰਣ 'ਗੁਪਾਲਾ' ਕਰਨਾ ਹੈ। ਹੋੜੇ ਦੀਆਂ ਦੋ ਮਾਤ੍ਰਾਂ ਹੁੰਦੀਆਂ ਹਨ ਅਤੇ ਔਂਕੜ ਦੀ ਇਕ। ਜਿਹੜੇ ਸੱਜਣ ਮੂਲ ਗੁਰਬਾਣੀ ਵਿੱਚ ਦੋ ਕੁ ਸੌ ਵੇਰ ਆਏ ਪਦਾਂ–ਮਹਲ, ਮਹਲੇ, ਮਹਲੀ, ਮਹਲਾ ਉਪਰ ਅੱਧਕ ਦੀ ਅਸ਼ੁੱਧ ਵਰਤੋਂ ਕਰਕੇ ਇਕ ਮਾਤ੍ਰਾ ਦਾ ਫਰਕ ਪਾ ਦੇਂਦੇ ਹਨ, ਉਹ ਗੁਰਬਾਣੀ ਦੀ ਛੰਦ ਦੀਆਂ ਮਾਤਰਾਂ ਤੇ ਚਾਲ ਇਨਸਾਫ ਨਹੀਂ ਕਰਦੇ। ਜਾਣ ਬੁਝ ਕੇ, ਹੱਠ–ਅਧੀਨ, ਅਜਿਹਾ ਕਰਕੇ ਉਹ ਗੁਰਬਾਣੀ ਤੇ ਸਤਿਗੁਰੂ ਦਾ ਅਨਾਦਰ ਤੇ ਅਵੱਗਿਆ ਕਰਦੇ ਹਨ।

ਵਿਸੂਰੇ – ਝੋਰੇ, ਡੋਬ।

ਸੰਤਾਪ – ਦੁਖ, ਕਲੇਸ਼।

ਸਰਸੇ – ਰੱਸ–ਗੁੱਧੇ, ਅਨੰਦ–ਭਰਪੂਰ।

ਅਨਹਦ – ਇਕ–ਰਸ, ਨਿਰੰਤਰ।

ਤੂਰੇ – ਵਾਜੇ

ਅਰਥ: 1. ਤੀਜੇ ਗੁਰੂ ਦੇਵ ਆਪਣੇ ਪਰਥਾਇ ਗੱਲ ਕਰਕੇ ਸੰਸਾਰਕ ਲੋਕਾਂ ਨੂੰ ਸਦੀਵੀ ਸੇਧ ਤੇ ਸਿਖਿਆ ਦਿੰਦੇ ਹਨ ਕਿ ਹੇ ਵੱਡੇ ਭਾਗਾਂ ਵਾਲੇ ਲੋਕੋ , ਸੁਣੋ, ਆਤਮਿਕ ਅਨੰਦ ਦੀ ਪ੍ਰਾਪਤੀ ਨਾਲ ਸਾਡੇ ਸਾਰੇ ਮਨੋਰਥ ਪੂਰੇ ਹੋ ਗਏ ਹਨ।

2. ਅਸਾਂ ਪਾਰਬ੍ਰਹਮ ਪ੍ਰਮੇਸ਼ਰ ਨੂੰ ਪਾਇਆ ਹੈ, ਜਿਸ ਨਾਲ ਸਾਡੇ ਝੋਰੇ ਸਮਾਪਤ ਹੋ ਗਏ ਹਨ।

3. ਅਕਾਲ ਪੁਰਖ ਵਾਹਿਗੁਰੂ ਦੀ ਸਿਫਤ–ਸਾਲਾਹ–ਭਰਪੂਰ ਸੱਚੀ ਬਾਣੀ ਸਰਵਣ ਕਰਕੇ ਸਾਰੇ ਮਾਨਸਿਕ ਰੋਗਾਂ ਤੇ ਕਲੇਸ਼ਾਂ ਦਾ ਨਾਸ਼ ਹੋ ਗਿਆ ਹੈ।

4. ਜਿਹੜੇ ਮਨੁੱਖ ਪੂਰਨ ਗੁਰੂ ਤੋਂ ਐਸੀ ਸੁਖਦਾਈ ਤੇ ਸੱਚੀ ਬਾਣੀ ਨੂੰ ਜਾਣ ਲੈਂਦੇ ਹਨ – ਹਿਰਦੇ ਵਿਚ ਵਸਾ ਲੈਂਦੇ ਹਨ – ਉਹ ਸਦ–ਖੇੜੇ ਤੇ ਅਮਰ ਆਤਮਿਕ ਅਨੰਦ ਨੂੰ ਮਾਣਦੇ ਹਨ।

5. ਸਦੀਵੀ ਆਤਮਿਕ ਅਨੰਦ ਦੇਣ ਵਾਲੀ ਇਸ ਬਾਣੀ ਨੂੰ ਜਿਹੜੇ ਸੁਣਦੇ ਜਾਂ ਉਚਾਰਦੇ ਹਨ, ਉਹ ਸਾਰੇ ਹੀ ਪਵਿੱਤਰ ਹੋ ਜਾਂਦੇ ਹਨ। ਉਹਨਾਂ ਨੂੰ ਪਰਤੱਖ ਤੌਰ ਉਤੇ ਹਰ ਪਾਸੇ ਹਰੀ ਤਥਾ ਸਤਿਗੁਰੂ ਦਿਖਾਈ ਦੇਂਦਾ ਹੈ।

6. (ਗੁਰੂ) ਨਾਨਕ ਬੇਨਤੀ ਕਰਦਾ ਹੈ ਕਿ ਜੋ ਲੋਕ ਸਤਿਗੁਰੂ ਦੇ ਚਰਣੀ ਲਗਦੇ (ਗੁਰ–ਉਪਦੇਸ਼ ਕਮਾਉਂਦੇ) ਹਨ, ਉਹਨਾਂ ਦੇ ਅੰਦਰ ਇਕ, ਇਕ–ਰਸ ਵਾਜੇ ਵੱਜਣ ਤੋਂ ਉਤਪਨ ਹੋਣ ਵਾਲਾ ਅਨੰਦ ਪ੍ਰਤੀਤ ਹੁੰਦਾ ਹੈ ; ਉਹ ਨਿਰੰਤਰ,ਇਕ ਅਕਹਿ ਆਤਮਿਕ ਅਨੰਦ ਮਾਣਦੇ ਹਨ।

ਵਿਆਖਿਆ :

ਅਨੰਦ ਬਾਣੀ ਦੀ ਇਸ ਅੰਤਮ ਪਉੜੀ ਵਿਚ ਸਤਿਗੁਰੂ ਜੀ, ਇਕ ਵਾਰ ਫੇਰ, ਇਸ ਨੁਕਤੇ ਉਤੇ ਜ਼ੋਰ ਦਿੰਦੇ ਹਨ ਕਿ ਆਤਮਿਕ ਅਨੰਦ ਹੀ ਮਨੁੱਖੀ ਜੀਵਨ ਦਾ ਟੀਚਾ ਹੈ; ਅਤੇ ਉਹ ਪ੍ਰਾਪਤ ਹੁੰਦਾ ਹੈ – ਈਸ਼ਵਰ ਦੇ ਮਿਲਾਪ ਨਾਲ। ਜਦ ਤਕ ਸਰਬ–ਸੁਖ ਦਾਤਾ ਵਾਹਿਗੁਰੂ ਮਨੁੱਖ ਦੇ ਹਿਰਦੇ–ਘਰ ਵਿਚ ਪੱਕੇ ਤੌਰ ਉਤੇ ਬਸੇਰਾ ਨਹੀਂ ਕਰ ਲੈਂਦਾ, ਉਤਨਾ ਚਿਰ ਅਨੰਦ (ਪਏਰਪਏਟੁਓਲ ਜੋ) ਦੀ ਇਛਾ ਕਰਨਾ ਬੇਸੂਦ ਹੈ, ਬੇਅਰਥ ਹੈ।

ਸਤਿ, ਚਿੱਤ, ਅਨੰਦ ਅਕਾਲ ਪੁਰਖ ਵਾਹਿਗੁਰੂ ਰੂਪ, ਰੰਗ, ਰੇਖ, ਭੇਖ, ਚਕਰ, ਚਿਹਨ ਤੋਂ ਰਹਿਤ ਹੈ, ਨਿਰਾਕਾਰ ਹੈ। ਉਸ ਦੀ ਸੂਝ ਸਮਝ, ਥਹੁ ਪਤਾ ਗੁਰੂ ਦੀ ਸੱਚੀ ਬਾਣੀ, ਧੁਰ ਕੀ ਬਾਣੀ ਦਿੰਦੀ ਹੈ। ਜਦ ਗੁਰਬਾਣੀ ਵਿਚ ਅੰਮ੍ਰਿਤ ਭਰਪੂਰ ਹੈ, ਤੇ ਅਮ੍ਰਿਤ ਨਾਮ ਹੈ ਅਤੇ ਇਹ ਅੰਮ੍ਰਿਤ ਹਰੀ–ਨਾਮ ਤੇ ਨਾਮੀ (ਵਾਹਿਗੁਰੂ) ਨਾਲ ਅਭੇਦ ਹੈ ਉਸ ਨੂੰ ਜਾਨਣ ਲਈ ,ਪਾਉਣ ਲਈ ਗੁਰਬਾਣੀ ਦਾ ਵਿਚਾਰ–ਪੂਰਬਕ ਅਧਿਐਨ ਨਿਹਾਇਤ ਜ਼ਰੂਰੀ ਹੈ। ਏਸੇ ਲਈ, ਗੁਰਦੇਵ ਏਥੇ ਪਾਰਬ੍ਰਹਮ ਦੀ ਪ੍ਰਾਪਤੀ ਨਾਲ ਵੀ ਸਭ 'ਸਗਲ ਵਿਸੂਰੇ' ਦੂਰ ਹੁੰਦੇ ਦੱਸਦੇ ਹਨ,ਅਤੇ 'ਸਚੀ ਬਾਣੀ' ਦੇ ਸੁਣਨ ਨਾਲ ਵੀ ਸਭ 'ਦੂਖ ਰੋਗ ਸੰਤਾਪ' ਦਾ ਅਭਾਵ ਹੁੰਦਾ ਦਰਸਾਉਂਦੇ ਹਨ। ਸੋ, ਆਤਮਿਕ ਅਨੰਦ ਲਈ ਗੁਰੂ, ਗੁਰਸ਼ਬਦ, ਗੁਰਬਾਣੀ, ਨਾਮ, ਨਾਮ–ਅੰਮ੍ਰਿਤ ਤੇ ਹਰੀ ਦੀ ਅਭੇਦਤਾ ਨੂੰ ਸਮਝਣਾ ਤੇ ਹਿਰਦੇ ਵਿਚ ਵਸਾਉਣਾ ਜ਼ਰੂਰੀ ਹੈ।

ਅੱਗੇ ਚਲ ਕੇ ਗੁਰੂ ਜੀ ਫੇਰ ਪ੍ਰਭੂ ਦੇ ਸੰਤਾਂ ਅਥਵਾ ਸੰਤ– ਸੱਜਣਾਂ ਦੀ ਸਦੀਵੀ ਖੁਸ਼ੀ, ਖੇੜੇ ਤੇ ਆਤਮਿਕ ਅਨੰਦ ਦਾ ਭੇਦ ਦੱਸਦੇ ਹਨ ਕਿ ਉਹਨਾਂ ਨੇ ਸਦਾ ਪੂਰਨ ਗੁਰੂ, ਕਾਮਲ ਮੁਰਸ਼ਦ ਤੋਂ 'ਰੱਬੀ ਬਾਣੀ' ਨੂੰ ਜਾਣਿਆ ਤੇ ਧੁਰ ਅੰਦਰ ਵਸਾਇਆ। ਗੁਰੂ ਜੀ, ਸਦਾ ਸਦਾ ਲਈ ਸਰਬੱਤ ਲੋਕਾਂ ਉਤੇ ਬਾਰ ਬਾਰ ਇਹ ਸਚਾਈ ਪ੍ਰਗਟ ਕਰਦੇ ਹਨ ਕਿ ਆਤਮਿਕ ਅਨੰਦ ਅਥਵਾ ਅੰਦਰਲੀ ਪਵਿੱਤ੍ਰਤਾ ਉਹਨਾਂ ਨੂੰ ਪ੍ਰਾਪਤ ਹੁੰਦੀ ਹੈ, ਜੋ ਸਹੀ ਅਰਥਾਂ ਵਿਚ 'ਸੱਚ ਕੀ ਬਾਣੀ' ਨੂੰ ਦਿਲੋਂ ਵਜੋਂ ਸੁਣਦੇ ਜਾਂ ਪੜ੍ਹਦੇ ਹਨ, ਜੋ ਮਨ, ਬਚਨ ਕਰਮ ਕਰਕੇ ਗੁਰਬਾਣੀ ਨੂੰ ਵਾਚਦੇ ਵਿਚਾਰਦੇ ਹਨ, ਉਹਨਾਂ ਨੂੰ ਹਰ ਪਾਸੇ ਸਤਿਗੁਰੂ ਅਥਵਾ ਪ੍ਰਭੂ ਹੀ ਭਰਪੂਰ ਦਿਸਦਾ ਹੈ। ਉਹਨਾਂ ਨੂੰ ਹਰ ਪੱਤੀ, ਹਰ ਫੁਲ ਦੀ ਸੁਗੰਧੀ ਤੇ ਹਰ ਕਿਣਕੇ ਤੋਂ ਰੱਬ ਆਸ਼ਕਾਰ ਹੁੰਦਾ ਹੈ; ਜ਼ਾਹਿਰਾ ਦਿੱਸਦਾ ਹੈ, ਉਹ ਭਗਤ ਤ੍ਰਿਲੋਚਨ ਜੀ ਵਾਂਗ ਬੇ–ਖੁਦੀ ਵਿਚ, ਬੇ–ਸਾਖਤਾ ਪੁਕਾਰ ਉਠਦੇ ਹਨ :

ਜੇ ਕੋ ਮੂੰ ਉਪਦੇਸੁ ਕਰਤੁ ਹੈ, ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ॥ (92)

ਫੇਰ, ਉਹ ਸਦੀਵੀ ਤੌਰ ਉਤੇ ਮਾਣਦੇ ਹਨ, ਉਸ ਰਸ ਨੂੰ, ਜਿਸ ਨੂੰ ਸਾਜ਼ਾਂ ਦੇ ਸੰਗੀਤਕ ਰਸ ਨਾਲ ਤੁਲਣਾ ਦੇ ਕੇ, ਅੰਸ਼ ਮਾਤ੍ਰ ਸਮਝਿਆ ਸਮਝਾਇਆ ਤੇ ਮਾਣਿਆ ਜਾ ਸਕਦਾ ਹੈ।

ਜਿਸ 'ਆਤਮਿਕ ਅਨੰਦ' ਦੀ ਪ੍ਰਾਪਤੀ,ਇਸ ਬਾਣੀ ਦੀ ਆਰੰਭਕ ਤੁਕ ਤੋਂ 'ਸਤਿਗੁਰੂ ਮੈ ਪਾਇਆ' ਕਰਕੇ ਦੱਸੀ ਸੀ, ਓਸੇ 'ਅਨੰਦ' ਨੂੰ ਅੰਤਮ ਪਉੜੀ ਦੀ ਆਖਰੀ ਤੁਕ ਵਿਚ 'ਗੁਰ ਚਰਣ ਲਾਗੈ'ਕਰਕੇ ਪ੍ਰਾਪਤ ਹੋਇਆ ਦਰਸਾਇਆ ਹੈ।

ਸੋ, ਸਪਸ਼ਟ ਹੈ ਕਿ 'ਆਤਮਿਕ ਅਨੰਦ' ਦਾ ਸੋਮਾ ਸਤਿਗੁਰੂ ਹੈ,ਸਤਿਗੁਰੂ ਦੇ ਚਰਣ (ਉਪਦੇਸ਼) ਹਨ। ਸਤਿਗੁਰਾਂ ਨੇ ਸਾਰਾ 'ਬਲ ਲਾ ਕੇ,'ਅਨੰਦ ਸਾਹਿਬ' ਦੀ ਬਾਣੀ ਵਿਚ ਪ੍ਰਮਾਤਮਾ ਨੂੰ ਗੁਰਬਾਣੀ ਅਥਵਾ ਗੁਰਸ਼ਬਦ ਦੁਆਰਾ ਰੂਪਮਾਨ ਕਰਨ ਦਾ ਸਫਲ ਯਤਨ ਕੀਤਾ ਹੈ, ਅਤੇ ਇਹਨਾਂ ਨੂੰ ਹੀ 'ਆਤਮਿਕ ਅਨੰਦ' ਦਾ ਅਮੁਕ ਤੇ ਸਦੀਵੀ ਕੁੰਡ ਕਰਕੇ ਦੱਸਿਆ ਹੈ।

ਧੰਨਤਾ ਯੋਗ ਹਨ ਉਹ ਗੁਰਮੁਖ ਪਿਆਰੇ ਜੋ "ਤੇਰੀ ਉਪਮਾ ਤੋਹਿ ਬਨਿ ਆਵੈ" ਵਾਲੇ ਮਹਾਨ ਸ੍ਰੀ ਗੁਰੂ ਅਮਰਦਾਸ ਜੀ ਮਹਾਂਰਾਜ ਦੇ ਅਰਸ਼ੀ ਉਪਦੇਸ਼ ਨੂੰ ਸੁਣ,ਸੁਣਾ ਕੇ, ਨਾ ਕੇਵਲ ਆਪ ਹੀ ਪਰਮ ਪਵਿੱਤ੍ਰ ਹੁੰਦੇ ਹਨ; ਸਗੋਂ ਕਾਮ, ਕ੍ਰੋਧ, ਲੋਭ, ਲਾਲਚ, ਈਰਖਾ, ਦਵੈਖ ਤੇ ਤ੍ਰਿਸ਼ਨਾ ਵਿਚ ਲੀਰੋ ਲੀਰ ਤੇ ਦਗਧ ਹੋ ਰਹੇ ਸੰਸਾਰ ਨੂੰ ਵੀ "ਆਤਮਿਕ ਅਨੰਦ" ਦੀ ਪ੍ਰਾਪਤੀ ਦਾ ਭੇਦ ਅਥਵਾ ਗੁਰ ਦੱਸ ਕੇ, ਸਤਿਗੁਰਾਂ ਦਾ ਰਿਣ ਸਿਰੋਂ ਉਤਾਰਦੇ, ਅਤੇ "ਲੋਕ ਸੁਖੀਏ ਪਰਲੋਕ ਸੁਹੇਲੇ" ਥੀਂਦੇ ਹਨ।

ਸਿੱਖੀ ਵਿਚ ਸਫਲ ਜੀਵਨ ਲਈ ਤੀਜੇ ਪਾਤਿਸ਼ਾਹ ਵਲੋਂ "ਅਨੰਦ ਬਾਣੀ" ਵਿਚ ਆਪਾ ਸਮਰਪਣ, ਹੁਕਮ ਤੇ ਗੁਰਬਾਣੀ ਗਾਉਣ ਦੀ ਆਖੀ ਸਿਰੇ ਦੀ ਗੱਲ, ਅੰਤ ਵਿਚ ਚੇਤਾਵਨੀ ਵਜੋਂ ਫੇਰ ਦੁਹਰਾਉਣ ਦੀ ਖੁਲ੍ਹ ਲੈਂਦੇ ਹਾਂ :

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥ ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ। (9ਵੀਂ ਪਉੜੀ)918

ਆਖਰ, ਇਸ ਅਨੰਦਮਈ ਪ੍ਰਕਰਣ ਨੂੰ "ਗੋਇਆ" ਜੀ ਦੇ ਏਸੇ ਭਾਵ ਦੇ ਇਹਨਾਂ ਸ਼ੇਅਰਾਂ ਨਾਲ ਸਮਾਪਤ ਕਰਦੇ ਹਾਂ :

ਬਾਕੀ ਸਫਾ 11 'ਤੇ

ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

ਸਵਾਲ—ਕੀ ਤਾਂਤਰਿਕ ਕੁਦਰਤ ਦੀ ਨਿਯਮਾਂਵਲੀ ਬਦਲ ਸਕਦੇ ਹਨ?

ਉੱਤਰ—ਗਿਆਨਹੀਣ ਲੋਕਾਂ ਲਈ ਕਾਲਾ ਅੱਖਰ ਭੈਂਸ ਬਰਾਬਰ ਹੁੰਦਾ ਹੈ। ਵਿਦਿਆ ਦੀ ਘਾਟ ਕਰਕੇ ਆਮ ਮਨੁੱਖ ਦਾ ਜਦੋਂ ਕੋਈ ਕਾਰਜ ਸਫਲ ਨਹੀਂ ਹੁੰਦਾ ਤਾਂ ਉਹ ਸਮਝਦਾ ਹੈ ਕਿ ਸ਼ਾਇਦ ਮੇਰੇ 'ਤੇ ਕਿਸੇ ਦੇਵਤੇ ਦੀ ਕਰੋਪੀ ਹੋਈ ਹੈ। ਮਨੁੱਖ ਇਹ ਵੀ ਸਮਝਦਾ ਹੈ ਕਿ ਦੇਵਤੇ ਨੂੰ ਖੁਸ਼ ਕਰਨ ਲਈ ਮੈਨੂੰ ਕੋਈ ਉਪਾਅ ਕਰਨਾ ਚਾਹੀਦਾ ਹੈ। ਪੁੱਛਦੇ ਪੁਛਾਉਂਦਿਆਂ ਕਿਸੇ ਨਾ ਕਿਸੇ ਤਾਂਤਰਿਕ ਦਾ ਪਤਾ ਲੱਗ ਹੀ ਜਾਂਦਾ ਹੈ। ਅਜਿਹੇ ਤਾਂਤਰਿਕ ਕਿਸੇ ਦੀ ਮਨਸਾ ਪੂਰੀ ਕਰਾਉਂਦਿਆਂ ਹੋਇਆ ਕੋਈ ਨਾ ਕੋਈ ਗ਼ੈਰ ਮਨੁੱਖੀ ਕਾਰਾ ਕਰਾ ਦਿੰਦੇ ਹਨ ਜਿਸ ਨਾਲ ਮਨੁੱਖ ਦਾ ਕਾਰਜ ਸਿੱਧ ਤਾਂ ਨਹੀਂ ਹੁੰਦਾ ਪਰ ਜੇਲ੍ਹ ਦੀ ਯਾਤਰਾ ਜ਼ਰੂਰ ਹੋ ਜਾਂਦੀ ਹੈ। ਇਹ ਲੋਕ ਤਾਂ ਗ੍ਰਹਿ ਦੀਆਂ ਚਾਲਾਂ ਹੀ ਬਦਲ ਦਿੰਦੇ ਹਨ ਜਦੋਂ ਕਿ ਵਿਗਿਆਨੀ ਬੜੀ ਜੱਦੋ ਜਹਿਦ ਨਾਲ ਗ੍ਰਹਿ ਦਾ ਪਤਾ ਹੀ ਲਾ ਸਕਦੇ ਹਨ।

ਸਵਾਲ—ਕੀ ਦਰਿਆਵਾਂ ਜਾਂ ਵੱਗਦੇ ਪਾਣੀਆਂ ਵਿਚ ਕੁਝ ਸੁੱਟਣ ਨਾਲ ਸਾਡਾ ਕਾਰਜ ਸਿੱਧ ਹੋ ਸਕਦਾ ਹੈ?

ਉੱਤਰ—ਪਾਣੀ ਨੂੰ ਹਿੰਦੂ ਗ੍ਰੰਥਾਂ ਵਿਚ ਦੇਵਤਾ ਮੰਨਿਆ ਗਿਆ ਹੈ। ਵਰਤਮਾਨ ਯੁੱਗ ਵਿਚ ਤਾਂਤਰਿਕਾਂ ਅਤੇ ਜੋਤਸ਼ੀਆਂ ਨੇ ਆਮ ਲੋਕਾਂ ਨੂੰ ਵੱਗਦੇ ਪਾਣੀਆਂ ਵਿਚ ਨਿਰਧਾਰਤ ਸਮੱਗਰੀ ਸੁੱਟਣ ਲਈ ਆਖਿਆ ਜਾਂਦਾ ਹੈ। ਕੁਝ ਸਾਲਾਂ ਦੀ ਗੱਲ ਹੈ ਪੰਜਾਬ ਦੇ ਇਕ ਪਿੰਡ ਦੇ ਇਕ ਪਰਵਾਰ ਨੂੰ ਆਉਣ ਵਾਲੇ ਜੀਵਨ ਵਿਚ ਖੁਸ਼ੀਆਂ ਲੈਣ ਲਈ ਵਗਦੇ ਪਾਣੀ ਵਿਚ ਸਮੱਗਰੀ ਸੁੱਟਣ ਦੇ ਬਹਾਨੇ ਸਾਰੇ ਪਰਵਾਰ ਨੂੰ ਧੱਕਾ ਦੇ ਕੇ ਪਾਣੀ ਵਿਚ ਰੋੜ ਦਿੱਤਾ ਗਿਆ ਸੀ। ਕੁਦਰਤੀ ਪਰਿਵਾਰ ਦਾ ਇਕ ਜੀਅ ਬਚ ਗਿਆ ਜਿਸ ਨੇ ਸਾਰਾ ਭਾਂਡਾ ਭੰਨ ਦਿੱਤਾ ਸੀ। ਇੰਜ ਬਹੁਤ ਸਾਰੇ ਪਰਿਵਾਰ ਅੱਜ ਵੀ ਵਗਦੇ ਦਰਿਆ ਵਿਚ ਨਿੱਕ ਸੁਕ ਸੁੱਟ ਕੇ ਆਪਣੀ ਹੋਣੀ ਦੇ ਫੈਸਲੇ ਕਰਾਉਂਦੇ ਦਿਖਾਈ ਦੇ ਰਹੇ ਹਨ। ਮੁੱਕਦੀ ਗੱਲ ਪਾਣੀਆਂ ਵਿਚ ਕੁਝ ਵੀ ਰੋੜਨ ਨਾਲ ਸਾਡਾ ਕੋਈ ਵੀ ਭਲਾ ਨਹੀਂ ਹੋ ਸਕਦਾ। ਹੁਣ ਤਾਂ ਸਰਕਾਰ ਨੇ ਵੀ ਪਾਣੀ ਵਿੱਚ ਕੁਝ ਵੀ ਸੁੱਟਣ ਤੇ ਕਾਨੂੰਨਣ ਪਾਬੰਦੀ ਲਗਾਈ ਹੋਈ ਹੈ।

ਸਵਾਲ--- ਮੰਗਲੀਕ ਕੀ ਹੁੰਦਾ ਹੈ?

ਉੱਤਰ—ਸਹੀ ਅਰਥਾਂ ਵਿਚ ਦੇਖਣਾ ਹੈ ਤਾਂ ਮੰਗਲੀਕ ਨੂੰ ਕੁਲਹਿਣਾ ਹੀ ਕਿਹਾ ਜਾ ਸਕਦਾ ਹੈ। ਕੁਝ ਲੋਕ ਪੰਡਿਤਾਂ ਤੋਂ ਪਤਰੀਆਂ ਬਣਾ ਲੈਂਦੇ ਹਨ। ਫਿਰ ਉਹ ਸਾਰੀ ਜ਼ਿੰਦਗੀ ਓਸੇ ਪੱਤਰੀ ਨੂੰ ਮੁੱਖ ਰੱਖ ਕੇ ਚਲਦੇ ਹਨ। ਪੁਜਾਰੀ ਨੇ ਵਹਿਮ ਪਾ ਦਿੱਤਾ ਕਿ ਤੁਹਾਡਾ ਬੱਚਾ ਮੰਗਲੀਕ ਹੈ ਇਸ ਦਾ ਕੁਲੱਛਣਾਪਨ ਦੂਰ ਕਰਨ ਲਈ ਪੰਡਿਤ ਤੋਂ ਪੁੱਛ ਕੇ ਉਪਾਅ ਕਰਨਾ ਜ਼ਰੂਰੀ ਹੁੰਦਾ ਹੈ ਨਹੀਂ ਤਾਂ ਵਿਆਹ ਤੋਂ ਬਾਅਦ ਮੁੰਡੇ ਕੁੜੀ ਦਾ ਕੋਈ ਨੁਕਸਾਨ ਹੋ ਸਕਦਾ ਹੈ। ਦਰਅਸਲ ਮਾਨਸਿਕ ਵਿਕਾਸ ਨਾ ਹੋਣ ਕਰਕੇ ਮਨੁੱਖ ਡਰਦਾ ਬਹੁਤ ਹੈ ਕਿ ਕਿਤੇ ਮੇਰਾ ਕੋਈ ਨੁਕਸਾਨ ਨਾ ਹੋ ਜਾਵੇ। ਐਸਾ ਕੋਈ ਵੀ ਭਰਮ ਵਹਿਮ ਨਹੀਂ ਹੈ। ਬੱਚਿਆਂ ਨੂੰ ਚੰਗੀ ਤਰ੍ਹਾਂ ਪੜ੍ਹਾ ਲਿਖਾ ਕੇ ਚੰਗੇ ਸਮਾਜ ਦੀ ਸਿਰਜਣਾ ਕਰਨੀ ਚਾਹੀਦੀ ਹੈ। ਮੰਗਲੀਕ ਵਰਗੇ ਸ਼ਬਦਾਂ ਤੋਂ ਡਰਨ ਦੀ ਲੋੜ ਨਹੀਂ ਹੈ। ਪਿੱਛੇ ਜਿਹੇ ਇਕ ਫਿਲਮੀ ਅਦਾਕਾਰ ਨੂੰ ਆਪਣੇ ਬੱਚੇ ਦੇ ਮੰਗਲੀਕ ਹੋਣ ਦਾ ਭਰਮ ਪੈਦਾ ਹੋ ਗਿਆ ਤਾਂ ਉਸ ਨੇ ਆਪਣੀ ਹੋਣ ਵਾਲੀ ਨੂੰਹ ਦਾ ਵਿਆਹ ਪਹਿਲਾਂ ਬੋਹੜ ਦੇ ਦਰੱਖਤ ਨਾਲ ਕੀਤਾ ਸੀ। ਕਿਉਂਕਿ ਉਸ ਨੂੰ ਜੋਤਸ਼ੀਆਂ ਨੇ ਕਿਹਾ ਸੀ ਕਿ ਜੇ ਅਜਿਹਾ ਨਾ ਕੀਤਾ ਗਿਆ ਤਾਂ ਇਹਨਾਂ ਵਿਚੋਂ ਕਿਸੇ ਦੀ ਵੀ ਮੌਤ ਹੋ ਸਕਦੀ ਹੈ। ਹੈਰਾਨਗੀ ਦੀ ਗੱਲ ਦੇਖੋ ਇਸ ਫਿਲਮੀ ਭਾਈ ਨੇ ਪੁਜਾਰੀਆਂ ਨੂੰ ਲੱਖਾਂ ਰੁਪਏ ਦੇ ਕੇ ਮੰਗਲੀਕ ਤੋਂ ਖਹਿੜਾ ਛੁਡਵਾਇਆ ਸੀ। ਮੁੱਕਦੀ ਗੱਲ ਗੁਰਬਾਣੀ ਵਿਚਾਰਨ ਵਾਲਾ ਕਦੇ ਵੀ ਅਜਿਹੇ ਵਹਿਮਾਂ ਵਿਚ ਨਹੀਂ ਪੈਂਦਾ।

ਸਵਾਲ---ਤੁਰਨ ਤੋਂ ਪਹਿਲਾਂ ਛਿੱਕ ਵੱਜਣ ਨਾਲ ਕੋਈ ਨੁਕਸਾਨ ਹੋ ਸਕਦਾ ਹੈ?

ਉੱਤਰ---ਛਿੱਕ, ਪੱਦ ਤੇ ਡਕਾਰ ਤਿੰਨੇ ਦੇਹ ਦਾ ਸਿੰਗਾਰ ਪੁਰਾਣਾ ਮੁਹਾਵਰਾ ਤੁਰਿਆ ਆਉਂਦਾ ਹੈ। ਭਾਵ ਸਰੀਰ ਦੀ ਤੰਦਰੁਸਤੀ ਲਈ ਛਿੱਕ, ਪੱਦ ਤੇ ਡਕਾਰ ਜ਼ਰੂਰ ਆਉਣੇ ਚਾਹੀਦੇ ਹਨ ਤਾਂ ਕਿ ਸਰੀਰ ਵਿਚੋਂ ਵਾਧੂ ਦੀ ਗੈਸ ਬਾਹਰ ਨਿਕਲ ਜਾਏ। ਜਿੰਨ੍ਹਾਂ ਨੂੰ ਇਹ ਤਿੰਨ ਪ੍ਰਕਿਰਿਆਵਾਂ ਨਹੀਂ ਹੁੰਦੀਆਂ ਉਹ ਅਕਸਰ ਦਵਾਈਆਂ ਹੀ ਖਾਂਦੇ ਰਹਿੰਦੇ ਹਨ। ਹੁਣ ਛਿੱਕ ਨੂੰ ਕੀ ਪਤਾ ਹੈ ਕਿ ਇਹ ਮਨੁੱਖ ਕੰਮ 'ਤੇ ਚੱਲਿਆ ਤੇ ਮੈਂ ਇਸ ਦਾ ਕੰਮ ਖਰਾਬ ਕਰਦਿਆਂ। ਫੋਕਟ ਦੇ ਅਸਾਂ ਵਹਿਮ ਖੜੇ ਕੀਤੇ ਹੋਏ ਹਨ।

ਸਵਾਲ---ਕੀ ਬਿੱਲੀ ਰਸਤਾ ਕੱਟ ਜਾਏ ਤਾਂ ਕੋਈ ਦੁਰਘਟਨਾ ਹੁੰਦੀ ਹੈ?

ਉੱਤਰ---ਇਹ ਇਕ ਭੇਦ ਵਾਲੀ ਗੱਲ ਹੀ ਜਿਹੜੀ ਸਾਨੂੰ ਸਮਝਣੀ ਚਾਹੀਦੀ ਸੀ ਕਿ ਪੰਜਾਹ ਕੁ ਸਾਲ ਹੀ ਪਿੱਛੇ ਚਲੇ ਜਾਈਏ ਤਾਂ ਸਾਡੇ ਘਰ ਕੱਚੀ ਮਿੱਟੀ ਦੇ ਬਣੇ ਹੁੰਦੇ ਸਨ। ਬਾਕੀ ਕਣਕ ਆਦਿ ਸੰਭਾਲਣ ਲਈ ਵੀ ਕੱਚੀ ਮਿੱਟੀ ਦੇ ਭੜੋਲੇ ਹੀ ਹੁੰਦੇ ਸਨ। ਖੇਤੀ ਜਿਨਸਾਂ ਆਮ ਹੀ ਘਰਾਂ ਵਿਚ ਪਈਆਂ ਹੁੰਦੀਆਂ ਸਨ। ਕੁਦਰਤੀ ਜਿੱਥੇ ਜਿਨਸ ਪਈ ਹੋਵੇਗੀ ਓੱਥੇ ਚੂਹੇ ਵੀ ਆ ਜਾਂਦੇ ਹੁੰਦੇ ਸੀ। ਚੂਹਿਆਂ ਦੇ ਖਾਤਮੇ ਲਈ ਲੋਕਾਂ ਨੇ ਆਮ ਬਿੱਲੀਆਂ ਰੱਖੀਆਂ ਹੁੰਦੀਆਂ ਸਨ। ਹੁਣ ਜਦੋਂ ਕਦੇ ਮਾਂ ਨੇ ਘਰੋਂ ਬਾਹਰ ਕਿਸੇ ਕੰਮ ਲਈ ਜਾਣਾ ਹੁੰਦਾ ਸੀ ਤਾਂ ਬਿੱਲੀ ਮਿਆਉਂ ਮਿਆਉਂ ਕਰਦੀ ਅੱਗੇ ਆ ਜਾਂਦੀ ਸੀ। ਜਦੋਂ ਬਿੱਲੀ ਨੇ ਸਾਹਮਣੇ ਆਉਣਾ ਤਾਂ ਫੱਟ ਮਾਂ ਨੂੰ ਚੇਤਾ ਆ ਜਾਣਾ ਕਿ ਕਿਤੇ ਰਸੋਈ ਖੁਲ੍ਹੀ ਨਾ ਰਹਿ ਗਈ ਹੋਵੇ ਜਾਂ ਕਿਤੇ ਦੁੱਧ ਵਾਲੀ ਕਾਹੜਨੀ ਬਿਨਾ ਢੱਕਣ ਤੋਂ ਨਾ ਰਹਿ ਗਈ ਹੋਵੇ। ਮਾਂ ਵਾਪਸ ਰਸੋਈ ਵਿਚ ਆਪਣਾ ਸ਼ੱਕ ਕੱਢਣ ਲਈ ਵਾਪਸ ਆ ਜਾਂਦੀ ਸੀ। ਅਸਲ ਕਾਰਨਾਂ ਨੂੰ ਨਾ ਸਮਝਦੇ ਹੋਏ ਇਹ ਵਹਿਮ ਹੀ ਪਾਲ ਲਿਆ ਕਿ ਬਿੱਲੀ ਰਸਤਾ ਕੱਟ ਜਾਏ ਤਾਂ ਅੱਗੇ ਦੁਰਘਟਨਾ ਹੋ ਸਕਦੀ ਹੈ। ਬਿੱਲੀ ਵਿਚਾਰੀ ਨੂੰ ਕੋਈ ਪਤਾ ਨਹੀਂ ਹੈ ਕਿ ਮੇਰਾ ਰਸਤਾ ਕੱਟਣ ਨਾਲ ਇਸ ਦਾ ਕੋਈ ਨੁਕਸਾਨ ਵੀ ਹੋ ਸਕਦਾ ਹੈ। ਇਹ ਇਕ ਨਿਰਾ ਵਹਿਮ ਹੀ ਹੈ।

ਸਵਾਲ—ਪਿੱਛੇ ਜਿਹੇ ਭਾਰਤ ਦੇ ਰੱਖਿਆ ਮੰਤ੍ਰੀ ਨੇ ਲੜਾਕੂ ਜਹਾਜ਼ ਦੇ ਟਾਇਰਾਂ ਥੱਲੇ ਨਿੰਬੂ ਰੱਖੇ ਸਨ ਕੀ ਏਦਾਂ ਕਰਨ ਨਾਲ ਲੜਾਕੂ ਜਹਾਜ਼ ਦੀ ਉਮਰ ਵੱਧ ਜਾਏਗੀ ਜਾਂ ਉਹ ਦੂਰ ਤੱਕ ਦੁਸ਼ਮਣ 'ਤੇ ਮਾਰ ਜ਼ਿਆਦਾ ਕਰ ਸਕੇਗਾ?

ਉੱਤਰ---ਡੁੱਬੀ ਤਾਂ ਜੇ ਸਾਹ ਨਾ ਆਇਆ ਦੇ ਮੁਹਾਵਰੇ ਅਨੁਸਾਰ ਅਸੀਂ ਰਹਿ ਹੀ ਉਸ ਮੁਲਕ ਵਿਚ ਰਹੇ ਹਾਂ ਜਿੱਥੇ ਹਰ ਰੋਜ਼ ਟੀ ਵੀ ਮਾਧਿਆਮ ਰਾਂਹੀਂ ਸਵੇਰ ਤੋਂ ਹੀ ਨਿੰਬੂ ਮਿਰਚਾਂ ਦੀਆਂ ਕਹਾਣੀਆਂ ਦੱਸਣੀਆਂ ਸ਼ੁਰੂ ਹੋ ਜਾਂਦੀਆਂ ਹਨ। ਅਜੇਹਾ ਪ੍ਰਭਾਵ ਜਨ ਸਧਾਰਨ ਲੋਕ ਸਹਿਜੇ ਹੀ ਕਬੂਲ ਕਰ ਲੈਂਦੇ ਹਨ। ਰੱਖਿਆ ਮੰਤ੍ਰੀ ਵਲੋਂ ਲੜਾਕੂ ਜਹਾਜ ਦਾ ਨਿੰਬੂ ਨਾਲ ਉਦਘਾਟਨ ਕਰਨਾ ਧਰਮ ਦੇ ਨਾਂ 'ਤੇ ਬਹੁਤ ਵੱਡਾ ਧੋਖਾ ਹੈ। ਹੁਣ ਨਿੰਬੂ ਨੂੰ ਸਵਾਹ ਪਤਾ ਹੈ ਕਿ ਇਹ ਲੜਾਕੂ ਜਹਾਜ ਹੈ ਇਸ ਦੀ ਮੈਂ ਰੱਖਿਆ ਕਰਨੀ ਹੈ। ਹੁਣ ਦੱਸੋ ਜੇ ਅਰਬਾਂ ਰੁਪਇਆ ਖਰਚ ਕੇ ਵੀ ਜਹਾਜ ਆਪਣੇ ਮੁਲਕ ਦੀ ਰੱਖਿਆ ਨਹੀਂ ਕਰ ਸਕਦਾ ਤਾਂ ਫਿਰ ਨਿੰਬੂਆਂ ਦੇ ਹੀ ਬਾਗ ਲਗਾ ਲੈਣੇ ਚਾਹੀਦੇ ਹਨ। ਸਰਹੱਦਾਂ 'ਤੇ ਵੀ ਨਿੰਬੂ ਹੀ ਖਿਲਾਰ ਦੇਣੇ ਚਾਹੀਦੇ ਹਨ ਤਾਂ ਕਿ ਮੁਲਕ ਦੀ ਰੱਖਿਆ ਹੋ ਸਕੇ। ਕੀ ਦੁਕਾਨਦਾਰ, ਕੀ ਰਿਕਸ਼ੇ ਵਾਲੇ, ਕੀ ਟੈਕਸੀਆਂ ਵਾਲੇ ਜ਼ਿਆਦਾਤਰ ਵਹਿਮੀ ਲੋਕ ਦਰਵਾਜ਼ਿਆਂ ਦੇ ਅੱਗੇ ਨਿੰਬੂ ਮਿਰਚਾਂ ਟੰਗ ਕੇ ਰੱਖਦੇ ਹਨ। ਹਾਂ ਨਿੰਬੂਆਂ ਦੀ ਵਰਤੋਂ ਕਰਨ ਨਾਲ ਮਨੁੱਖ ਨੂੰ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਪਰ ਲੜਾਕੂ ਜਹਾਜ ਵਾਂਗ ਦੂਰ ਦਰਾਡੇ ਜਾ ਕੇ ਗੋਲਾਬਾਰੀ ਨਹੀਂ ਕੀਤੀ ਜਾ ਸਕਦੀ। -0-

ਆਤਮਿਕ ਮੌਤ ਤੋਂ ਬਚੀਏ

ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਸਰੀਰਕ ਤਲ 'ਤੇ ਮਨੁੱਖ ਇੱਕ ਵਾਰ ਹੀ ਮਰਦਾ ਹੈ ਪਰ ਆਪਣੀ ਜ਼ਿੰਮੇਵਾਰੀ ਨਾ ਸਮਝਣ ਵਾਲਾ ਆਤਮਿਕ ਤਲ 'ਤੇ ਦਿਨ ਵਿੱਚ ਕਈ ਵਾਰ ਮਰਦਾ ਹੈ। ਮਨੁੱਖ ਦਾ ਹੱਥਲਾ ਜੀਵਨ ਪਹਿਲਾ ਅਤੇ ਅਖੀਰਲਾ ਹੋਣ ਕਰਕੇ ਬਹੁਤ ਕੀਮਤੀ ਹੈ। ਸਰੀਰ ਦਾ ਮਹੱਤਵ ਇਹ ਨਹੀਂ ਕਿ ਇਸ ਨੇ ਕਿੰਨੀਆਂ ਖੁਸ਼ਬੂਆਂ ਲਗਾਈਆਂ, ਕਿੰਨੇ ਸੋਹਣੇ ਕਪੜੇ ਪਹਿਨੇ, ਕਿੰਨੀਆਂ ਵਧੀਆ ਮੋਟਰ ਗੱਡੀਆਂ ਖਰੀਦ ਲਈਆਂ। ਇਹ'ਤੇ ਜਿੰਨੀ ਕਿਸੇ ਮਨੁੱਖ ਪਾਸ ਪਹੁੰਚ ਹੈ ਉਸ ਅਨੁਸਾਰ ਵਸਤੂਆਂ ਬਜ਼ਾਰ ਵਿਚੋਂ ਖਰੀਦ ਲੈਂਦਾ ਹੈ ਜਾਂ ਵੱਖ-ਵੱਖ ਮੁਲਕਾਂ ਦੇ ਬਣਾਏ ਹੋਏ ਨਿਯਮਾਂ ਅਨੁਸਾਰ ਮਨੁੱਖ ਆਪਣੀ ਆਪਣੀ ਸਹੂਲਤ ਅਨੁਸਾਰ ਆਪਣੀਆਂ ਗਰਜ਼ਾ ਪੂਰੀਆਂ ਕਰ ਲੈਂਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਮਨੁੱਖ ਨੇ ਆਪਣੇ ਜੀਵਨ ਨੂੰ ਸਫਲ ਕਿੰਨਾ ਬਣਾਇਆ ਹੈ?

ਕਾਚ ਕੋਟ ਰਚੰਤਿ ਤੋਯੰ
ਲੇਪਨੰ ਰਕਤ ਚਰਮਣਹ ॥
ਨਵੰਤ ਦੁਆਰੰ ਭੀਤ ਰਹਿਤੰ
ਬਾਇ ਰੂਪੰ ਅਸਥੰਭਨਹ॥
ਗੋਬਿੰਦ ਨਾਮੰ ਨਹ ਸਿਮਰੰਤਿ
ਅਗਿਆਨੀ ਜਾਨੰਤਿ ਅਸਥਿਰੰ ॥
ਦੁਰਲਭ ਦੇਹ ਉਧਰੰਤ
ਸਾਧ ਸਰਣ ਨਾਨਕ॥
ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ ॥
(1354)

ਅੱਖਰੀਂ ਅਰਥ-- (ਇਹ ਸਰੀਰ) ਕੱਚਾ ਕਿਲ੍ਹਾ ਹੈ, (ਜੋ) ਪਾਣੀ (ਭਾਵ, ਵੀਰਜ) ਦਾ ਬਣਿਆ ਹੋਇਆ ਹੈ ਅਤੇ ਲਹੂ ਤੇ ਚੰਮ ਨਾਲ ਲਿੰਬਿਆ ਹੋਇਆ ਹੈ। (ਇਸ ਦੇ) ਨੌ ਦਰਵਾਜ਼ੇ (ਗੋਲਕਾਂ) ਹਨ, (ਪਰ ਦਰਵਾਜ਼ਿਆਂ ਦੇ) ਭਿੱਤ ਨਹੀਂ ਹਨ, ਸੁਆਸਾਂ ਦੀ (ਇਸ ਨੂੰ) ਥੰਮ੍ਹੀ (ਦਿੱਤੀ ਹੋਈ) ਹੈ। ਮੂਰਖ ਜੀਵ (ਇਸ ਸਰੀਰ ਨੂੰ) ਸਦਾ-ਥਿਰ ਰਹਿਣ ਵਾਲਾ ਜਾਣਦੇ ਹਨ ਤੇ ਪਰਮਾਤਮਾ ਦਾ ਨਾਮ ਕਦੇ ਯਾਦ ਨਹੀਂ ਕਰਦੇ। ਹੇ ਨਾਨਕ! ਜੋ ਬੰਦੇ ਸਾਧ ਸੰਗਤਿ ਵਿੱਚ ਆ ਕੇ ਪਰਮਾਤਮਾ ਦਾ ਨਾਮ ਜਪਦੇ ਹਨ, ਉਹ ਇਸ ਦੁਰਲੱਭ ਸਰੀਰ ਨੂੰ (ਨਿੱਤ ਦੀ ਮੌਤ ਦੇ ਮੂੰਹੋਂ) ਬਚਾ ਲੈਂਦੇ ਹਨ।

1. ਸੰਸਾਰ ਦੀ ਉਤਪਤੀ ਇੱਕ ਬਝਵੇਂ ਨਿਯਮ ਵਿੱਚ ਹੋਈ ਹੈ ਤੇ ਬਝਵੇਂ ਨਿਯਮ ਤਹਿਤ ਹੀ ਹਰੇਕ ਵਸਤੂ ਆਪਣੇ ਆਪਣੇ ਕਾਰਜ ਰਾਹੀਂ ਮਨੁੱਖਤਾ ਦੀ ਸੇਵਾ ਵਿੱਚ ਲੱਗੀ ਹੋਈ ਹੈ।

2. ਮਿੱਟੀ ਦੇ ਕੱਚੇ ਘੜੇ ਵਿੱਚ ਪਾਣੀ ਨਹੀਂ ਟਿਕਾਇਆ ਜਾ ਸਕਦਾ ਜੇ ਪਕਾ ਕੇ ਕਿਸੇ ਠੋਕਰ ਆਦਿ ਤੋਂ ਬਚਾ ਕੇ ਰੱਖੀਏ ਤਾਂ ਉਹ ਘੜਾ ਥੋੜੀ ਲੰਬੀ ਉਮਰ ਵੀ ਭੋਗ ਸਕਦਾ ਹੈ।

3. ਇੰਝ ਹੀ ਮਨੁੱਖ ਦੇ ਸਰੀਰ ਦੀ ਕੋਈ ਪਾਇਆਂ ਨਹੀਂ ਹੈ ਇਹ ਕਦੇ ਸੰਸਾਰ ਨੂੰ ਛੱਡ ਕੇ ਨਾ ਜਾਵੇ ਪਰ ਜੇ ਇਸ ਦੀ ਸੰਭਾਲ ਵਲ ਧਿਆਨ ਦੇਈਏ ਤਾਂ ਇਹ ਜ਼ਿੰਦਗੀ ਦੇ ਵੱਧ ਦਿਨ ਵੀ ਜੀਵਤ ਰਹਿ ਸਕਦਾ ਹੈ।

4. ਜ਼ਿੰਦਗੀ ਦੇ ਵੱਧ ਦਿਨ ਜਿਉਣ ਦਾ ਮਹੱਤਵ ਨਹੀਂ ਹੈ, ਮਹੱਤਵ ਇਸ ਗੱਲ ਦਾ ਹੈ ਕਿ ਇਹ ਕਿਸ ਤਰ੍ਹਾਂ ਜੀਵਿਆ ਹੈ? ਕੀ ਇਸ ਨੇ ਆਪਣੀ ਬਣਦੇ ਫ਼ਰਜ਼ਾਂ ਵਲੋਂ ਕੋਈ ਕੁਤਾਹੀ ਤਾਂ ਨਹੀਂ ਕੀਤੀ? ਇਤਿਹਾਸ ਗਵਾਹ ਹੈ ਕਿ ਕਈ ਛੋਟੀ ਉਮਰ ਵਿੱਚ ਅਜੇਹੇ ਕੰਮ ਕਰਕੇ ਗਏ ਹਨ ਜੋ ਸਾਰੀ ਦੁਨੀਆਂ ਲਈ ਚਾਨਣ ਮੁਨਾਰਾ ਹਨ।

5. ਅਗਿਆਨਤਾ ਕਰਕੇ ਬਹੁਤੇ ਮਨੁੱਖ, ਅੰਹਕਾਰ ਵਿੱਚ ਆਪਣਾ ਜੀਵਨ ਬਸਰ ਕਰ ਰਹੇ ਹਨ ਤੇ ਅਗਿਆਨਤਾ ਕਰਕੇ ਹੀ ਕਈਆਂ ਨੇ ਆਪਣਿਆਂ ਭਰਾਵਾਂ ਦੀਆਂ ਜ਼ਮੀਨਾਂ'ਤੇ ਕਬਜ਼ੇ ਕਰ ਲਏ ਹਨ।

6. ਮਨੁੱਖ ਜਦੋਂ ਕਿਸੇ ਨੂੰ ਸੰਸਾਰ ਵਿਚੋਂ ਮਰਦਾ ਦੇਖਦਾ ਹੈ ਤਾਂ ਇਹ ਸਮਝਦਾ ਹੈ ਇਹ ਹੀ ਮਰਿਆ ਹੈ ਮੈਂ ਅਜੇ ਥੋੜਾ ਮਰਨਾ ਹੈ। ਆਗਿਆਨਤਾ ਕਰਕੇ ਹੀ ਸਮਾਜ ਵਿੱਚ ਈਰਖਾ ਦਵੈਤ ਸਾੜੇ ਵਿੱਚ ਲੋਕਾਂ ਨੇ ਆਪਣਾ ਜੀਵਨ ਬੇ ਸੁਆਦਾ ਕੀਤਾ ਹੋਇਆ ਹੈ।

7. ਅਗਿਆਨਤਾ ਕੋਈ ਸਦਾ ਰਹਿਣ ਵਾਲੀ ਚੀਜ਼ ਨਹੀਂ ਹੈ ਇਹ ਅਗਿਆਨਤਾ ਦੂਰ ਹੋ ਸਕਦੀ ਹੈ ਜਦੋਂ ਮਨੁੱਖ ਆਪ ਪੜ੍ਹ, ਸੁਣਕੇ ਤੇ ਵਿਚਾਰ ਕਰਕੇ ਅਮਲ ਕਰਨ ਦਾ ਯਤਨ ਕਰੇਗਾ।

8. ਇਸ ਸਾਰੇ ਦੀ ਸਮਝ ਤਾਂ ਹੀ ਆ ਸਕਦੀ ਹੈ ਜਦੋਂ ਸਤਿਗੁਰ ਦੀ ਸੰਗਤ ਕਰੇਗਾ। ਸਤਿਗੁਰ ਦੀ ਸੰਗਤ ਤੋਂ ਭਾਵ ਕੇਵਲ ਏਨਾ ਕੁ ਹੀ ਨਹੀਂ ਕਿ ਧਾਰਮਿਕ ਇਮਾਰਤ ਦੀਆਂ ਪਉੜੀਆਂ ਨੂੰ ਹੱਥ ਲਗਾਇਆ, ਮੱਥਾ ਟੇਕਿਆ ਤੇ ਘਰ ਆ ਗਏ। ਸਤਿਗੁਰ ਦੀ ਸੰਗਤ ਤੋਂ ਭਾਵ ਸੱਚੇ ਗਿਆਨ ਨੂੰ ਹਾਸਲ ਕਰਕੇ ਉਸ ਦੀ ਵਰਤੋਂ ਕਰਨ ਤੋਂ ਹੈ।

9. ਜੇ ਗਿਆਨ ਦੀ ਸਮਝ ਆ ਜਾਏ ਤਾਂ ਮਨੁੱਖ ਆਪਣੇ ਫ਼ਰਜ਼ਾਂ ਵਲੋਂ ਕੁਤਾਈ ਨਹੀਂ ਕਰੇਗਾ। ਬੇ-ਸਮਝੀ ਕਰਕੇ ਮਨੁੱਖ ਮਿਲੇ ਹੋਏ ਸਮੇਂ ਦੇ ਮਹੱਤਵ ਨੂੰ ਨਹੀਂ ਸਮਝਦਾ ਤੇ ਕੁਤਾਹੀਆਂ ਕਰਕੇ ਆਤਮਿਕ ਮੌਤੇ ਮਰਿਆ ਰਹਿੰਦਾ ਹੈ।

ਕਹਤ ਸੁਨਤ ਕਿਛੁ ਸਾਂਤਿ ਨ ਉਪਜਤ
ਬਿਨੁ ਬਿਸਾਸ ਕਿਆ ਸੇਖਾਂ ॥
ਪ੍ਰਭੂ ਤਿਆਗਿ ਆਨ ਜੋ ਚਾਹਤ
ਤਾ ਕੈ ਮੁਖਿ ਲਾਗੈ ਕਾਲੇਖਾ ॥ (1221)

-0-

ਪਾਠਕਾਂ ਦੇ ਧਿਆਨ ਹਿੱਤ

ਸਮੂਹ ਪਾਠਕਾਂ ਦੇ ਧਿਆਨ ਹਿੱਤ ਲਿਆਂਦਾ ਜਾਂਦਾ ਹੈ ਕਿ ਮਾਰਚ ਮਹੀਨੇ ਤੋਂ ਲਗਾਤਾਰ ਚੱਲ ਰਹੇ ਲਾਕਡਾਊਨ ਕਾਰਨ ਅਪ੍ਰੈਲ ਅਤੇ ਇਸ ਵਾਰ ਮਈ ਅੰਕ ਵੀ ਪ੍ਰਕਾਸ਼ਿਤ ਨਹੀਂ ਕੀਤਾ ਜਾ ਰਿਹਾ। ਉਪਰੋਕਤ ਦੋਵੇਂ ਅੰਕ ਤੁਸੀਂ ਆਨਲਾਇਨ gurmatgian.com ਵੈਬਸਾਈਟ 'ਤੇ ਪੜ੍ਹ ਸਕਦੇ ਹੋ। ਧੰਨਵਾਦ

ਵਲੋਂ : ਸੰਪਾਦਕ, ਗੁਰਮਤਿ ਵਿਰਸਾ

ਲੇਖਕਾਂ ਨੂੰ ਬੇਨਤੀ

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।

ਰਚਨਾਵਾਂ ਭੇਜਣ ਲਈ ਪਤਾ:
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
M: 97819-90206,
Email: gurmatvirsa@gmail.com

ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦਾ ਮਹੱਤਵ

-ਸ: ਹਰਜਿੰਦਰ ਸਿੰਘ 'ਸਭਰਾ'

ਗੁਰਮਤਿ ਸਿਧਾਂਤਾਂ ਦਾ ਹਰ ਇੱਕ ਮਜ਼ਹਬ, ਧਰਮ ਨਾਲੋਂ ਨਿਵੇਕਲੇ ਹੋਣਾ ਵੀ ਇੱਕ ਅਜਿਹਾ ਕਾਰਨ ਸੀ ਜਿਹੜਾ ਕਾਜ਼ੀ, ਮੁੱਲਾਂ, ਬ੍ਰਾਹਮਣ, ਪੰਡਿਤ, ਜੋਗੀ ਅਤੇ ਹੋਰ ਧਾਰਮਿਕਤਾ ਦੇ ਠੇਕੇਦਾਰਾਂ ਨੂੰ ਨਾਗਵਾਰ ਗੁਜ਼ਰਿਆ। ਅਕਬਰ ਕੋਲ ਇਨ੍ਹਾਂ ਸਾਰਿਆਂ ਦੀਆਂ ਗੁਰੂ ਘਰ ਵਿਰੁੱਧ ਕੀਤੀਆਂ ਸ਼ਿਕਾਇਤਾਂ ਜਿਸ ਲਈ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੇ ਅਕਬਰ ਦੇ ਦਰਬਾਰ ਵਿੱਚ ਗੁਰੂ ਘਰ ਦਾ ਪੱਖ ਰੱਖ ਕੇ ਝੂਠ ਸੱਚ ਦਾ ਨਿਤਾਰਾ ਕੀਤਾ ਸੀ ਇਸ ਗੱਲ ਦਾ ਸਬੂਤ ਹਨ ਕਿ ਸਿੱਖ ਧਰਮ ਦੀ ਵੱਖਰਤਾ ਤੋਂ ਇਹ ਧਿਰਾਂ ਪੂਰੀ ਤਰਾਂ ਤਿਲਮਿਲਾਈਆਂ ਹੋਈਆਂ ਸਨ। ਭਾਵੇਂ ਇਨ੍ਹਾਂ ਵਿਚੋਂ ਪਹਿਲੇ ਗੁਰੂ ਸਾਹਿਬਾਂ ਵੇਲੇ ਵੀ ਕਈ ਕਾਰਨ ਜਿਉਂ ਦੇ ਤਿਉਂ ਸਨ ਪਰ ਰਾਜਨੀਤਕ ਹਾਲਾਤਾਂ ਕਾਰਨ ਗੁਰੂ ਘਰ ਦੀ ਹੁੰਦੀ ਵਿਰੋਧਤਾ ਨੇ ਇਹੋ ਜਿਹਾ ਰੂਪ ਨਹੀਂ ਧਾਰਿਆ ਸੀ ਜਿਹੜਾ ਗੁਰੂ ਅਰਜਨ ਸਾਹਿਬ ਵੇਲੇ। ਗੁਰੂ ਅਰਜਨ ਸਾਹਿਬ ਭਾਰਤ ਦੇ ਪਹਿਲੇ ਸ਼ਹੀਦ ਹਨ ਜਿਨਾਂ ਨੇ ਮਨੁੱਖੀ ਹੱਕਾਂ ਲਈ ਕੁਰਬਾਨੀ ਦਿੱਤੀ।

ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਸਾਕਾ ਇਤਿਹਾਸ ਦੀ ਇੱਕ ਮਹਾਨ ਅਤੇ ਲਾਸਾਨੀ ਘਟਨਾ ਹੈ। ਹੱਕ, ਸੱਚ ਦੀ ਆਵਾਜ਼ ਬੁਲੰਦ ਕਰਕੇ ਜ਼ੁਲਮ, ਜਬਰ, ਅਨਿਆਂ, ਬੇਇਨਸਾਫ਼ੀ ਵਿਰੁੱਧ ਐਲਾਨੀਆਂ ਸੰਘਰਸ਼ ਕਰਨ ਕਰਕੇ ਗੁਰੂ ਅਰਜਨ ਸਾਹਿਬ ਜੀ ਨੂੰ ਤੱਤੀ ਤਵੀ ਤੇ ਬੈਠਣਾ, ਸੀਸ ਵਿੱਚ ਸੜਦੀ ਬਲਦੀ ਰੇਤ ਪਵਾਉਣੀ, ਅਤੇ ਉਬਲਦੇ ਪਾਣੀ ਦੀ ਦੇਗ ਵਿੱਚ ਬੈਠਣ ਜਿਹੇ ਭਿਆਨਕ ਤਸੀਹੇ ਸਹਿਣ ਕਰਨੇ ਪਏ। ਪਰ ਅਜਿਹਾ ਸਾਰਾ ਕੁੱਝ ਬਰਦਾਸ਼ਤ ਕਰਕੇ ਵੀ ਉਨਾਂ ਨੇ ਮਨੁੱਖੀ ਹੱਕਾਂ ਦਾ ਝੰਡਾ ਉੱਚਾ ਕਰੀ ਰੱਖਿਆ ਅਤੇ ਆਪਣੇ ਸਬਰ ਸਿਦਕ ਨਾਲ ਜਬਰ ਜ਼ੁਲਮ ਦਾ ਡਟ ਕੇ ਮੁਕਾਬਲਾ ਕੀਤਾ। ਗੁਰੂ ਸਾਹਿਬ ਜੀ ਦੀ ਮਹਾਨ ਵਿਚਾਰਧਾਰਾ ਅਤੇ ਉਨਾਂ ਦੁਆਰਾ ਮਨੁੱਖੀ ਹੱਕਾਂ ਲਈ ਘਾਲੀਆਂ ਗਈਆਂ ਘਲਨਾਵਾਂ ਨੂੰ ਨਾਪਸੰਦ ਕਰਨ ਵਾਲੀਆਂ ਧਿਰਾਂ ਨੇ ਉਨਾਂ ਨੂੰ ਹਰ ਹੀਲੇ ਰੋਕਣ ਅਤੇ ਠੱਲਣ ਦਾ ਯਤਨ ਕੀਤਾ ਪਰ ਕੋਈ ਵੀ ਅਜਿਹੀ ਸਾਜਿਸ਼ ਇਸ ਮਹਾਨ ਇਨਕਲਾਬ ਨੂੰ ਖ਼ਤਮ ਨਾ ਕਰ ਸਕੀ। ਮਹਾਨ ਗੁਰਮਤਿ ਇਨਕਲਾਬ ਦੀ ਸੁਚੱਜੀ ਅਗਵਾਈ ਕਰਦਿਆਂ ਗੁਰੂ ਸਾਹਿਬ ਦੀ 30 ਮਈ 1606 ਨੂੰ ਸ਼ਹਾਦਤ ਹੋਈ। ਇਸ ਸ਼ਹਾਦਤ ਪਿੱਛੇ ਕਈ ਮੂਲ ਕਾਰਣ ਸਨ ਜਿਨਾਂ ਵਿਚੋਂ ਕੁੱਝ ਕੁ ਦੀ ਵੀਚਾਰ ਅਸੀਂ ਇਥੇ ਕਰਦੇ ਹਾਂ।

ਗੁਰਮਤਿ ਵਿਚਾਰਧਾਰਾ ਜ਼ਾਤ-ਪਾਤ, ਛੂਆ-ਛਾਤ, ਵਰਣ ਵੰਡ, ਆਦਿ ਮਨੁੱਖੀ ਵੰਡੀਆਂ ਨੂੰ ਮੂਲੋਂ ਹੀ ਰੱਦ ਕਰਦਿਆਂ ਹੋਇਆਂ ਮਨੱਖੀ ਬਰਾਬਰਤਾ ਤੇ ਜ਼ੋਰ ਦਿੰਦੀ ਹੈ। ਮੰਨੂਵਾਦੀ ਵਿਚਾਰਧਾਰਾ ਦੇ ਪੱਕੇ ਹਾਮੀ ਬ੍ਰਾਹਮਣ ਆਦਿਕ ਉੱਚ ਜ਼ਾਤੀਏ ਲੋਕਾਂ ਵਲੋਂ ਗੁਰੂ ਗਰ ਦੀ ਸਾਂਝੀਵਾਲਤਾ ਦੀ ਵਿਚਾਰਧਾਰਾ ਨੂੰ ਸਹਿਣ ਨਾ ਕਰਦਿਆ ਹੋਇਆਂ ਗੁਰੂ ਘਰ ਦੇ ਵਿਰੋਧ ਵਿੱਚ ਸਰਕਾਰੇ ਦਰਬਾਰੇ ਸ਼ਿਕਾਇਤਾਂ ਦਰਜ਼ ਕਰਵਾਈਆਂ ਜਾਂਦੀਆਂ ਰਹੀਆਂ ਅਤੇ ਹੋਰ ਕਈ ਢੰਗਾਂ ਨਾਲ ਵਿਰੋਧ ਜਾਰੀ ਰੱਖਿਆ ਗਿਆ ਜਿਸ ਕਾਰਨ ਇਨਾਂ ਨੂੰ ਸਰਕਾਰੀ ਪਹੁੰਚ ਵਾਲੇ ਮਨੁੱਖੀ ਵੰਡ ਦੇ ਹਾਮੀ ਲੋਕਾਂ ਦੀ ਹਿਮਾਇਤ ਪ੍ਰਾਪਤ ਹੋਈ।

ਅਕਬਰ ਦੇ ਖ਼ਾਸ ਦਰਬਾਰੀ ਬੀਰਬਲ (ਮਹੇਸ਼ਦਾਸ) ਦਾ ਬ੍ਰਾਹਮਣ ਜ਼ਾਤ ਨਾਲ ਸੰਬੰਧਤ ਹੋਣ ਕਰਕੇ ਉਸਨੇ ਉੱਚ ਜ਼ਾਤੀਏ ਲੋਕਾਂ ਦੀਆਂ ਗੁਰੂ ਘਰ ਵਿਰੁੱਧ ਕੀਤੀਆਂ ਸ਼ਿਕਾਇਤਾਂ ਨੂੰ ਸਰਕਾਰੀ ਕਾਰਵਾਈ ਤੱਕ ਪਹੁੰਚਾਇਆ ਅਤੇ ਕੱਟੜ ਪੰਥੀਆਂ ਦੀ ਹਰ ਸੰਭਵ ਮਦਦ ਕਰਕੇ ਆਪਣੇ ਮਰਨ ਤੱਕ ਗੁਰੂ ਸਾਹਿਬ ਵਿਰੁੱਧ ਫ਼ਿਰਕੂ ਮਾਹੌਲ ਸਿਰਜਣ ਵਿੱਚ ਹਰ ਯਤਨ ਕੀਤਾ।

ਪੰਜਾਬ ਵਿੱਚ ਸਖੀ ਸਰਵਰੀਏ ਫ਼ਿਰਕੇ ਦਾ ਬੇਹੱਦ ਜ਼ੋਰ ਹੋਣ ਕਰਕੇ ਵੱਡੇ ਪੱਧਰ ਤੇ ਆਮ ਜਨਤਾ ਇਸ ਫ਼ਿਰਕੇ ਦੀ ਪੁਜਾਰੀ ਸੀ। ਜਿਸ ਕਾਰਨ ਬੁੱਤਖ਼ਾਨੇ, ਅਤੇ ਹੋਰ ਕਰਮਕਾਂਡ ਦੀ ਭਰਮਾਰ ਸੀ। ਗੁਰਮਤਿ ਦੀ ਸਪੱਸ਼ਟ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਨਾਲ ਇਸ ਫ਼ਿਰਕੇ ਦੇ ਪੈਰ ਪੰਜਾਬ ਵਿਚੋਂ ਬੁਰੀ ਤਰਾਂ ਉਖੜ ਚੁਕੇ ਸਨ ਅਤੇ ਬਹੁਗਿਣਤੀ ਲੋਕਾਂ ਵਲੋਂ ਸਿਖ ਧਰਮ ਨੂੰ ਬੜੀ ਤੇਜ਼ੀ ਨਾਲ ਧਾਰਨ ਕੀਤਾ ਜਾ ਰਿਹਾ ਸੀ। ਇਸ ਕਾਰਨ ਬੁਖ਼ਲਾਹਟ ਵਿੱਚ ਆਏ ਹੋਏ ਸਖ਼ੀ ਸਰਵਰ ਫ਼ਿਰਕੇ ਦੇ ਕੱਟੜਪੰਥੀ ਆਗੂਆਂ ਵਲੋਂ ਈਰਖਾ ਵੱਸ ਸਿਖ ਵਿਚਾਰਧਾਰਾ ਦਾ ਵਿਰੋਧ ਕੀਤਾ ਜਾ ਰਿਹਾ ਸੀ। ਇਸ ਫ਼ਿਰਕੇ ਦਾ ਮੂਲ ਇਸਲਾਮੀ ਹੋਣ ਕਾਰਨ ਕੱਟੜਪੰਥੀ ਇਸਲਾਮੀ ਆਗੂਆਂ ਦੀ ਇਨਾਂ ਨੂੰ ਭਾਰੀ ਮਦਦ ਪ੍ਰਾਪਤ ਹੋਈ।

1604 ਈ: ਵਿੱਚ ਜਦੋਂ ਗੁਰੂ ਅਰਜਨ ਸਾਹਿਬ ਜੀ ਗੁਰਬਾਣੀ ਸੰਪਾਦਨ ਦਾ ਕਾਰਜ ਚਲਾ ਰਹੇ ਸਨ ਤਾਂ ਉਸ ਸਮੇਂ ਚਾਰ ਅਖੌਤੀ ਭਗਤ ਕਾਨਾਂ, ਪੀਲੂ, ਛੱਜੂ, ਸ਼ਾਹ ਹੁਸੈਨ, ਗੁਰੂ ਜੀ ਕੋਲ ਆਪਣੀ-ਆਪਣੀ ਕਵਿਤਾ ਗੁਰਬਾਣੀ ਦੇ ਨਾਲ ਹੀ ਦਰਜ ਕਰਵਾਉਣ ਦੇ ਮਨਸ਼ੇ ਨਾਲ ਆਏ ਸਨ ਪਰ ਗੁਰੂ ਅਰਜਨ ਸਾਹਿਬ ਜੀ ਨੇ ਉਨਾਂ ਦੀ ਕੱਚਘਰੜ ਕਵਿਤਾ ਨੂੰ ਗੁਰਬਾਣੀ ਨਾਲ ਦਰਜ਼ ਕਰਨ ਤੋਂ ਸਪੱਸ਼ਟ ਨਾਂਹ ਕਰ ਦਿੱਤੀ ਸੀ। ਜਿਸ ਕਾਰਨ ਗੁਰੂ ਘਰ ਨਾਲ ਉਨਾਂ ਦੀ ਪੁਰਾਣੀ ਈਰਖਾ ਨੇ ਹੋਰ ਪ੍ਰਚੰਡ ਰੂਪ ਧਾਰਨ ਕਰ ਲਿਆ। ਉਨਾਂ ਦੁਆਰਾ ਗੁਰੂ ਘਰ ਨਾਲ ਆਰੰਭ ਤੋਂ ਹੀ ਈਰਖਾ ਅਤੇ ਨਫ਼ਰਤ ਕੀਤੀ ਜਾ ਰਹੀ ਸੀ। ਜਿਸ ਦਾ ਮੂਲ ਕਾਰਣ ਸੀ ਗੁਰੂ ਸਾਹਿਬ ਵਲੋਂ ਅਜਿਹੇ ਢੋਂਗੀ, ਕਰਮਕਾਂਡੀ, ਅਤੇ ਪੂਜਾ ਪ੍ਰਤਿਸ਼ਟਾ ਲਈ ਆਪਣੇ ਆਪ ਨੂੰ ਖ਼ਾਸ ਧਰਮੀ ਦੱਸਣ ਵਾਲੇ ਲੋਕਾਂ ਵਲੋਂ ਮਨੁੱਖਤਾ ਦੀ ਕੀਤੀ ਜਾ ਰਹੀ ਲੁੱਟ ਖ਼ਿਲਾਫ਼ ਜ਼ੋਰਦਾਰ ਢੰਗ ਨਾਲ ਆਰੰਭੀ ਹੋਈ ਮੁਹਿੰਮ, ਜਿਸ ਕਾਰਣ ਅਜਿਹੇ ਪਾਖੰਡੀ ਲੋਕਾਂ ਦੀਆਂ ਝੂਠ ਦੀਆਂ ਦੁਕਾਨਾਂ ਨੂੰ ਭਾਰੀ ਖ਼ਤਰਾ ਪੈਦਾ ਹੋ ਗਿਆ ਸੀ। ਇਹੀ ਕਾਰਣ ਸੀ ਕਿ ਇਹ ਚਾਰੇ ਅਖੌਤੀ ਭਗਤ ਆਪਣੀ ਕਵਿਤਾ ਗੁਰਬਾਣੀ ਨਾਲ ਦਰਜ ਕਰਵਾ ਕੇ ਖ਼ੁਦ ਨੂੰ ਮਾਨਤਾ ਪ੍ਰਾਪਤ ਸਿਧ ਕਰਨਾ ਚਾਹੁੰਦੇ ਸਨ। ਪਰ ਗੁਰੂ ਜੀ ਵਲੋਂ ਸਾਫ਼ ਨਾਂਹ ਕਰ ਦੇਣ ਤੋਂ ਬਾਅਦ ਇਨਾਂ ਵਲੋਂ ਗੁਰੂ ਸਾਹਿਬ ਦਾ ਸਿੱਧਾ ਵਿਰੋਧ ਕੀਤਾ ਜਾਣ ਲੱਗ ਪਿਆ। ਪੀਲੂ ਦਾ ਰਾਬਤਾ ਚੰਦੂ ਨਾਲ ਹੋਣ ਕਰਕੇ ਇਨਾਂ ਵਲੋਂ ਕੀਤੀ ਜਾਂਦੀ ਵਿਰੋਧਤਾ ਨੂੰ ਕਾਫ਼ੀ ਬਲ ਮਿਲਿਆ।

ਸਰਕਾਰੀ ਮੁਲਾਜ਼ਮ ਚੰਦੂ ਸ਼ਾਹ ਨੇ ਜਿਸਦੀ ਲੜਕੀ ਦਾ ਰਿਸ਼ਤਾ ਕਈ ਕਾਰਨਾਂ ਕਰਕੇ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਸਾਹਿਬਜ਼ਾਦੇ ਹਰਗੋਬਿੰਦ ਸਾਹਿਬ ਜੀ ਲਈ ਲੈਣੋਂ ਨਾਂਹ ਕਰ ਦਿੱਤੀ ਸੀ ਆਪਣੇ ਵਲੋਂ ਗੁਰੂ ਘਰ ਵਿਰੁੱਧ ਹਰ ਤਰਾਂ ਦੀ ਸਾਜ਼ਿਸ਼ ਦੀ ਹਿਮਾਇਤ ਕੀਤੀ। ਜ਼ਾਤ ਅਭਿਮਾਨੀ ਹੋਣ ਕਰਕੇ ਉਸਨੇ ਗੁਰੂ ਸ਼ਾਨ ਵਿਰੁੱਧ ਕੁਬੋਲ ਬੋਲ ਕੇ ਭਾਰੀ ਗੁਸਤਾਖ਼ੀ ਵੀ ਕੀਤੀ ਸੀ। ਭਾਵੇਂ ਕਿ ਚੰਦੂ ਕੋਈ ਬਹੁਤੀ ਸਿਰਕੱਢ ਹਸਤੀ ਨਹੀਂ ਸੀ ਪਰ ਸਿਖ ਧਰਮ ਵਿਰੋਧੀ ਤਾਕਤਾਂ ਦਾ ਵੱਡਾ ਮੋਹਰਾ ਅਤੇ ਹਰ ਤਰਾਂ ਦੀ ਸਾਜਿਸ਼ ਦਾ ਅਹਿਮ ਹਿੱਸਾ ਸੀ।

ਜਿਵੇਂ ਕਿ ਹਰ ਇੱਕ ਲਹਿਰ ਨੂੰ ਕਮਜ਼ੋਰ ਅਤੇ ਖ਼ਤਮ ਕਰਨ ਲਈ ਅਜਿਹੇ ਮੋਹਰੇ ਲੱਭੇ ਜਾਂਦੇ ਹਨ ਜਿਨਾਂ ਦਾ ਉਸ ਲਹਿਰ ਨਾਲ ਗੂੜਾ ਸੰਬੰਧ ਹੋਵੇ। ਅਜਿਹੇ ਮੋਹਰੇ ਦੀ ਵਰਤੋਂ ਕਰਕੇ ਉਸੇ ਲਹਿਰ ਵਿੱਚ ਇੱਕ ਹੋਰ ਫ਼ਰਜ਼ੀ ਧਿਰ ਖੜੀ ਕਰਕੇ ਅਸਲ ਲਹਿਰ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਜਾਂਦਾ ਹੈ। ਅਜਿਹਾ ਕੁੱਝ ਹੀ ਉਸ ਸਮੇਂ ਦੇ ਕੱਟੜਪੰਥੀ ਅਤੇ ਰਾਜਸੀ ਤਾਕਤਾਂ ਵਲੋਂ ਕੀਤਾ ਗਿਆ। ਬਾਬਾ ਪ੍ਰਿਥੀ ਚੰਦ ਹੀ ਉਹ ਅਹਿਮ ਮੋਹਰਾ ਸੀ ਜਿਸ ਦੀ ਵਰਤੋਂ ਵਿਰੋਧੀ ਲਾਬੀ ਨੇ ਬੜੀ ਆਸਾਨੀ ਨਾਲ ਕੀਤੀ। ਉਸ ਵਲੋਂ ਗੁਰੂ ਸਾਹਿਬ ਦੀ ਤਰਜ਼ ਤੇ ਹੇਹਰ ਪਿੰਡ ਵਿੱਚ ਆਪਣਾ ਵੱਖਰਾ ਦਰਬਾਰ ਬਣਾਉਣਾ, ਮਸੰਦ ਰੱਖਣੇ, ਬਾਣੀ ਰਚਾਉਣੀ, ਉਸੇ ਦਾ ਕੀਰਤਨ ਕਰਨਾ ਆਦਿ ਅਜਿਹੀਆਂ ਕੁੱਝ ਉਦਾਹਰਣਾਂ ਹਨ। ਸਿਖ ਇਨਕਲਾਬ ਨੂੰ ਖੇਰੂੰ-ਖੇਰੂੰ ਕਰਨ ਲਈ ਹਰ ਤਰਾਂ ਦੀ ਮਦਦ ਪ੍ਰਿਥੀ ਚੰਦ ਨੂੰ ਦਿੱਤੀ ਗਈ। ਸੁਲਹੀ ਖ਼ਾਨ

ਨਾਲ ਉਸ ਦੀਆਂ ਮੁਲਾਕਾਤਾਂ ਇਸੇ ਕੜੀ ਦੀਆਂ ਅਹਿਮ ਹਿਸਾ ਹਨ।

ਗੁਰੂ ਸਾਹਿਬ ਦੁਆਰਾ ਪ੍ਰਚਾਰੀ ਜਾਂਦੀ ਧਰਮ ਵਿਚਾਰਧਾਰਾ ਵਿੱਚ ਹਰ ਤਰਾਂ ਦੇ ਲੋਕ ਹਿੱਤਾਂ ਨੂੰ ਬੇਹੱਦ ਪ੍ਰਮੁਖਤਾ ਦਿੱਤੀ ਗਈ ਹੈ। ਧਰਮ, ਜ਼ਾਤ, ਫੋਕਟ ਰਸਮਾਂ ਰੀਤਾਂ, ਸ਼ਰ੍ਹਾ ਅਤੇ ਸਿੰਮ੍ਰਤੀਆਂ ਦੀਆਂ ਪਾਬੰਦੀਆਂ ਅਤੇ ਵੰਡੀਆਂ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਗਈ। ਲੋਕ ਹਿੱਤਾਂ ਦੀ ਜਾਮਨੀ ਕਰਦੀਆਂ ਉਨਾਂ ਦੀਆਂ ਨੀਤੀਆਂ ਕੱਟੜਪੰਥੀ ਜਮਾਤਾਂ ਨੂੰ ਮੂਲੋਂ ਹੀ ਨਹੀ ਭਾਈਆਂ। ਮਨੱਖੀ ਜੀਵਨ ਦੇ ਹਰ ਪੱਖ ਦੀ ਗੂੜੀ ਤਰਜ਼ਮਾਨੀ ਕਰਦੀ ਗੁਰਮਤਿ ਵਿਚਾਰਧਾਰਾ ਵੱਲ ਆਮ ਲੋਕਾਂ ਦਾ ਝੁਕਾਅ ਹੋਣਾ ਸੁਭਾਵਕ ਸੀ ਜਿਸਨੂੰ ਕੱਟੜਪੰਥੀ ਲੋਕਾਂ ਵਲੋਂ ਬਰਦਾਸ਼ਤ ਕਰਨਾ ਔਖਾ ਸੀ। ਭੇਦ-ਭਾਵ, ਵੰਡ, ਫੋਕਟ ਕਰਮਕਾਂਡ, ਅਤੇ ਹਰ ਤਰਾਂ ਦੀ ਤੰਗਦਿਲੀ ਤੋਂ ਉਭਰ ਕੇ ਇੱਕ ਆਜਾਦ ਅਤੇ ਸੱਚਾਈ ਭਰਪੁਰ ਜੀਵਨ ਜਿਊਣ ਦਾ ਨੁਕਤਾ ਸੁਭਾਵਕ ਹੀ ਹਰ ਇੱਕ ਲਈ ਚਾਨਣ ਮੁਨਾਰਾ ਸੀ। ਭਾਵੇਂ ਕਿ ਸਿਖ ਵਿਰੋਧੀ ਧਿਰਾਂ ਦਾ ਆਪਸ ਵਿੱਚ ਕੋਈ ਸਿਧਾਂਤਕ ਮੇਲ ਨਹੀ ਸੀ ਪਰ ਇਸ ਸਥਿਤੀ ਵਿੱਚ ਉਨਾਂ ਦਾ ਨਿਸ਼ਾਨਾ ਇੱਕ ਸੀ। ਇਸ ਨਿਸ਼ਾਨੇ ਦੀ ਪੂਰਤੀ ਲਈ ਆਪਣੀ-ਆਪਣੀ ਥਾਂ ਸਾਰੀਆਂ ਹੀ ਵਿਰੋਧੀ ਧਿਰਾਂ ਪੂਰਾ-ਪੂਰਾ ਤਾਣ ਲਾ ਰਹੀਆਂ ਸਨ।

ਸਿੱਖ ਧਰਮ ਦੀ ਅਸਲ ਨੀਂਹ ਮਹਾਨ ਪੁਰਖਾਂ ਦੁਆਰਾ ਬਖ਼ਸ਼ੀ ਹੋਈ ਵਿਚਾਰਧਾਰਾ ਹੈ ਜੋ ਗੁਰਬਾਣੀ ਵਿਚੋਂ ਜ਼ਾਹਰ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਨਾਲ ਭਗਤ ਸਾਹਿਬਾਨਾਂ ਦੀ ਬਾਣੀ ਇਕੱਤਰ ਕਰਕੇ ਇੱਕ ਮਹਾਨ ਪਰਉਪਕਾਰ ਕੀਤਾ ਸੀ। ਗੁਰੂ ਅਰਜਨ ਸਾਹਿਬ ਜੀ ਨੇ ਵੱਡੇ ਸਤਿਗੁਰਾਂ ਅਤੇ ਬਾਕੀ ਮਹਾਨਪੁਰਖਾਂ ਦੀ ਬਾਣੀ ਦਾ ਇੱਕ ਥਾਵੇਂ ਸੰਪਾਦਨ ਕਰਕੇ ਇੱਕ ਲਾਸਾਨੀ ਅਤੇ ਮਹਾਨ ਕਾਰਜ ਕੀਤਾ। ਅਜਿਹਾ ਕਰਨ ਨਾਲ ਸਿਖ ਵਿਚਾਰਧਾਰਾ ਪੱਕੇ ਪੈਰੀਂ ਸਥਾਪਤ ਹੋ ਗਈ ਅਤੇ ਇਸ ਨੂੰ ਗ੍ਰੰਥ ਦਾ ਰੂਪ ਮਿਲਣ ਕਰਕੇ ਸਿਖ ਵਿਚਾਰਧਾਰਾ ਨੂੰ ਮੰਨਣ ਵਾਲੇ ਸਾਰੇ ਲੋਕਾਂ ਨੇ ਇਸ ਨੂੰ ਰੱਬੀ ਗਿਆਨ ਸਮਝ ਕੇ ਸਤਿਕਾਰ ਕੀਤਾ। ਬਾਕੀ ਗ੍ਰੰਥਾਂ ਦੀ ਵਿਚਾਰਧਾਰਾ ਨੂੰ ਲੈ ਕੇ ਆਪਸੀ ਵਾਦ ਵਿਵਾਦ, ਕਲੇਸ਼ ਆਮ ਜਿਹੀ ਗੱਲ ਸੀ। ਪਰ ਅਜਿਹੀਆਂ ਸਾਰੀਆਂ ਰੂੜੀਵਾਦੀ ਵਿਚਾਰਧਾਰਾਵਾਂ ਦਾ ਖੰਡਨ ਕਰਦੀ ਗੁਰਬਾਣੀ ਦਾ ਸੰਪਾਦਨ ਹੋ ਕੇ ਇੱਕ ਗ੍ਰੰਥ ਦਾ ਰੂਪ ਧਾਰਨ ਕਰਨਾ ਰੂੜੀਵਾਦੀਆਂ ਲਈ ਅਸਹਿ ਸੀ। ਗੁਰੂ ਅਮਰਦਾਸ ਜੀ ਦੇ ਸਮੇਂ ਗੁਰੂ-ਬਾਣੀ ਵਿਰੁੱਧ ਅਕਬਰ ਕੋਲ ਹੋਈਆਂ ਸ਼ਿਕਾਇਤਾਂ ਇਸ ਵਿਰੋਧ ਦਾ ਆਧਾਰ ਬਣੀਆਂ।

ਤੁਲਸੀ ਦੀ ਲਿਖੀ ਹੋਈ ਰਾਮਾਇਣ ਵਿੱਚ ਬਿਨਾਂ ਕੋਈ ਠੋਸ ਵਿਚਾਰਧਾਰਾ ਦਿਤਿਆਂ ਕੇਵਲ ਸ੍ਰੀ ਰਾਮ ਚੰਦਰ ਜੀ ਦੇ ਗੁਣ ਹੀ ਗਾਏ ਅਤੇ ਨਾਲ ਹੀ "ਕਵਨ ਨ੍ਰਿਪ ਹੋਇ ਹਮੇਂ ਕਿਆ ਹਾਨੀ" ਆਦਿਕ ਲਿਖ ਕੇ ਆਪਣੇ ਆਪ ਨੂੰ ਬਾਕੀ ਸਾਰਿਆ ਮੁੱਦਿਆਂ ਤੋਂ ਬੜੀ ਸਫ਼ਾਈ ਨਾਲ ਪਾਸੇ ਕਰ ਲਿਆ। ਹਿੰਦੂ ਜਨਤਾ ਤੇ ਹੋ ਰਹੇ ਸਰਕਾਰੀ ਜਬਰ ਬਾਰੇ ਇੱਕ ਵੀ ਲਫ਼ਜ ਤੱਕ ਨਾ ਲਿਖਿਆ ਭਾਵੇਂ ਕਿ ਉਹ ਆਪ ਵੀ ਬ੍ਰਾਹਮਣ ਸੀ ਅਤੇ ਹਰ ਗੱਲ ਤੋਂ ਚੰਗੀ ਤਰਾਂ ਵਾਕਿਫ਼ ਸੀ। ਯਾਦ ਰਹੇ ਇਹ ਰਾਮਾਇਣ ਅਕਬਰ ਬਾਦਸਾਹ ਦੇ ਸਮੇਂ ਰਚੀ ਗਈ ਸੀ ਅਤੇ ਇਸ ਲਈ ਸਰਕਾਰੀ ਤੌਰ ਤੇ ਵਜ਼ੀਫ਼ਾ ਵੀ ਲੇਖਕ ਨੂੰ ਦਿੱਤਾ ਗਿਆ ਸੀ। ਪਰ ਗੁਰਬਾਣੀ ਅੰਦਰ ਹਰ ਤਰਾਂ ਦੇ ਪੱਖਾਂ ਨੂੰ ਬੜੀ ਸੰਜੀਦਗੀ ਨਾਲ ਛੋਹਿਆ ਗਿਆ ਹੈ ਹਰ ਪੱਖ ਦੇ ਵਰਤਾਰੇ ਦੀ ਪੂਰੀ ਤਸਵੀਰ ਦਿਖਾਈ ਗਈ ਹੈ। ਜਿਵੇਂ-

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥

(722)

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ (145)

ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਬਾਦਸਾਹ ਜਹਾਂਗੀਰ ਜੋ ਕਿ ਇੱਕ ਤੁਅਸਬੀ ਇਨਸਾਨ ਸੀ ਕੱਟੜਪੰਥੀ, ਤੁਅੱਸਬੀ, ਅਤੇ ਫ਼ਿਰਕੂ ਤਾਕਤਾਂ ਦੇ ਪੂਰੀ ਤਰਾਂ ਅਧੀਨ ਸੀ। ਨਕਸ਼ਬੰਦੀ ਫ਼ਿਰਕੇ ਦੇ ਆਗੂ ਸ਼ੇਖ਼ ਅਹਿਮਦ ਸਰਹੰਦੀ ਦੀਆਂ ਨੀਤੀਆਂ ਅਨੁਸਾਰ ਹਰ ਤਰਾਂ ਨਾਲ ਇਸਲਾਮ ਦਾ ਵਾਧਾ ਕਰਨਾ ਚਾਹੀਦਾ ਹੈ ਭਾਵੇਂ ਇਸ ਲਈ ਕੋਈ ਵੀ ਰਾਹ ਅਪਣਾਇਆ ਜਾਵੇ। ਉਹ ਇਸਲਾਮ ਤੋਂ ਬਿਨਾਂ ਹੋਰ ਕਿਸੇ ਵੀ ਧਰਮ, ਫ਼ਿਰਕੇ ਨੂੰ ਬਰਦਾਸ਼ਤ ਨਹੀਂ ਸੀ ਕਰਦਾ। ਗੁਰੂ ਅਰਜਨ ਸਾਹਿਬ ਉਸ ਸਮੇਂ ਪੰਜਾਬ ਵਿੱਚ ਸਭ ਤੋਂ ਵੱਡੀ ਧਿਰ ਸਨ ਜਿਨਾਂ ਦੇ ਪ੍ਰਭਾਵ ਨੂੰ ਢਾਹ ਲਾਉਣੀ ਪੂਰੀ ਤਰਾਂ ਅਸੰਭਵ ਸੀ। ਅਜਿਹੀ ਸਥਿਤੀ ਵਿੱਚ ਸ਼ੇਖ਼ ਅਹਿਮਦ ਸਰਹੰਦੀ ਜਿਸ ਦਾ ਕਈ ਕਾਰਨਾਂ ਕਰਕੇ ਜਹਾਂਗੀਰ ਤੇ ਕਾਫ਼ੀ ਅਸਰ ਰਸੂਖ਼ ਸੀ ਨੇ ਗੁਰੂ ਘਰ ਦੇ ਖ਼ਿਲਾਫ਼ ਮੁਹਿੰਮ ਪੂਰੀ ਤਰਾਂ ਜਾਰੀ ਰੱਖੀ। ਉਸ ਦੀ ਇਸ ਮੁਹਿੰਮ ਨੂੰ ਕਾਮਯਾਬ ਕਰਨ ਵਿੱਚ ਸ਼ੇਖ਼ ਫ਼ਰੀਦ ਬੁਖਾਰੀ ਨੇ ਜੋ ਕਿ ਪ੍ਰਭਾਵਸ਼ਾਲੀ ਸਰਕਾਰੀ ਨੁੰਮਾਇੰਦਾ ਸੀ ਹਰ ਤਰਾਂ ਦੀ ਮਦਦ ਕੀਤੀ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਉਸ ਵਲੋਂ ਆਪਣੇ ਨਜ਼ਦੀਕੀ ਅਤੇ ਸੇਵਕ ਸ਼ੇਖ਼ ਫ਼ਰੀਦ ਬੁਖਾਰੀ (ਮੁਰਤਜ਼ਾ ਖ਼ਾਨ) ਨੂੰ ਵਧਾਈ ਵੀ ਭੇਜੀ ਗਈ।

ਸਿਖ ਕੌਮ ਦਾ ਆਜ਼ਾਦ ਹਸਤੀ ਤਹਿਤ ਵਿਚਰਨਾ ਸਮੇਂ ਦੀ ਸਰਕਾਰ ਨੂੰ ਨਾਪਸੰਦ ਸੀ। ਸਿਖਾਂ ਵਲੋਂ ਆਪਣੀ ਹੀ ਕਿਸਮ ਦਾ ਸੱਭਿਆਚਾਰ ਅਤੇ ਸਿਸਟਮ ਬਣਾਇਆ ਹੋਇਆ ਸੀ। ਆਪਣਾ ਕੋਈ ਵੀ ਮਸਲਾ ਸਿਖ ਸੰਗਤ ਜਾਂ ਗੁਰੂ ਸਾਹਿਬ ਕੋਲੋਂ ਹੱਲ ਕਰਵਾਉਣਾ, ਦਸਵੰਧ ਦੇਣਾ, ਨਗਰਾਂ ਦੀ ਉਸਾਰੀ ਅਤੇ ਵਿਕਾਸ, ਆਪਣੀ ਤਾਕਤ ਦਾ ਹਰ ਤਰਾਂ ਨਾਲ ਵਾਧਾ, ਅਜਿਹੀਆਂ ਸਾਰੀਆਂ ਚੀਜ਼ਾਂ ਸਰਕਾਰ ਦਾ ਰਵੱਈਆ ਸਿਖਾਂ ਪ੍ਰਤੀ ਸਖ਼ਤ ਕਰਦੀਆਂ ਸਨ। ਸਰਕਾਰੀ ਤੰਤਰ ਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਰਾਜ ਵਿੱਚ ਰਾਜ ਬਣ ਰਿਹਾ ਹੈ। ਆਮ ਲੋਕਾਂ ਦੀ ਆਤਮ ਨਿਰਭਰਤਾ ਹੰਕਾਰੀ ਅਤੇ ਹਾਕਮਤਾਈ ਵਾਲੀ ਸੋਚ ਨੂੰ ਮੂਲੋਂ ਹੀ ਨਹੀਂ ਸੀ ਭਾਉਂਦੀ।

ਗੁਰਮਤਿ ਸਿਧਾਂਤਾਂ ਦਾ ਹਰ ਇੱਕ ਮਜ਼ਹਬ, ਧਰਮ ਨਾਲੋਂ ਨਿਵੇਕਲੇ ਹੋਣਾ ਵੀ ਇੱਕ ਅਜਿਹਾ ਕਾਰਨ ਸੀ ਜਿਹੜਾ ਕਾਜ਼ੀ, ਮੁੱਲਾਂ, ਬ੍ਰਾਹਮਣ, ਪੰਡਿਤ, ਜੋਗੀ ਅਤੇ ਹੋਰ ਧਾਰਮਿਕਤਾ ਦੇ ਠੇਕੇਦਾਰਾਂ ਨੂੰ ਨਾਗਵਾਰ ਗੁਜ਼ਰਿਆ। ਅਕਬਰ ਕੋਲ ਇਨ੍ਹਾਂ ਸਾਰਿਆਂ ਦੀਆਂ ਗੁਰੂ ਘਰ ਵਿਰੁੱਧ ਕੀਤੀਆਂ ਸ਼ਿਕਾਇਤਾਂ ਜਿਸ ਲਈ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੇ ਅਕਬਰ ਦੇ ਦਰਬਾਰ ਵਿੱਚ ਗੁਰੂ ਘਰ ਦਾ ਪੱਖ ਰੱਖ ਕੇ ਝੂਠ ਸੱਚ ਦਾ ਨਿਤਾਰਾ ਕੀਤਾ ਸੀ ਇਸ ਗੱਲ ਦਾ ਸਬੂਤ ਹਨ ਕਿ ਸਿੱਖ ਧਰਮ ਦੀ ਵੱਖਰਤਾ ਤੋਂ ਇਹ ਧਿਰਾਂ ਪੂਰੀ ਤਰਾਂ ਤਿਲਮਿਲਾਈਆਂ ਹੋਈਆਂ ਸਨ।

ਭਾਵੇਂ ਇਨ੍ਹਾਂ ਵਿਚੋਂ ਪਹਿਲੇ ਗੁਰੂ ਸਾਹਿਬਾਂ ਵੇਲੇ ਵੀ ਕਈ ਕਾਰਨ ਜਿਉਂ ਦੇ ਤਿਉਂ ਸਨ ਪਰ ਰਾਜਨੀਤਕ ਹਾਲਾਤਾਂ ਕਾਰਨ ਗੁਰੂ ਘਰ ਦੀ ਹੁੰਦੀ ਵਿਰੋਧਤਾ ਨੇ ਇਹੋ ਜਿਹਾ ਰੂਪ ਨਹੀਂ ਧਾਰਿਆ ਸੀ ਜਿਹੜਾ ਗੁਰੂ ਅਰਜਨ ਸਾਹਿਬ ਵੇਲੇ। ਗੁਰੂ ਅਰਜਨ ਸਾਹਿਬ ਭਾਰਤ ਦੇ ਪਹਿਲੇ ਸ਼ਹੀਦ ਹਨ ਜਿਨਾਂ ਨੇ ਮਨੁੱਖੀ ਹੱਕਾਂ ਲਈ ਕੁਰਬਾਨੀ ਦਿੱਤੀ।

-0-

ਸਫਾ 7 ਦਾ ਬਾਕੀ **ਅਨੰਦੁ ਸਾਹਿਬ...** **ਸਫਾ 7 ਦਾ ਬਾਕੀ**

(ਫਿਦਾਏ ਓ ਸ਼ੌ, ਵ ਉਜ਼ਾਰੇ ਮਖਾਹ, ਐ 'ਗੋਇਆ',
ਕਿ ਦਰ ਤਰੀਕਤਿ ਮਾ, ਜਾਏ ਉਜ਼ਰ ਖਾਹੀ ਨੇਸਤ।
(ਭਾਈ ਨੰਦ ਲਾਲ ਜੀ 'ਗੋਇਆ')

ਭਾਵ- ਐ ਗੋਇਆ, ਤੂੰ ਇਸ ਪਿਆਰੇ ਸਤਿਗੁਰੂ ਤੋਂ ਵਾਰਨੇ ਜਾ, ਅਤੇ ਇਸ ਵਿਚ ਕਿਸੇ ਪ੍ਰਕਾਰ ਦੀ ਬਹਾਨਾ ਸਾਜ਼ੀ ਨਾ ਕਰ, ਕਿਉਕਿ ਸਾਡੇ ਮੱਤ (ਗੁਰਸਿੱਖੀ) ਵਿਚ ਅੱਗੋਂ ਅੁਜ਼ਰ (ਚੂੰ ਚਿਨਾਂ) ਕਰਨ ਦੀ ਕੋਈ ਗੁੰਜਾਇਸ਼ ਨਹੀਂ। ਪ੍ਰੇਮ ਦੀ ਖੇਡ ਵਿਚ "ਸਿਰੁ ਧਰਿ ਤਲੀ ਗਲੀ ਮੇਰੀ ਆਉ" ਦਾ ਦੈਵੀ ਦਸਤੂਰ ਅਤੇ "ਸਿਰੁ ਦੀਜੈ ਕਾਣਿ ਨ ਕੀਜੈ" (ਮ:1) ਦੀ ਪਰਮ ਰੀਤ ਹੈ।

(ਅ) ਦਰ ਹਾਸਲਿ ਉਮਰ, ਆਂ ਚਿ: ਯਾਫ਼ਤਾ-ਏਮ।
ਦਰ ਹਰ ਦੋ ਜਹਾਂ , ਯਾਦਿ ਖੁਦਾ ਯਾਫ਼ਤਾ-ਏਮ।
ਈਂ ਹਸਤੀਇ ਖੇਸ਼, ਬਲਾ ਬ-ਵਦ ਅਜ਼ੀਮ।
ਅਜ਼ ਖੇਸ਼ ਗੁਜ਼ਸ਼ਤੇਮ, ਖ਼ੁਦਾ ਯਾਫਤਾ-ਏਮ। (ਰੁਬਾਈ 13)

ਭਾਵ- ਇਸ ਆਯੂ ਦੇ ਲਾਭ ਵਿਚੋਂ ਉਹ ਕੀ ਹੈ ਜੋ ਅਸਾਂ ਪ੍ਰਾਪਤ ਕੀਤਾ ਹੈ, ਖੱਟਿਆ ਹੈ; ਦੋਹਾਂ ਲੋਕਾਂ ਵਿਚ ਅਸਾਂ ਸਭ ਤੋਂ ਸ੍ਰੇਸ਼ਟ ਰੱਬ ਦੀ ਯਾਦ ਹੀ ਲੱਭੀ ਹੈ। ਇਹ ਆਪਣੀ ਹਸਤੀ (ਮੈਂ, ਮੇਰੀ) ਵੱਡੀ ਬਲਾ ਹੈ ; ਜਦ ਅਸੀਂ "ਆਪਾ ਭਾਵ"(ਹਉਮੈਂ) ਤੋਂ ਅੱਗੇ ਲੰਘ ਗਏ ਹਾਂ, ਤਾਂ ਵਾਹਿਗੁਰੂ ਨੂੰ ਲੱਭ ਲਿਆ।

ਅਨੁਵਾਦ): ਆਪਣੀ ਸਾਰੀ ਆਯੂ ਪਾਸੋ ਲਾਭ ਮੈਂ ਇਕੋ ਪਾਇਆ।
ਦੋਹੀਂ ਜਹਾਨੀ ਗੀਤ ਅਸਾਂ ਨੇ, ਓਸ ਰੱਬ ਦਾ ਗਾਇਆ।
ਮੈ-ਮੇਰੀ ਦੀ ਹਉਮੈ ਜਾਣੋ, ਜਗ ਵਿਚ ਬਿਪਤਾ ਭਾਰੀ,
ਇਸ ਤੋਂ ਜਦੋਂ ਅਗੇਰੇ ਲੰਘਿਆ, ਮਾਹੀ ਆ ਗਲ ਲਗਿਆ।
(ਸਾਚੀ ਪ੍ਰੀਤਿ)

ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦੇ ਕਾਰਣ ਤੇ ਪ੍ਰਭਾਵ

-ਰਣਜੀਤ ਸਿੰਘ 99155-15436

ਸੱਚਾਈ ਅਤੇ ਧਰਮ ਦਾ ਪੱਖ ਪੂਰਨ ਲਈ ਸਿੱਖ ਮੱਤ ਦੇ ਪੈਰੋਕਾਰਾਂ ਨੇ ਜੋ ਦ੍ਰਿੜਤਾ ਤੇ ਅਡੋਲਤਾ ਦਿਖਾਈ ਹੈ, ਉਹ ਨਿਸ਼ਚੇ ਤੇ ਬੇਮਿਸਾਲ ਤੇ ਲਾਸਾਨੀ ਹੈ। ਦੇਗਾਂ ਦਾ ਉਬਾਲ, ਤੱਤੀ ਤਵੀ ਦਾ ਸੇਕ, ਆਰੇ ਦੇ ਤੀਖਣ ਦੰਦੇ, ਰੰਬੀ ਦੀ ਤੇਜ਼ ਧਾਰ, ਸਰਹੰਦ ਦੀਆਂ ਨੀਹਾਂ, ਚਰਖੜੀ ਦਾ ਭਿਆਨਕ ਦੁੱਖ, ਜੰਬੂਰਾਂ ਨਾਲ ਸਰੀਰ ਦਾ ਮਾਸ ਤੋੜਨਾ, ਟੋਕੇ ਦੁਆਰਾ ਸਰੀਰ ਦੇ ਬੰਦ ਬੰਦ ਕੱਟਨ ਵਰਗੇ ਜ਼ੁਲਮਾਂ ਉਪਰੰਤ ਵੀ ਸਿੱਖ ਮੱਤ ਦੇ ਧਾਰਨੀਆਂ ਦੇ ਸਚਾਈ ਤੇ ਧਰਮ ਪ੍ਰਤੀ ਪਿਆਰ ਵਿੱਚ ਮਾਮੂਲੀ ਜਿਹਾ ਘਾਟਾ ਵੀ ਨਹੀਂ ਲਿਆ ਸਕੇ।

ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਕਿੰਨੇ ਭਿਆਨਕ ਤੇ ਦਿਲ ਕੰਬਾਊ ਤਸੀਹਿਆਂ ਦੁਆਰਾ ਹੋਈ ਅਤੇ ਸਤਿਗੁਰੂ ਜੀ ਵੱਲੋਂ ਕਿੰਨੀ ਸੂਰਮਗਤੀ ਅਤੇ ਦ੍ਰਿੜਤਾ ਦਾ ਸਬੂਤ ਦਿੱਤਾ ਗਿਆ। ਇਹ ਸਾਡੇ ਇਤਿਹਾਸ ਦਾ ਹੀ ਨਹੀਂ ਬਲਕਿ ਸੰਸਾਰ ਭਰ ਦੇ ਇਤਿਹਾਸ ਦਾ ਬੇਮਿਸਾਲ ਤੇ ਲਾਸਾਨੀ ਵਾਕਿਆ ਹੈ। ਭੁੱਖਾ ਪਿਆਸਾ ਰੱਖ ਕੇ, ਦੇਗ ਵਿੱਚ ਉਬਾਲ ਕੇ, ਗਰਮ ਤਵੀ ਉਤੇ ਬਿਠਾ ਕੇ, ਅੱਗ ਬਲਦੀ ਰੇਤ ਸਰੀਰ ਉਤੇ ਪਾ ਕੇ, ਫਿਰ ਠੰਡੇ ਪਾਣੀ ਵਿੱਚ ਛਾਲਿਆਂ ਨਾਲ ਭਰੇ ਸਰੀਰ ਨੂੰ ਡੋਬ ਕੇ ਚਾਰ ਪੰਜ ਦਿਨ ਦੇ ਲੰਬੇ ਸਮੇਂ ਤੱਕ ਜੋ ਦਰਦਨਾਕ ਤੇ ਖੌਫਨਾਕ ਤਸੀਹੇ ਦਿੱਤੇ ਗਏ, ਉਹ ਨਿਸ਼ਚੇ ਤੌਰ ਤੇ ਹੀ ਦਿਲ ਕੰਬਾਊ ਹਨ। ਪਰ ਨਾਲ ਹੀ ਸਤਿਗੁਰੂ ਜੀ ਵੱਲੋਂ ਦਿਖਾਈ ਅਡੋਲਤਾ ਤੇ ਦ੍ਰਿੜਤਾ ਵੀ ਹੈਰਾਨ ਕਰਨ ਵਾਲੀ ਹੈ ਅਤੇ ਸਾਰੇ ਹੀ ਇਤਿਹਾਸਕਾਰ ਇਸ ਉਤੇ ਇਕੋ ਮੱਤ ਹੀ ਰੱਖਦੇ ਹਨ। ਪਰ ਪੂਰੀ ਖੋਜ ਦੀ ਘਾਟ ਕਾਰਣ ਸ਼ਹਾਦਤ ਦੇ ਅਸਲ ਕਾਰਣ ਅਤੇ ਬੀਤੇ ਹਾਲਾਤ ਦੇ ਵੇਰਵਿਆਂ ਬਾਰੇ ਅੱਡ ਅੱਡ ਲਿਖਾਰੀਆਂ ਨੇ ਵੱਖ ਵੱਖ ਵਿਚਾਰ ਪੇਸ਼ ਕੀਤੇ ਹਨ। ਕਿਤੇ ਜਾਣਕਾਰੀ ਦੀ ਘਾਟ ਹੈ ਤੇ ਕਿਤੇ ਲਿਖਾਰੀ ਦੀ ਫਿਰਕੂ ਰੁਚੀ ਤੇ ਕਿਤੇ ਜਾਣ ਬੁੱਝ ਕੇ ਵਾਕਿਆ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ ਅਤੇ ਕਿਤੇ ਮੱਖੀ ਉਤੇ ਮੱਖੀ ਮਾਰੀ ਗਈ ਹੈ। ਕੁੱਝ ਘਟਨਾਵਾਂ ਮਨਘੜਤ ਹਨ ਤੇ ਕੁੱਝ ਘਟਨਾਵਾਂ ਐਸੀਆਂ ਹਨ ਜੋ ਵਾਪਰੀਆਂ ਜਰੂਰ ਹਨ ਪਰ ਉਹਨਾਂ ਦਾ ਸ਼ਹਾਦਤ ਨਾਲ ਸਬੰਧ ਉਸ ਕਿਸਮ ਦਾ ਨਹੀਂ ਜਿਵੇਂ ਬਿਆਨ ਕੀਤਾ ਗਿਆ ਹੈ।

ਸ਼ਹਾਦਤ ਦਾ ਮੂਲ ਕਾਰਣ ਸਿੱਖ ਧਰਮ ਦਾ ਵਧ ਰਿਹਾ ਪ੍ਰਚਾਰ ਸੀ। ਇਸ ਪ੍ਰਚਾਰ ਸਦਕਾ ਜਿੱਥੇ ਲੱਖਾਂ ਦੀ ਗਿਣਤੀ ਵਿੱਚ ਹਿੰਦੂ, ਸਿੱਖ ਮੱਤ ਧਾਰਨ ਕਰ ਰਹੇ ਸਨ ਉਥੇ ਬਹੁਤ ਸਾਰੇ ਮੁਸਲਮਾਨ ਵੀ ਸਿੱਖ ਮੱਤ ਵੱਲ ਪ੍ਰੇਰੇ ਜਾ ਰਹੇ ਸਨ। ਸਿੱਖੀ ਦੇ ਇਸ ਵਾਧੇ ਨੂੰ ਕੱਟੜ ਮੁਸਲਮਾਨ ਤੇ ਉਚ ਜਾਤੀਏ ਬ੍ਰਾਹਮਣ ਸਹਾਰ ਨਾ ਸਕੇ। ਅਸਲ ਵਿੱਚ ਸਿੱਖ ਮੱਤ ਦੇ ਅਸੂਲ ਹੀ ਏਨੇ ਸੁਚੱਜੇ ਸਨ ਕਿ ਲੋਕ ਇਸ ਵੱਲ ਖਿੱਚੇ ਆ ਰਹੇ ਸਨ। ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਇਸ ਨਰੋਏ ਮੱਤ ਨੂੰ ਕੇਵਲ ਹਿੰਦੋਸਤਾਨ ਵਿੱਚ ਹੀ ਨਹੀਂ ਸਗੋਂ ਏਸ਼ੀਆ ਦੇ ਕਈ ਦੇਸ਼ਾਂ, ਯੋਰਪ ਤੇ ਅਫਰੀਕਾ ਦੇ ਕਈ ਭਾਗਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰਿਆ। ਗੈਰ ਸਿੱਖ ਲਿਖਾਰੀਆਂ ਨੇ ਜੋ ਤੱਥ ਪੇਸ਼ ਕੀਤੇ ਹਨ ਉਸ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਨੇ ਤਿੰਨ ਕਰੋੜ ਲੋਕਾਂ ਨੂੰ ਖੁਦ ਗੁਰਦੀਖਿਆ ਦੇ ਕੇ ਆਪਣੇ ਇਸ ਨਵੇਂ ਮੱਤ ਵਿੱਚ ਸ਼ਾਮਲ ਕੀਤਾ। ਇਹਨਾਂ ਵਿੱਚ ਜਿੱਥੇ ਆਮ ਲੁਕਾਈ ਸ਼ਾਮਲ ਸੀ ਉਥੇ ਵੱਡੇ ਵੱਡੇ ਵਿਦਵਾਨ, ਧਾਰਮਿਕ ਆਗੂ ਤੇ ਰਾਜੇ ਮਹਾਰਾਜੇ ਵੀ ਸ਼ਾਮਲ ਸਨ।

ਗੁਰੂ ਅੰਗਦ ਸਾਹਿਬ ਜੀ ਨੇ ਆਪਣੇ ਗੁਰੂ ਕਾਲ ਵਿੱਚ ਸਿੱਖੀ ਪ੍ਰਚਾਰ ਨੂੰ ਨਿਯਮਬੱਧ ਯੋਜਨਾ ਨਾਲ ਹੋਰ ਅੱਗੇ ਫੈਲਾਇਆ। ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖੀ ਦਾ ਘੇਰਾ ਏਨਾ ਵਧ ਗਿਆ ਸੀ ਕਿ ਉਹਨਾਂ ਨੇ ਸਾਰੇ ਇਲਾਕੇ ਨੂੰ 22 ਹਿੱਸਿਆਂ ਵਿੱਚ ਵੰਡ ਕੇ ਉਚੇ ਤੇ ਸੁੱਚੇ ਜੀਵਨ ਵਾਲੇ 22 ਪ੍ਰਚਾਰਕਾਂ ਨੂੰ ਇੱਕ ਇੱਕ ਇਲਾਕੇ ਵਿੱਚ ਪ੍ਰਚਾਰ ਕਰਨ ਦੀ ਜੁੰਮੇਵਾਰੀ ਸੌਂਪੀ। ਇਹਨਾਂ ਇਲਾਕਿਆਂ ਨੂੰ ਮੰਜੀਆ ਕਿਹਾ ਜਾਂਦਾ ਸੀ ਤੇ ਮੁੱਖ ਪ੍ਰਚਾਰਕਾਂ ਨੂੰ ਮੰਜੀਦਾਰ ਦਾ ਖਿਤਾਬ ਦਿੱਤਾ ਗਿਆ। ਇਸ ਤੋਂ ਇਲਾਵਾ ਕੁੱਝ ਹੋਰ ਸਬਖ਼ਸੈਂਟਰ ਬਣਾਏ ਗਏ ਜਿਹਨਾਂ ਨੂੰ ਪੀੜ੍ਹੇ ਕਿਹਾ ਜਾਂਦਾ ਸੀ। ਇਤਿਹਾਸ ਵਿੱਚ ਇਹਨਾਂ ਦੀ ਗਿਣਤੀ 52 ਦਰਸਾਈ ਗਈ ਹੈ। ਇਸ ਤਰ੍ਹਾਂ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੇ ਸਿੱਖ ਮੱਤ ਧਾਰਨ ਕੀਤਾ। ਇੱਕ ਮੰਜੀ ਮੁਸਲਮਾਨ ਫਕੀਰ ਅੱਲਾ ਯਾਰ ਢਾਨ ਨੂੰ ਵੀ ਬਖਸ਼ਸ਼ ਕਰਕੇ ਵੱਡਾ ਇਲਾਕਾ ਸੌਂਪਿਆ ਗਿਆ।

ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖ ਮੱਤ ਏਨੀ ਦੂਰ ਤੱਕ ਫੈਲ ਗਿਆ ਸੀ ਕਿ 22 ਪ੍ਰਚਾਰਕਾਂ ਦੀ ਵੀ ਘਾਟ ਮਹਿਸੂਸ ਹੋਣ ਲੱਗੀ। ਅੰਮ੍ਰਿਤਸਰ ਪ੍ਰਚਾਰ ਕੇਂਦਰ ਬਣਨ ਕਰਕੇ ਸਿੱਖੀ ਦਾ ਦਾਇਰਾ ਹੋਰ ਵੀ ਵਧਣਾ ਸ਼ੁਰੂ ਹੋ ਗਿਆ।ਦੂਰ ਦੂਰ ਤੱਕ ਸਿੱਖੀ ਦਾ ਵਿਸਥਾਰ ਹੋਣ ਕਾਰਨ 22 ਪ੍ਰਚਾਰਕਾਂ ਤੋਂ ਪੂਰਾ ਕੰਟਰੋਲ ਨਹੀਂ ਹੋ ਰਿਹਾ ਸੀ। ਗੁਰੂ ਰਾਮਦਾਸ ਜੀ ਨੇ ਭਾਰੀ ਗਿਣਤੀ ਵਿੱਚ ਉਚੇ ਤੇ ਸੁੱਚੇ ਜੀਵਨ ਪ੍ਰਚਾਰਕ ਤਿਆਰ ਕੀਤੇ ਜਿਹਨਾਂ ਨੂੰ ਮਸੰਦ ਕਿਹਾ ਜਾਂਦਾ ਸੀ। ਇਹਨਾਂ ਮਸੰਦਾਂ ਨੇ ਦੂਰ ਦੂਰ ਤੱਕ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਨਾਲ ਹੀ ਸੰਗਤਾਂ ਵੱਲੋਂ ਦਸਵੰਧ ਦੀ ਰਕਮ ਇਕੱਠੀ ਕਰਕੇ ਲਿਆਉਂਦੇ ਜਿਸ ਨਾਲ ਲੋਕ ਭਲਾਈ ਦੇ ਕੰਮਾਂ ਵਿੱਚ ਵੀ ਵਾਧਾ ਹੋਣ ਲੱਗ ਪਿਆ।

ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਸਿੱਖ ਮੱਤ ਦਾ ਪ੍ਰਚਾਰ ਬਹੁਤ ਤੇਜ਼ੀ ਨਾਲ ਵਧ ਚੁੱਕਾ ਸੀ। ਦੁਆਬੇ ਦੇ ਇਲਾਕੇ ਵਿੱਚ ਪ੍ਰਚਾਰ ਸਮੇਂ ਜਲੰਧਰ ਦਾ ਗਵਰਨਰ ਸਯਦ ਅਜ਼ੀਮ ਖਾਨ ਸਿੱਖੀ ਦੇ ਅਸੂਲਾਂ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਗੁਰੂ ਪਾਤਸ਼ਾਹ ਨੂੰ ਉਚੇਚੇ ਤੌਰ ਤੇ ਬੇਨਤੀ ਕੀਤੀ ਕਿ ਉਸ ਦੇ ਇਲਾਕੇ ਵਿੱਚ ਇੱਕ ਪ੍ਰਚਾਰ ਸੈਂਟਰ ਕਾਇਮ ਕੀਤਾ ਜਾਵੇ। ਸੋ ਉਸ ਦੀ ਬੇਨਤੀ ਪ੍ਰਵਾਨ ਕਰਕੇ ਗੁਰੂ ਪਾਤਸ਼ਾਹ ਨੇ ਜਲੰਧਰ ਦੇ ਨੇੜੇ ਨਵਾਂ ਨਗਰ ਕਰਤਾਰਪੁਰ ਵਸਾ ਕੇ ਸਿੱਖੀ ਦਾ ਮਹਾਨ ਕੇਂਦਰ ਕਾਇਮ ਕੀਤਾ। ਵਜ਼ੀਰ ਖਾਨ ਦਰਬਾਰੀ ਤੇ ਸਾਂਈ ਮੀਆਂ ਮੀਰ ਵਰਗੇ ਮੁਸਲਮਾਨ ਧਾਰਮਿਕ ਆਗੂ ਵੀ ਗੁਰੂ ਸਾਹਿਬ ਦੇ ਸ਼ਰਧਾਲੂ ਬਣ ਗਏ। ਸਿੱਖੀ ਦਾ ਪ੍ਰਚਾਰ ਏਨੀ ਤੇਜ਼ੀ ਨਾਲ ਹੋ ਰਿਹਾ ਸੀ ਕਿ ਉਚ ਜਾਤੀਏ ਬ੍ਰਾਹਮਣੇ ਤੇ ਕੱਟੜ ਮੁਸਲਮਾਨ ਦੁਖੀ ਹੋ ਕੇ ਇਸ ਦੇ ਵਿਰੋਧ ਵਿੱਚ ਵਿਉਂਤਾ ਘੜਨ ਲੱਗੇ।

ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਅਕਬਰ ਬਾਦਸ਼ਾਹ ਦਾ ਰਾਜ ਸੀ। ਇਹ ਖੁੱਲ ਦਿਲਾ ਬਾਦਸ਼ਾਹ ਸੀ ਤੇ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਸੀ ਪਰ ਕੱਟੜ ਮੁਸਲਮਾਨਾਂ ਨੂੰ ਇਹ ਗੱਲ ਪਸੰਦ ਨਹੀਂ ਸੀ। ਉਹ ਇਹ ਚਾਹੁੰਦੇ ਸਨ ਕਿ ਹਿੰਦੋਸਤਾਨ ਵਿੱਚ ਕੇਵਲ ਤੇ ਕੇਵਲ ਇਸਲਾਮੀ ਰਾਜ ਕਾਇਮ ਹੋਵੇ। ਅਕਬਰ ਦੇ ਸਮੇਂ ਹੀ ਹਿੰਦੋਸਤਾਨ ਵਿੱਚ ਸੂਫੀਆਂ ਦੇ 14 ਡੇਰੇ ਜਾਂ ਅਖਾੜੇ ਸਨ ਜਿਹਨਾਂ ਨੂੰ ਸਿਲਸਲਹ ਕਿਹਾ ਜਾਂਦਾ ਸੀ। ਇਹ ਡੇਰੇ ਇਸਲਾਮ ਮੱਤ ਦਾ ਪ੍ਰਚਾਰ ਕਰ ਰਹੇ ਸਨ। ਅਕਬਰ ਦੇ ਜੀਵਨ ਦੇ ਅਖੀਰਲੇ ਸਾਲਾਂ ਵਿੱਚ ਇੱਕ ਨਵਾਂ ਸਿਲਸਲਹ ਹਿੰਦੋਸਤਾਨ ਵਿੱਚ ਆਇਆ ਜਿਸ ਨੂੰ ਖਵਾਜਾ ਮੁਹੰਮਦ ਬਾਕੀਬਿਲਾ ਲੈ ਕੇ ਆਇਆ ਸੀ। ਇਹ ਸਿਲਸਲਾ ਨਕਸ਼ਬੰਦੀ ਕਰਕੇ ਪ੍ਰਸਿੱਧ ਸੀ।

ਇਹ ਇਸ ਸਿਧਾਂਤ ਦਾ ਕਾਇਲ ਸੀ ਕਿ ਇਸਲਾਮ ਮੱਤ ਦੇ ਪ੍ਰਚਾਰ ਲਈ ਰਾਜ ਸ਼ਕਤੀ ਦੀ ਵਰਤੋਂ ਬਹੁਤ ਜਰੂਰੀ ਹੈ। ਇਸ ਨੇ ਹਿੰਦੋਸਤਾਨ ਵਿੱਚ 5-6 ਸਾਲ ਆਪਣੇ ਮੱਤ ਦਾ ਖੂਬ ਪ੍ਰਚਾਰ ਕੀਤਾ ਤੇ 1603 ਵਿੱਚ ਦਿੱਲੀ ਵਿਖੇ ਚੜ੍ਹਾਈ ਕਰ ਗਿਆ।

ਸ਼ੇਖ ਅਹਿਮਦ ਸਰਹੰਦੀ ਸਨ 1561 ਵਿੱਚ ਸਰਹੰਦ ਵਿਖੇ ਪੈਦਾ ਹੋਇਆ। ਇਸ ਨੇ ਵੱਡੇ ਵੱਡੇ ਵਿਦਵਾਨਾਂ ਤੋਂ ਇਸਲਾਮ ਦੀ ਸਿੱਖਿਆ ਹਾਸਲ ਕੀਤੀ। 1599 ਵਿੱਚ ਹੱਜ ਤੇ ਜਾਣ ਸਮੇਂ ਇਹ ਦਿੱਲੀ ਵਿੱਚ ਖਵਾਜਾ ਬਾਕੀਬਿਲਾ ਨੂੰ ਮਿਲਿਆ ਤੇ ਉਸ ਦਾ ਪੁੱਜ ਕੇ ਸ਼ਰਧਾਲੂ ਤੇ ਚੇਲਾ ਬਣ ਗਿਆ। ਬਾਕੀਬਿਲਾ ਨੇ ਇਸ ਨੂੰ ਸਰਹੰਦ ਵਿਖੇ ਇਸਲਾਮ ਦਾ ਪ੍ਰਚਾਰਕ ਨਿਯੁਕਤ ਕਰ ਦਿੱਤਾ ਤੇ ਸਰਗਰਮੀਆਂ ਤੇਜ਼ ਕਰਨ ਲਈ ਕਿਹਾ। ਅਕਬਰ ਬਾਦਸ਼ਾਹ ਦੇ ਰਾਜ ਕਾਲ ਦੇ ਆਖਰੀ ਸਮਿਆਂ ਵਿੱਚ ਸ਼ੇਖ ਫਰੀਦ ਬੁਖਾਰੀ ਸ਼ਾਹੀ ਦਰਬਾਰ ਵਿੱਚ ਸਭ ਤੋਂ ਵੱਧ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਸ਼ਖਸੀਅਤ ਅਖਤਿਆਰ ਕਰ ਚੁੱਕਾ ਸੀ। ਇਹ ਬਾਕੀਬਿਲਾ ਦਾ ਸ਼ਰਧਾਲੂ ਹੋਣ ਕਾਰਣ ਸ਼ੇਖ ਅਹਿਮਦ ਸਰਹੰਦੀ ਦਾ

ਵੀ ਪੱਕਾ ਸ਼ਰਧਾਲੂ ਬਣ ਚੁੱਕਾ ਸੀ।

ਸੰਨ 1561 ਵਿੱਚ ਜਹਾਂਗੀਰ ਦਾ ਜਨਮ ਅਕਬਰ ਦੇ ਘਰ ਵਿੱਚ ਹੋਇਆ। ਜਵਾਨ ਹੁੰਦਿਆਂ ਤੱਕ ਇਸ ਦੀ ਤਖ਼ਤ ਤੇ ਬੈਠਣ ਦੀ ਲਾਲਸਾ ਵਧਦੀ ਰਹੀ। ਪਰ ਅਕਬਰ ਦੇ ਵਿਚਾਰ ਜਹਾਂਗੀਰ ਨਾਲ ਨਹੀਂ ਸਨ ਮਿਲਦੇ। ਉਹ ਆਪਣੇ ਪੋਤਰੇ ਖੁਸਰੋ ਦਾ ਹਮਖਿਆਲੀ ਸੀ ਤੇ ਆਪਣੇ ਤੋਂ ਬਾਅਦ ਤਖਤ ਉਸ ਨੂੰ ਦੇਣਾ ਚਾਹੁੰਦਾ ਸੀ। ਪ੍ਰੰਤੂ ਕੱਟੜ ਮੁਸਲਮਾਨ ਤੇ ਸ਼ੇਖ ਅਹਿਮ ਸਰਹੰਦੀ ਜਹਾਗੀਰ ਦਾ ਸਾਥ ਦੇ ਰਹੇ ਸਨ। ਅਹਿਮਦ ਸਰਹੰਦੀ ਗੁਰੂ ਅਰਜਨ ਸਾਹਿਬ ਜੀ ਦੇ ਪ੍ਰਚਾਰ ਤੋਂ ਦਿਲੋਂ ਬਹੁਤ ਔਖਾ ਸੀ ਅਤੇ ਗੁਰੂ ਸਾਹਿਬ ਨੂੰ ਸ਼ਹੀਦ ਕਰਵਾਉਣ ਵਿੱਚ ਇਸ ਦਾ ਅਤੇ ਸ਼ੇਖ ਫਰੀਦ ਬੁਖਾਰੀ ਦਾ ਵੱਡਾ ਰੋਲ ਸੀ।

17 ਅਕਤੂਬਰ 1605 ਨੂੰ ਅਕਬਰ ਆਗਰੇ ਵਿੱਚ ਮਰ ਗਿਆ। ਜਹਾਂਗੀਰ ਕੱਟੜ ਮੁਸਲਮਾਨਾਂ, ਸ਼ੇਖ ਫਰੀਦ ਬੁਖਾਰੀ ਤੇ ਸ਼ੇਖ ਅਹਿਮਦ ਸਰਹੰਦੀ ਆਦਿ ਨਾਲ ਮਿਲ ਕੇ ਤਖਤ ਹਾਸਲ ਕਰਨ ਵਿੱਚ ਕਾਮਯਾਬ ਹੋ ਗਿਆ। ਖੁਸਰੋ ਨੂੰ ਉਸ ਨੇ ਇੱਕ ਲੱਖ ਰੁਪਿਆ ਦੇ ਕੇ ਆਗਰੇ ਦੇ ਕਿਲੇ ਵਿੱਚ ਇੱਕ ਤਰ੍ਹਾਂ ਨਾਲ ਨਜਰਬੰਦ ਜਿਹਾ ਹੀ ਕਰ ਲਿਆ। ਖੁਸਰੋ ਇਸ ਚਾਲ ਨੂੰ ਸਮਝ ਗਿਆ ਤੇ ਉਸ ਨੇ ਬਗਾਵਤ ਕਰ ਦਿੱਤੀ ਪਰ ਕਾਮਯਾਬ ਨਾ ਹੋਇਆ ਤੇ ਗ੍ਰਿਫਤਾਰ ਕਰਕੇ ਕਤਲ ਕਰ ਦਿੱਤਾ ਗਿਆ। ਜਹਾਂਗੀਰ ਨੇ ਲਹੌਰ ਆ ਕੇ ਸਭ ਤੋਂ ਪਹਿਲਾਂ ਖੁਸਰੋ ਦੀ ਮੱਦਦ ਕਰਨ ਵਾਲਿਆਂ ਨੂੰ ਸਖਤ ਸਜਾਵਾਂ ਦਿੱਤੀਆਂ। ਉਸ ਦੇ ਸਾਥੀ ਹੁਸੈਨ ਬੈਗ ਤੇ ਅਬਦੁਲ ਰਹਿਮਾਨ ਨੂੰ ਖੋਤੇ ਤੇ ਗਾਂ ਦੇ ਕੱਚੇ ਚੰਮ ਵਿੱਚ ਮੜ੍ਹ ਕੇ ਕਤਲ ਕਰ ਦਿੱਤਾ। ਸਾਰੇ ਹਮਾਇਤੀਆਂ ਨੂੰ ਸਖਤ ਤਸੀਹੇ ਦੇ ਕੇ ਕਤਲ ਕਰ ਦਿੱਤੇ ਗਏ। ਆਪਣੇ ਵਫਾਦਾਰਾਂ ਨੂੰ ਵੱਡੇ ਵੱਡੇ ਇਨਾਮ ਦਿੱਤੇ। ਸ਼ੇਖ ਫਰੀਦ ਬੁਖਾਰੀ ਨੂੰ ਮੁਰਤਜ਼ਾ ਖਾਨ ਦਾ ਖਿਤਾਬ ਦਿੱਤਾ। ਮਈ 1606 ਦੇ ਪਹਿਲੇ ਹਫਤੇ ਤੱਕ ਖੁਸਰੋ ਦੇ ਸਾਰੇ ਹਮਾਇਤੀਆਂ ਨੂੰ ਖੌਫਨਾਕ ਤਰੀਕਿਆਂ ਨਾਲ ਮਾਰ ਦਿੱਤਾ ਗਿਆ ਸੀ।

ਬਾਦਸ਼ਾਹ ਜਹਾਂਗੀਰ ਦੇ ਮਨ ਵਿੱਚ ਖੁਸਰੋ ਦੇ ਹਮਾਇਤੀਆਂ ਪ੍ਰਤੀ ਜਿੰਨਾ ਨਫਰਤ ਤੇ ਗੁੱਸਾ ਸੀ ਉਹ ਕਿਸੇ ਤੋਂ ਲੁਕਿਆ ਹੋਇਆ ਨਹੀਂ ਸੀ। ਇਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫਰੀਦ ਬੁਖਾਰੀ ਦੀ ਚੰਡਾਲ ਚੌਕੜੀ ਨੇ ਇੱਕ ਝੂਠਾ ਸ਼ਿਕਾਇਤਨਾਮਾ ਜਹਾਂਗੀਰ ਨੂੰ 23 ਮਾਰਚ 1606 ਨੂੰ ਲਿਖ ਕੇ ਭੇਜਿਆ ਜਿਸ ਵਿੱਚ ਕਿਹਾ ਗਿਆ ਕਿ ਗੋਇੰਦਵਾਲ ਵਿਖੇ ਭਜੇ ਆਉਂਦੇ ਬਾਗੀ ਖੁਸਰੋ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਆਸਰਾ ਤੇ ਮੱਦਦ ਦਿੱਤੀ ਤਾਂ ਕਿ ਉਹ ਜਹਾਂਗੀਰ ਦਾ ਟਾਕਰਾ ਕਰ ਸਕੇ। ਉਸ ਦੇ ਮੱਥੇ ਤੇ ਤਿਲਕ ਲਾਇਆ ਤੇ ਅਸ਼ੀਰਵਾਦ ਵੀ ਦਿੱਤੀ। ਅਸਲ ਗੱਲ ਤਾਂ ਇਹ ਹੈ ਕਿ ਉਹਨਾਂ ਦਿਨਾਂ ਵਿੱਚ ਗੁਰੂ ਅਰਜਨ ਸਾਹਿਬ ਜੀ ਗੋਇੰਦਵਾਲ ਹੀ ਨਹੀਂ ਸਨ ਉਹ ਪ੍ਰਚਾਰ ਲਈ ਤਰਨ ਤਾਰਨ ਵਿਖੇ ਸਨ। ਨਾਲ ਹੀ ਤਿਲਕ ਲਾਉਣ ਦੀ ਮਰਿਯਾਦਾ ਸਿੱਖ ਧਰਮ ਵਿੱਚ ਬਿਲਕੁਲ ਪ੍ਰਵਾਨ ਹੀ ਨਹੀਂ। ਇਹ ਸਾਰੀ ਝੂਠੀ ਕਹਾਣੀ ਬਾਦਸ਼ਾਹ ਨੂੰ ਭੜਕਾਉਣ ਲਈ ਰਚੀ ਗਈ।

ਇਸ ਝੂਠੀ ਸ਼ਿਕਾਇਤ ਦੇ ਮਿਲਣ ਤੇ ਬਾਦਸ਼ਾਹ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਗ੍ਰਿਫਤਾਰ ਕਰਕੇ ਲਹੌਰ ਆਉਣ ਦਾ ਹੁਕਮ ਦਿੱਤਾ। ਜਹਾਂਗੀਰ ਦੇ ਆਪਣੇ ਸ਼ਬਦਾਂ ਵਿੱਚ ਖ਼ ਮੈਂ ਹੁਕਮ ਦਿੱਤਾ ਕਿ ਗੁਰੂ ਅਰਜਨ ਨੂੰ ਹਾਜ਼ਰ ਕੀਤਾ ਜਾਏ ਅਤੇ ਉਸ ਦੇ ਘਰ ਘਾਟ ਤੇ ਬੱਚੇ ਮੁਰਤਜਾ ਖਾਨ ਦੇ ਹਵਾਲੇ ਕੀਤੇ ਜਾਣ। ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸ ਨੂੰ ਯਾਸਾ ਤੇ ਸਿਆਸਤ ਦੇ ਕਨੂੰਨ ਹੇਠ ਸਖਤ ਤਸੀਹੇ ਦੇ ਕੇ ਕਤਲ ਕੀਤਾ ਜਾਵੇ।ਹੁਕਮ ਮਿਲਣ ਤੇ ਸਤਿਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਮਿਥੀ ਸਾਜਸ਼ ਅਨੁਸਾਰ ਯਾਸਾ ਤੇ ਸਿਆਸਤ ਦੇ ਕਾਨੂੰਨ ਮੁਤਾਬਕ ਭੁੱਖਾ ਪਿਆਸਾ ਰੱਖ ਕੇ ਦੇਗ ਵਿੱਚ ਉਬਾਲਿਆ ਗਿਆ, ਤੱਤੀ ਤਵੀ ਤੇ ਬਿਠਾਇਆ ਗਿਆ, ਗਰਮ ਰੇਤ ਸਰੀਰ ਤੇ ਪਾਈ ਗਈ। ਚਾਰ ਦਿਨ ਖੌਫਨਾਕ ਤਸੀਹੇ ਦਿੱਤੇ ਗਏ। ਹੋਰ ਕਸ਼ਟ ਦੇਣ ਲਈ ਰਾਵੀ ਦਰਿਆ ਦੇ ਠੰਡੇ ਪਾਣੀ ਵਿੱਚ ਡੁਬੋ ਕੇ ਸ਼ਹੀਦ ਕਰ ਦਿੱਤਾ ਗਿਆ।

ਜਹਾਂਗੀਰ ਨੇ ਆਪਣੀ ਸਵੈ ਜੀਵਨੀ ਤੁਜਕਿ ਜਹਾਂਗੀਰੀ ਵਿੱਚ ਇਸ ਸ਼ਹਾਦਤ ਸਬੰਧੀ ਇਹ ਲਿਖਿਆ ਹੈ – ਗੋਇੰਦਵਾਲ ਵਿਖੇ ਜੋ ਬਿਆਸ ਨਦੀ ਦੇ ਕਿਨਾਰੇ ਤੇ ਹੈ, ਪੀਰਾਂ ਬਜੁਰਗਾਂ ਦੇ ਭੇਸ ਵਿੱਚ ਗੁਰੂ ਅਰਜਨ ਨਾਂ ਦਾ ਇੱਕ ਹਿੰਦੂ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਅਤੇ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਗਰਮ ਸੀ ਕਾਫੀ ਸਮੇਂ ਤੋਂ ਮੇਰੇ ਮਨ ਵਿੱਚ ਇਹ ਖਿਆਲ ਆਉਂਦਾ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮੱਤ ਵਿੱਚ ਲੈ ਆਉਣਾ ਚਾਹੀਦਾ ਹੈ।

ਸ਼ਹਾਦਤ ਦਾ ਕੰਮ ਏਨੀ ਛੇਤੀ ਹੋ ਗਿਆ ਕਿ ਬਹੁਤੇ ਸਮਕਾਲੀ ਇਤਿਹਾਸਕਾਰਾਂ ਨੂੰ ਅਸਲ ਕਾਰਣ ਦਾ ਪਤਾ ਹੀ ਨਾ ਲੱਗ ਸਕਿਆ।ਸਿੱਖ ਧਰਮ ਦਾ ਵਧਦਾ ਹੋਇਆ ਪ੍ਰਚਾਰ ਅਤੇ ਸ਼ੇਖ ਅਹਿਮਦ ਸਰਹੰਦੀ ਦੀ ਕੱਟੜ ਨੀਤੀ ਸ਼ਹਾਦਤ ਦਾ ਮੂਲ ਕਾਰਣ ਸੀ। ਇਸ ਤੋਂ ਇਲਾਵਾ ਕੁੱਝ ਸਹਿ ਕਾਰਣ ਵੀ ਬਣੇ ਜਿੰਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਇੱਕ ਕਾਰਣ ਸੀ। ਇਸ ਗ੍ਰੰਥ ਵਿੱਚ ਜਿੱਥੇ ਗੁਰੂ ਸਾਹਿਬਾਨ ਦੀ ਆਪਣੀ ਬਾਣੀ ਦਰਜ ਸੀ ਉਥੇ 15 ਭਗਤਾਂ ਤੇ ਤਿੰਨ ਗੁਰਸਿੱਖਾਂ ਦੀ ਬਾਣੀ ਵੀ ਦਰਜ ਸੀ। ਉਸ ਸਮੇਂ ਦੇ ਕਹੇ ਜਾਂਦੇ ਅਖੌਤੀ ਭਗਤ ਕਾਹਨਾ ਪੀਲੂ, ਛੱਜੂ ਤੇ ਸ਼ਾਹ ਹੁਸੈਨ ਆਪਣੀ ਰਚਨਾ ਦਰਜ ਕਰਾਉਣ ਗਏ। ਪਰ ਉਹਨਾਂ ਦੀਆਂ ਰਚਨਾਵਾਂ ਗੁਰਮਤਿ ਦੇ ਅਨੁਕੂਲ ਨਾ ਹੋਣ ਗੁਰੂ ਸਾਹਿਬ ਨੇ ਦਰਜ ਨਾ ਕੀਤੀਆਂ।ਇਹਨਾਂ ਵਿੱਚੋਂ ਕਾਹਨਾ ਚੰਦੂ ਦਾ ਰਿਬਤੇਦਾਰ ਸੀ ਤੇ ਉਸ ਨੇ ਗੁਰੂ ਸਾਹਿਬ ਨੂੰ ਧਮਕੀ ਵੀ ਦਿੱਤੀ ਤੇ ਗੁਰੂ ਸਾਹਿਬ ਵਿਰੁੱਧ ਉਕਸਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਰਿਹਾ।

ਗੁਰੂ ਹਰਿ ਗੋਬਿੰਦ ਜੀ ਲਈ ਚੰਦੂ ਸ਼ਾਹ ਦੀ ਲੜਕੀ ਦਾ ਰਿਸ਼ਤਾ ਸੰਗਤ ਦਾ ਹੁਕਮ ਮੰਨ ਕੇ ਗੁਰੂ ਅਰਜਨ ਸਾਹਿਬ ਜੀ ਨੇ ਤੋੜ ਦਿੱਤਾ ਸੀ। ਸੰਗਤ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਹੰਕਾਰੀ ਚੰਦੂ ਦੇ ਪਰਿਵਾਰ ਨਾਲ ਰਿਸ਼ਤਾ ਨਾ ਜੋੜਿਆ ਜਾਵੇ। ਇਸ ਗੱਲ ਤੇ ਚੰਦੂ ਦੇ ਮਨ ਵਿੱਚ ਬਦਲੇ ਦੀ ਭਾਵਨਾ ਪ੍ਰਬਲ ਹੁੰਦੀ ਗਈ ਤੇ ਸ਼ਹਾਦਤ ਸਮੇਂ ਤਸੀਹੇ ਦੇਣ ਵਿੱਚ ਉਸ ਨੇ ਆਪਣਾ ਯੋਗਦਾਨ ਪਾਇਆ।

ਮਹੇਸ਼ ਦਾਸ ਜੋ ਬੀਰਬਲ ਕਰਕੇ ਪ੍ਰਸਿੱਧ ਹੋਇਆ ਜੈ ਪੁਰ ਦੇ ਰਾਜੇ ਭਗਵਾਨ ਦਾਸ ਕੋਲ ਨੌਕਰੀ ਕਰਦਾ ਸੀ। ਇਹ ਹਾਜ਼ਰ ਜੁਆਬ, ਤੇਜ਼ ਦਿਮਾਗ ਤੇ ਕੱਟੜ ਬ੍ਰਾਹਮਣੀ ਵਿਚਾਰਧਾਰਾ ਦਾ ਸੀ। ਭਗਵਾਨ ਦਾਸ ਨੇ ਆਪਣੀ ਵੱਡੀ ਭਤੀਜੀ ਹਿੰਦੂ ਜਾਤ ਅਭਿਮਾਨੀਆਂ ਦਾ ਸਿਰ ਨੀਵਾਂ ਕਰਕੇ ਅਕਬਰ ਨਾਲ ਵਿਆਹ ਦਿੱਤੀ। ਦਾਜ ਦੇ ਸਮਾਨ ਦੇ ਨਾਲ ਮਹੇਸ਼ ਦਾਸ ਵੀ ਅਕਬਰ ਦੇ ਦਰਬਾਰ ਵਿੱਚ ਭੇਜ ਦਿੱਤਾ ਗਿਆ। ਬ੍ਰਾਹਮਣਾਂ ਨੇ ਇਸ ਦੇ ਰਾਹੀਂ ਗੁਰੂ ਅਰਜਨ ਸਾਹਿਬ ਜੀ ਦੇ ਵਿਰੁੱਧ ਜਹਾਂਗੀਰ ਦੇ ਕੰਨ ਭਰੇ। ਜਹਾਂਗੀਰ ਨੇ ਪਠਾਨਾਂ ਨੂੰ ਸੋਧਣ ਲਈ ਜੈਨ ਖਾਂ ਤੇ ਬੀਰਬਲ ਨੂੰ ਭੇਜ ਦਿੱਤਾ। ਰਸਤੇ ਵਿੱਚ ਇਹ ਅੰਮ੍ਰਿਤਸਰ ਠਹਿਰਿਆ ਤੇ ਗੁਰੂ ਅਰਜਨ ਸਾਹਿਬ ਜੀ ਕੋਲੋਂ ਕਰ ਵਸੂਲਣ ਲੱਗਾ। ਗੁਰੂ ਸਾਹਿਬ ਨੇ ਠਰੰਮੇ ਨਾਲ ਸਮਝਾਇਆ ਕਿ ਇਹ ਕੋਈ ਵਪਾਰਕ ਥਾਂ ਨਹੀਂ। ਇਸ ਲਈ ਕਰ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਾਣ ਲੱਗਿਆਂ ਗੁਰੂ ਸਾਹਿਬ ਨੂੰ ਬੀਰਬਲ ਧਮਕੀ ਦੇ ਗਿਆ ਕਿ ਮੁਹਿੰਮ ਤੋਂ ਵਾਪਸ ਆ ਕੇ ਤੁਹਾਡੇ ਨਾਲ ਸਿਝਾਂਗਾ। ਕਾਬਲ ਵਿਖੇ ਪਠਾਨਾਂ ਨਾਲ ਹੋਈ ਲੜਾਈ ਵਿੱਚ ਹੀ ਇਹ ਉਥੇ ਹੀ ਮਾਰਿਆ ਗਿਆ ਪਰ ਅਖੀਰ ਤੱਕ ਬੀਰਬਲ ਗੁਰੂ ਸਾਹਿਬ ਨਾਲ ਵੈਰ ਕਮਾਉਂਦਾ ਰਿਹਾ।

ਗੁਰੂ ਅਰਜਨ ਸਾਹਿਬ ਜੀ ਦਾ ਆਪਣਾ ਭਰਾ ਪ੍ਰਿਥੀ ਚੰਦ ਸਾਰੀ ਉਮਰ ਹੀ ਵੈਰ ਵਿਰੋਧ ਕਰਦਾ ਰਿਹਾ। ਬੀਰਬਲ ਨਾਲ ਵੀ ਇਸ ਦੀ ਮਿੱਤਰਤਾ ਸੀ। ਬੀਰਬਲ ਦੇ ਮਰਨ ਤੋਂ ਬਾਅਦ ਵੀ ਇਹ ਗੁਰੂ ਘਰ ਤੇ ਹਮਲਾ ਕਰਨ ਦੀਆਂ ਤਜਵੀਜਾਂ ਘੜਦਾ ਰਿਹਾ। ਸੁਲਹੀ ਖਾਂ ਰਾਹੀਂ ਇਸ ਨੇ ਗੁਰੂ ਪਾਤਸ਼ਾਹ ਤੇ ਹਮਲਾ ਕਰਨ ਦੀ ਯੋਜਨਾ ਬਣਾਈ ਪਰ ਹਮਲਾ ਕਰਨ ਤੋਂ ਪਹਿਲਾਂ ਹੀ ਪ੍ਰਿਥੀਚੰਦ ਦੇ ਇੱਟਾਂ ਦੇ ਭੱਠੇ ਵਿੱਚ ਘੋੜੇ ਸਮੇਤ ਡਿੱਗ ਕੇ ਬਲਦੀ ਅੱਗ ਵਿੱਚ ਸੜ ਕੇ ਮਰ ਗਿਆ। ਪਰ ਪ੍ਰਿਥੀਚੰਦ ਨੇ ਅਖੀਰ ਤੱਕ ਗੁਰੂ ਸਾਹਿਬ ਨਾਲ ਆਪਣਾ ਵਿਰੋਧ ਨਹੀਂ ਤਿਆਗਿਆ।

ਸ਼ਹੀਦੀ ਦੇ ਸਹਿ ਕਾਰਣ ਵੀ ਭਾਵੇਂ ਕਈ ਬਣੇ ਪਰ ਮੂਲ ਕਾਰਣ ਕੱਟੜ ਮੁਸਲਮਾਨ ਸ਼ੇਖ ਅਹਿਮਦ ਸਰਹੰਦੀ ਸੀ। ਗੁਰੂ ਪਾਤਸ਼ਾਹ ਨੂੰ ਤਸੀਹੇ ਦੇ ਕੇ ਸ਼ਹੀਦ ਕਰਵਾਉਣ ਵਿੱਚ ਇਹ ਆਪਣੀ ਸਭ ਤੋਂ ਵੱਡੀ ਜਿੱਤ ਸਮਝਦਾ ਸੀ। ਇਸ ਦਾ ਵਰਨਣ ਉਸ ਨੇ ਆਪਣੇ ਚਿੱਠੀਆਂ ਦੇ ਸੰਗ੍ਰਹਿ

'ਮਕਤੂਬਾਤਿਖ਼ਇਮਾਮੀ ਰਬਾਨੀ' ਦੀ ਚਿੱਠੀ ਨੇ 193 ਵਿੱਚ ਜੋ ਉਸ ਨੇ ਸ਼ੇਖ ਫਰੀਦ ਬੁਖਾਰੀ ਨੂੰ ਲਿਖੀ ਵਿੱਚ ਇਸ ਤਰ੍ਹਾਂ ਕੀਤਾ ਹੈ : ਗੋਇੰਦਵਾਲ ਦੇ ਇਸ ਭਰਿਸ਼ਟ ਕਾਫਰ (ਗੁਰੂ ਅਰਜਨ ਸਾਹਿਬ ਜੀ) ਦੀ ਮੌਤ ਸਾਡੀ ਇੱਕ ਵੱਡੀ ਪ੍ਰਾਪਤੀ ਅਤੇ ਜਿੱਤ ਹੈ। ਇਸ ਨਾਲ ਘ੍ਰਿਣਤ ਹਿੰਦੂਆਂ ਨੂੰ ਵੀ ਇੱਕ ਵੱਡੀ ਜਲਾਲਤ ਭਰੀ ਹਾਰ ਹੋਈ ਹੈ।"

ਗੁਰੂ ਅਰਜਨ ਸਾਹਿਬ ਜੀ ਦਾ ਸਾਰਾ ਜੀਵਨ ਕੌਮ ਨੂੰ ਜਿੰਦਗੀ ਦੇਣ ਵਾਲਾ ਸੀ ਤੇ ਆਪ ਦੀ ਸ਼ਹੀਦੀ ਹਮੇਸ਼ਾਂ ਹੀ ਜਿੰਦਗੀ ਬਖਸ਼ਦੀ ਰਹੇਗੀ। ਇਸ ਸ਼ਹਾਦਤ ਨੂੰ ਲਤੀਫ, ਟਰੰਪ ਤੇ ਹੋਰ ਇਤਿਹਾਸਕਾਰਾਂ ਨੇ ਸਿੱਖ ਇਤਿਹਾਸ ਦਾ ਟਰਨਿੰਗ ਪੁਆਇੰਟ (ਮੋੜਵਾਂ ਰਾਹ) ਕਿਹਾ ਹੈ। ਇਸ ਸ਼ਹਾਦਤ ਨੇ ਭਗਤੀ ਦੇ ਨਾਲ ਸ਼ਕਤੀ ਨੂੰ ਵੀ ਜਨਮ ਦਿੱਤਾ। ਜਾਂ ਇਹ ਕਹਿ ਲਈਏ ਕਿ ਗੁਰਬਾਣੀ ਦੇ ਯੁੱਗ ਨਾਲ ਕੁਰਬਾਨੀ ਦਾ ਯੁੱਗ ਵੀ ਸ਼ੁਰੂ ਹੋ ਗਿਆ। ਡਾ. ਗੋਕਲ ਚੰਦ ਨਾਰੰਗ ਨੇ ਠੀਕ ਹੀ ਲਿਖਿਆ ਹੈ ਕਿ ਸਿੱਖਾਂ ਉਤੇ ਤਸੀਹਿਆਂ ਦਾ ਕਾਂਡ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨਾਲ ਸ਼ੁਰੂ ਹੋ ਗਿਆ ਸੀ। ਸਿੱਖਾਂ ਵਿੱਚ ਜਜ਼ਬਾ ਏਨਾ ਭਰ ਗਿਆ ਕਿ ਉਹ ਹੱਸ ਹੱਸ ਕੇ ਤਸੀਹੇ ਝੱਲਦੇ ਪਰ ਸਿੱਖੀ ਨੂੰ ਆਂਚ ਨਾ ਆਉਣ ਦਿੰਦੇ। 'ਪਹਿਲਾਂ ਮਰਨ ਕਬੂਲ, ਜੀਵਨ ਕੀ ਛਡਿ ਆਸ' ਸਿੱਖੀ ਵਿੱਚ ਦਾਖਲ ਹੋਣ ਲਈ ਪਹਿਲਾ ਕਦਮ ਬਣ ਗਿਆ। ਇਸ ਸ਼ਹਾਦਤ ਨੇ ਕੌਮ ਵਿੱਚ ਮੌਤ ਦਾ ਡਰ ਖਤਮ ਕਰਕੇ ਸ਼ਹਾਦਤ ਦਾ ਜਜਬਾ ਏਨਾ ਭਰ ਦਿੱਤਾ ਕਿ ਸਿੱਖਾਂ ਨੇ ਤਸੀਹੇ ਝੱਲਦੇ ਕਦੇ ਵੀ ਸ਼ਿਕਵੇ ਸ਼ਿਕਾਇਤਾਂ ਜਾਂ ਉਲਾਂਹਮੇ ਨਾ ਦਿੱਤੇ।

ਗੁਰੂ ਹਰਿਗੋਬਿੰਦ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਦੋ ਤਲਵਾਰਾਂ ਪਹਿਨੀਆਂ ਇੱਕ ਮੀਰੀ ਦੀ ਅਤੇ ਦੂਜੀ ਪੀਰੀ ਦੀ। ਇਸ ਤਰ੍ਹਾਂ ਆਪ ਨੇ ਭਗਤੀ ਤੇ ਸ਼ਕਤੀ ਨੂੰ ਇੱਕਠਾ ਕਰ ਦਿੱਤਾ। ਜਿਸ ਵਕਤ ਗੁਰੂ ਹਰਿਗੋਬਿੰਦ ਪਾਤਸ਼ਾਹ ਦੀ ਗੁਰਗੱਦੀ ਨਸ਼ੀਨੀ ਦੀ ਰਸਮ ਹੋਈ ਤਾਂ ਢਾਡੀ ਅਬਦੁਲਾ ਤੇ ਨੱਥਾ ਮੱਲ ਨੇ ਦੋ ਤਲਵਾਰਾਂ ਪਹਿਨਣ ਸਮੇਂ ਜੋ ਵਾਰ ਗਾਈ ਉਸ ਵਿੱਚ ਬਿਆਨ ਕੀਤਾ ਕਿ-

ਦੋ ਤਲਵਾਰਾਂ ਬਧੀਆਂ ਇਕ ਮੀਰੀ ਦੀ ਤੇ ਇੱਕ ਪੀਰੀ ਦੀ॥
ਇਕ ਅਜਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜੀਰੀ ਦੀ॥
ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜਾ ਬਲਖ ਬਖੀਰ ਦੀ॥
ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਜੀ॥
ਪਗ ਤੇਰੀ, ਕੀ ਜਹਾਂਗੀਰੀ ਦੀ॥

ਗੁਰੂ ਹਰਿਗੋਬਿੰਦ ਸਾਹਿਬ ਨੇ ਫੌਜ ਬਨਾਉਣੀ ਸ਼ੁਰੂ ਕੀਤੀ। ਘੋੜੇ ਸ਼ਸਤਰ ਤੇ ਜਵਾਨੀ ਭੇਟ ਕਰਨ ਲਈ ਸੰਗਤਾਂ ਨੂੰ ਉਤਸ਼ਾਹਤ ਕੀਤਾ। ਸ਼ਹੀਦੀ ਤੋਂ ਪਹਿਲਾਂ, ਗੁਰਿਆਈ ਸਮੇਂ ਗੁਰੂ ਅਰਜਨ ਸਾਹਿਬ ਜੀ ਨੇ ਹਰਿਗੋਬਿੰਦ ਜੀ ਨੂੰ ਕਿਹਾ ਸੀ ਕਿ ਬੇਟਾ ਕਰੜੇ ਸਮੇਂ ਆ ਰਹੇ ਹਨ। ਜਬਰ ਦਾ ਟਾਕਰਾ ਕਰਨ ਲਈ ਸ਼ਸਤਰਧਾਰੀ ਹੋਣ ਦੀ ਲੋੜ ਹੈ। ਸਤਿਗੁਰੂ ਜੀ ਨੇ ਅਕਾਲ ਤਖਤ ਦੀ ਸਿਰਜਨਾ ਦਾ ਐਲਾਨ ਕਰਕੇ ਹਕੂਮਤ ਨੂੰ ਸਭ ਤੋਂ ਵੱਡੀ ਵੰਗਾਰ ਪਾਈ।

ਅਕਾਲ ਤਖਤ ਤੇ ਦੁਪਹਿਰ ਨੂੰ ਨਗਾਰਾ ਵੱਜਦਾ ਗੱਭਰੂ ਇਕੱਠੇ ਹੁੰਦੇ। ਸ਼ਸਤਰ ਚਲਾਉਣ ਤੇ ਘੋੜ ਸਵਾਰੀ ਦੀ ਸਿੱਖਿਆ ਦਿੱਤੀ ਜਾਂਦੀ ਤੇ ਮੁਕਾਬਲੇ ਵੀ ਹੁੰਦੇ। ਨੌਜੁਆਨਾਂ ਨੂੰ ਉਤਸ਼ਾਹਿਤ ਕਰਨ ਲਈ ਕਈ ਤਰ੍ਹਾਂ ਦੇ ਇਨਾਮ ਦਿੱਤੇ ਜਾਂਦੇ।

ਇਸ ਤਰ੍ਹਾਂ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖ ਕੌਮ ਵਿੱਚ ਜਾਗਰਤੀ ਲੈ ਆਂਦੀ। ਸਿੱਖ ਜੱਥੇਬੰਦ ਹੋਣੇ ਸ਼ੁਰੂ ਹੋ ਗਏ। ਮਾਨੋ ਸੱਚ ਜੱਥੇਬੰਦ ਹੋਣਾ ਸ਼ੁਰੂ ਹੋ ਗਿਆ ਤੇ ਫਿਰ ਸੱਚ ਤੇ ਖੜ੍ਹੀ ਸੰਗਤ ਨੇ ਬੁਰਾਈਆਂ ਦਾ ਅਤੇ ਜੁਲਮਾਂ ਦਾ ਟਾਕਰਾ ਕੀਤਾ। ਕਮਜ਼ੋਰਾਂ ਤੇ ਲਿਤਾੜਿਆਂ ਜਾਂਦੇ ਵੇਖ ਕੇ ਸਿੱਖਾਂ ਦੇ ਜਜ਼ਬੇ ਜਾਗ ਪੈਂਦੇ ਸਨ ਤੇ ਸਿੱਖ ਨਿਆਸਰਿਆਂ ਨੂੰ ਆਸਰਾ ਤੇ ਨਿਥਾਵਿਆਂ ਨੂੰ ਥਾਂ ਦੇਣ ਲਈ ਬਲਦੀ ਅੱਗ ਵਿੱਚ ਵੀ ਕੁੱਦਣ ਲੱਗ ਪੈਂਦੇ ਸਨ। -0-

ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਅਤੇ ਪਾਦਰੀ ਜੇਰੋਮ ਜ਼ੈਵੀਅਰ

-ਬਲਰਾਜ ਸਿੰਘ ਪੰਡੋਰੀ ਸਿੱਧਵਾਂ ਐਸ.ਪੀ. 9501100062

ਗੁਰੂ ਅਰਜਨ ਸਾਹਿਬ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ। ਉਨ੍ਹਾਂ ਦਾ ਜਨਮ 15 ਅਪਰੈਲ ਸੰਨ 1563 ਈਸਵੀ ਨੂੰ ਗੁਰੂ ਰਾਮ ਦਾਸ ਜੀ ਅਤੇ ਬੀਬੀ ਭਾਨੀ ਦੇ ਗ੍ਰਹਿ ਵਿਖੇ ਹੋਇਆ ਅਤੇ 30 ਮਈ 1606 ਵਾਲੇ ਦਿਨ 43 ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਜਹਾਂਗੀਰ ਦੇ ਹੁਕਮ ਅਨੁਸਾਰ ਲਾਹੌਰ ਵਿਖੇ ਸ਼ਹੀਦ ਕਰ ਦਿੱਤਾ ਗਿਆ। ਉਹ ਸੰਨ 1581 ਵਿੱਚ 18 ਸਾਲ ਦੀ ਉਮਰ ਵਿੱਚ ਗੁਰ ਗੱਦੀ 'ਤੇ ਬੈਠੇ। ਆਪਣੇ ਗੁਰ ਗੱਦੀ ਕਾਲ ਦੌਰਾਨ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਫੈਲਾਅ ਵਾਸਤੇ ਅਨੇਕਾਂ ਮਹਾਨ ਕਾਰਜ ਸਰਅੰਜ਼ਾਮ ਦਿੱਤੇ ਜਿਨ੍ਹਾਂ ਵਿੱਚ ਧਰਮ ਪ੍ਰਚਾਰ ਤੋਂ ਇਲਾਵਾ ਹਰਿਮੰਦਰ ਸਾਹਿਬ ਦੀ ਉਸਾਰੀ, ਤਰਨ ਤਾਰਨ ਦੀ ਨੀਂਹ ਰੱਖਣੀ, ਕਰਤਾਰ ਪੁਰ ਦੀ ਨੀਂਹ ਰੱਖਣੀ, ਸੁਖਮਨੀ ਸਾਹਿਬ ਦੀ ਰਚਨਾ ਅਤੇ ਆਦਿ ਗ੍ਰੰਥ ਦੀ ਰਚਨਾ ਅਤੇ ਉਸ ਨੂੰ ਦਰਬਾਰ ਸਾਹਿਬ ਵਿਖੇ ਸੁਸ਼ੋਭਿਤ ਕਰਨਾ ਸ਼ਾਮਲ ਹੈ।

ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਕਿਸੇ ਸਮਕਾਲੀ ਹਿੰਦੂ ਜਾਂ ਮੁਸਲਿਮ ਇਤਿਹਾਸਕਾਰ ਨੇ ਲਿਖਤੀ ਵਰਨਣ ਨਹੀਂ ਕੀਤਾ। ਮੁਹੰਮਦ ਲਤੀਫ, ਕਨਿੰਘਮ, ਮੈਕਾਲਿਫ ਜਾਂ ਸਿੱਖ ਇਤਿਹਾਸਕਾਰਾਂ ਵੱਲੋਂ ਇਸ ਸਬੰਧੀ ਜੋ ਲਿਖਿਆ ਗਿਆ ਹੈ, ਉਹ ਦੋ ਢਾਈ ਸੌ ਸਾਲ ਬਾਅਦ ਸੁਣੀਆਂ ਸੁਣਾਈਆਂ ਗੱਲਾਂ 'ਤੇ ਅਧਾਰਿਤ ਹੈ। ਇਸ ਦਾ ਅੱਖੀਂ ਡਿੱਠਾ ਹਾਲ ਸਿਰਫ ਇੱਕ ਵਿਅਕਤੀ, ਲਿਸਬਨ ਸ਼ਹਿਰ (ਪੁਰਤਗਾਲ) ਦੇ ਰਹਿਣ ਵਾਲੇ ਈਸਾਈ ਪਾਦਰੀ ਜੇਰੋਮ ਜ਼ੈਵੀਅਰ (1549-1617 ਈਸਵੀ) ਨੇ ਲਿਖਿਆ ਹੈ। ਉਸ ਵਕਤ ਉਹ ਪੁਰਤਗਾਲ ਅਤੇ ਗੋਆ ਦੀ ਮੁੱਖ ਚਰਚ ਵੱਲੋਂ ਧਰਮ ਪ੍ਰਚਾਰ ਦੇ ਮਿਸ਼ਨ ਅਧੀਨ ਲਾਹੌਰ ਵਿੱਚ ਹਾਜ਼ਰ ਸੀ। ਉਸ ਨੇ ਗੁਰੂ ਸਾਹਿਬ ਨੂੰ ਦਿੱਤੇ ਜਾਣ ਵਾਲੇ ਤਸੀਹੇ ਆਪਣੀ ਅੱਖੀਂ ਵੇਖੇ ਸਨ। ਉਹ ਲਿਖਦਾ ਹੈ ਕਿ ਲਾਹੌਰ ਦੇ ਸਿੱਖਾਂ ਨੇ ਤਵਾਨ ਭਰ ਕੇ ਗੁਰੂ ਸਾਹਿਬ ਨੂੰ ਬਚਾਉਣ ਦਾ ਯਤਨ ਕੀਤਾ ਪਰ ਸਫਲ ਨਾ ਹੋ ਸਕੇ। ਉਸ ਨੇ ਲਿਬਸਨ ਚਰਚ ਨੂੰ ਲਿਖੀ ਆਪਣੀ ਚਿੱਠੀ ਵਿੱਚ ਗੁਰੂ ਸਾਹਿਬ ਨੂੰ ਦਿੱਤੇ ਗਏ ਤਸੀਹਿਆਂ ਅਤੇ ਜਿਸ ਸਬਰ ਅਤੇ ਸਹਿਣਸ਼ੀਲਤਾ ਨਾਲ ਗੁਰੂ ਸਾਹਿਬ ਨੇ ਇਸ ਜ਼ੁਲਮ ਦਾ ਸਾਹਮਣਾ ਕੀਤਾ, ਸੰਬੰਧੀ ਬਹੁਤ ਹੀ ਪ੍ਰਸੰਸਾਮਈ ਤਰੀਕੇ ਨਾਲ ਵੇਰਵਾ ਦਿੱਤਾ ਹੈ। ਇਹ ਗੁਰੂ ਸਾਹਿਬ ਦੀ ਸ਼ਹੀਦੀ ਦਾ ਇੱਕੋ ਇੱਕ ਅਤੇ ਸਟੀਕ ਅੱਖੀਂ ਡਿੱਠਾ ਵਰਨਣ ਹੈ।

ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਇਤਿਹਾਸ ਅਤੇ ਸਾਖੀਆਂ ਅਨੁਸਾਰ ਕਈ ਕਾਰਨ ਦੱਸੇ ਜਾਂਦੇ ਹਨ। ਸਿੱਖ ਰਵਾਇਤਾਂ ਅਨੁਸਾਰ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਚੰਦੂ ਸ਼ਾਹ ਦੇ ਹੰਕਾਰ ਨਾਲ ਭਰੇ ਕੌੜੇ ਬੋਲਾਂ ਕਾਰਨ ਗੁਰੂ ਹਰਗੋਬਿੰਦ ਸਾਹਿਬ ਵਾਸਤੇ ਆਇਆ ਉਸ ਦੀ ਲੜਕੀ ਦਾ ਰਿਸ਼ਤਾ ਗੁਰੂ ਸਾਹਿਬ ਵੱਲੋਂ ਅਪ੍ਰਵਾਨ ਕਰਨਾ ਸੀ। ਚੰਦੂ ਸ਼ਾਹ ਬਾਰੇ ਸਿੱਖ ਵਿਦਵਾਨ ਖੁਸ਼ਵੰਤ ਸਿੰਘ ਨੇ ਮੁਗਲ ਦਰਬਾਰ ਅਤੇ ਲਾਹੌਰ ਦਰਬਾਰ ਦੇ ਰਿਕਾਰਡ ਵਿੱਚੋਂ ਕਾਫੀ ਪੁਣਛਾਣ ਕੀਤੀ ਪਰ 1606 ਵਿੱਚ ਲਾਹੌਰ ਜਾਂ ਦਿੱਲੀ ਵਿੱਚ ਇਸ ਨਾਮ ਦੇ ਕਿਸੇ ਦੀਵਾਨ ਜਾਂ ਵੱਡੇ ਅਫਸਰ ਦਾ ਕੋਈ ਵੇਰਵਾ ਨਹੀਂ ਮਿਲਦਾ। ਹੋ ਸਕਦਾ ਹੈ ਕਿ ਉਹ ਕੋਈ ਅਮੀਰ ਵਪਾਰੀ ਜਾਂ ਛੋਟਾ ਮੋਟਾ ਮਾਲ ਮਹਿਕਮੇ ਦਾ ਅਫਸਰ ਹੋਵੇ। ਇਹ ਸੰਭਵ ਨਹੀਂ ਕਿ ਅਜਿਹੇ ਛੋਟੇ ਅਫਸਰ ਦੀ ਜਹਾਂਗੀਰ ਜਾਂ ਸੂਬੇਦਾਰ ਲਾਹੌਰ ਤੱਕ ਪਹੁੰਚ ਹੋਵੇ ਤੇ ਉਸ ਦੀ ਨਿੱਜੀ ਰੰਜਿਸ਼ ਕਾਰਨ ਉਹ ਗੁਰੂ ਸਾਹਿਬ ਵਰਗੀ ਮੌਕੇ ਦੀ ਪ੍ਰਸਿੱਧ ਧਾਰਮਿਕ ਸ਼ਖਸ਼ੀਅਤ ਨੂੰ ਸ਼ਹੀਦ ਕਰ ਦੇਣ।

ਇਹ ਹੋ ਸਕਦਾ ਹੈ ਕਿ ਜਿਵੇਂ ਉਸ ਨੇ ਰਿਸ਼ਤੇ ਵੇਲੇ ਹੰਕਾਰ ਵਿੱਚ ਆ ਕੇ ਮਾੜੇ ਸ਼ਬਦ ਬੋਲੇ ਸਨ, ਉਹੋ ਜਿਹੇ ਹੀ ਗੁਰੂ ਸਾਹਿਬ ਦੀ ਸ਼ਹੀਦੀ ਵੇਲੇ ਬੋਲ ਦਿੱਤੇ ਹੋਣ ਕਿ ਇਹ ਕਰਤੂਤ ਮੈਂ ਜਹਾਂਗੀਰ ਨੂੰ ਕਹਿ ਕੇ ਕਰਵਾਈ ਹੈ। ਅੱਜ ਵੀ ਅਜਿਹੇ ਸ਼ੇਖੀਖੋਰ ਇਨਸਾਨ ਮਿਲ ਜਾਂਦੇ ਹਨ। ਇਸ ਤੋਂ ਇਲਾਵਾ ਇਹ ਵੀ ਵਰਨਣਯੋਗ ਹੈ ਕਿ ਭਾਈ ਗੁਰਦਾਸ ਜੀ ਪੰਜਵੇਂ ਪਾਤਸ਼ਾਹ ਦੇ ਸਮਕਾਲੀ ਸਨ। ਉਨਾਂ ਨੇ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਲਿਖੇ ਆਪਣੇ ਸ਼ਬਦ, **ਰਹਿਦੇ ਗੁਰੁ**

ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ। ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ। (ਵਾਰ-24, ਪਉੜੀ-23) ਵਿੱਚ ਚੰਦੂ ਬਾਰੇ ਕੋਈ ਵੇਰਵਾ ਨਹੀਂ ਦਿੱਤਾ। ਇਸ ਤੋਂ ਸਾਫ ਜ਼ਾਹਰ ਹੈ ਕਿ ਚੰਦੂ ਦੀਆਂ ਸਾਜਿਸ਼ਾਂ ਗੁਰੂ ਸਾਹਿਬ ਦੀ ਸ਼ਹੀਦੀ ਦਾ ਮੁੱਖ ਕਾਰਨ ਨਹੀਂ ਸਨ।

ਗੁਰੂ ਸਾਹਿਬ ਦੀ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਜਹਾਂਗੀਰ ਦਾ ਮੁਤੱਸਬੀ ਤਬੀਅਤ ਦਾ ਹੋਣਾ ਸੀ। ਆਪਣੇ ਪਿਤਾ ਅਕਬਰ ਮਹਾਨ ਦੇ ਉਲਟ ਉਹ ਧਾਰਮਿਕ ਪੱਖੋਂ ਅਸਹਿਣਸ਼ੀਲ ਅਤੇ ਕੱਟੜਵਾਦੀ ਸੀ। ਉਸ 'ਤੇ ਸ਼ੇਖ ਅਹਿਮਦ ਸਰਹੰਦੀ (ਜਿਸ ਦਾ ਮਜ਼ਾਰ ਰੋਜ਼ਾ ਸ਼ਰੀਫ, ਗੁਰਦਵਾਰਾ ਫਤਿਹਗੜ੍ਹ ਸਾਹਿਬ ਦੇ ਬਿਲਕੁਲ ਨਾਲ ਲੱਗਦਾ ਹੈ), ਵਰਗੇ ਕੱਟੜਪੰਥੀ ਮੁਲਾਣਿਆਂ ਦਾ ਬਹੁਤ ਪ੍ਰਭਾਵ ਸੀ। ਸ਼ੇਖ ਸਰਹੰਦੀ ਭਾਰਤ ਵਿੱਚ ਅਕਬਰ ਦੇ ਚਲਾਏ ਦੀਨੇ ਇਲਾਹੀ ਧਰਮ ਦਾ ਸਭ ਤੋਂ ਵੱਡਾ ਅਲੋਚਕ ਸੀ। ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਉਸ ਨੇ ਜਹਾਂਗੀਰ ਨੂੰ ਇੱਕ ਪ੍ਰਸੰਸਾਮਈ ਚਿੱਠੀ ਲਿਖੀ ਕਿ ਅੱਜ ਤੁਸੀਂ ਆਪਣੇ ਬਾਪ ਦੀਆਂ ਕੀਤੀਆਂ ਦੀਨ ਵਿਰੋਧੀ ਗਲਤੀਆਂ ਨੂੰ ਸੁਧਾਰ ਲਿਆ ਹੈ। ਆਪਣੀ ਸਵੈ ਜੀਵਨੀ ਵਿੱਚ ਜਹਾਂਗੀਰ ਲਿਖਦਾ ਹੈ, "ਬਿਆਸ ਦਰਿਆ ਦੇ ਕੰਢੇ ਇੱਕ ਅਰਜਨ ਨਾਮ ਦਾ ਸਾਧ ਆਪਣੇ ਝੂਠ ਦੀ ਦੁਕਾਨ ਚਲਾ ਰਿਹਾ ਹੈ। ਕਈ ਅੰਧ ਵਿਸ਼ਵਾਸੀ ਹਿੰਦੂ ਤੇ ਮੂਰਖ ਮੁਸਲਮਾਨ ਉਸ ਦੇ ਮੁਰੀਦ ਬਣ ਗਏ ਹਨ। ਮੈਂ ਬਹੁਤ ਦਿਨਾਂ ਤੋਂ ਸੋਚ ਰਿਹਾ ਸੀ ਕਿ ਜਾਂ ਤਾਂ ਇਸ ਨੂੰ ਸੱਚੇ ਧਰਮ ਵਿੱਚ ਲੈ ਆਵਾਂ ਤੇ ਜਾਂ ਯਾਸਾ ਅਧੀਨ ਸਜ਼ਾ ਦੇਵਾਂ।" ਯਾਸਾ ਧਾਰਮਿਕ ਪੁਰਸ਼ਾਂ ਨੂੰ ਸ਼ਹੀਦ ਕਾਰਨ ਦਾ ਇੱਕ ਮੰਗੋਲ ਤਰੀਕਾ ਹੈ ਜਿਸ ਅਧੀਨ ਮਹਾਂਪੁਰਸ਼ ਦਾ ਖੂਨ ਪਾਪ ਲੱਗਣ ਦੇ ਡਰੋਂ ਧਰਤੀ ਉੱਪਰ ਨਹੀਂ ਡੁੱਲਣ ਦਿੱਤਾ ਜਾਂਦਾ। ਇਹ ਅਧੀਨ ਮਕਤੂਲ ਦਾ ਕੋਈ ਅੰਗ ਨਹੀਂ ਵੱਢਿਆ ਜਾ ਸਕਦਾ ਬਲਕਿ ਪਾਣੀ ਵਿੱਚ ਉਬਾਲ ਕੇ, ਅੱਗ ਵਿੱਚ ਸਾੜ ਕੇ ਜਾਂ ਜਾਨਵਰ ਦੀ ਖੱਲ ਵਿੱਚ ਸਿਉਂ ਕੇ ਮਾਰਿਆ ਜਾਂਦਾ ਹੈ। ਇਸੇ ਕਾਰਨ ਗੁਰੂ ਸਾਹਿਬ ਨੂੰ ਦੇਗ ਵਿੱਚ ਉਬਾਲਿਆ ਗਿਆ ਤੇ ਤੱਤੀ ਤਵੀ 'ਤੇ ਬਿਠਾ ਕੇ ਸੀਸ ਵਿੱਚ ਗਰਮ ਰੇਤ ਪਾਈ ਗਈ। ਇਸ ਤੋਂ ਸਾਫ ਜ਼ਾਹਰ ਹੈ ਕਿ ਜਹਾਂਗੀਰ ਗੁਰੂ ਸਾਹਿਬ ਨੂੰ ਮੁਸਲਮਾਨ ਬਣਾਉਣ ਜਾਂ ਸ਼ਹੀਦ ਕਰਨ ਦਾ ਪਹਿਲਾਂ ਹੀ ਮਨਸੂਬਾ ਬਣਾਈ ਬੈਠਾ ਸੀ।

ਗੁਰੂ ਸਾਹਿਬ ਦੀ ਸ਼ਹੀਦੀ ਦਾ ਤਤਕਾਲੀ ਕਾਰਨ ਜਹਾਂਗੀਰ ਦੇ ਵੱਡੇ ਲੜਕੇ ਖੁਸਰੋ ਮਿਰਜ਼ਾ ਦੀ ਬਗਾਵਤ ਬਣਿਆ। ਜਹਾਂਗੀਰ ਦੀਆਂ ਭੈੜੀਆਂ ਆਦਤਾਂ ਅਤੇ ਅਨੇਕਾਂ ਬਗਾਵਤਾਂ ਕਾਰਨ ਅਕਬਰ ਉਸ ਤੋਂ ਬਹੁਤ ਨਰਾਜ਼ ਸੀ। ਉਸ ਨੇ ਇੱਕ ਵਾਰ ਤਾਂ ਜਹਾਂਗੀਰ ਦੀ ਜਗ੍ਹਾ ਖੁਸਰੋ ਨੂੰ ਬਾਦਸ਼ਾਹ ਬਣਾਉਣ ਦਾ ਫੈਸਲਾ ਕਰ ਲਿਆ ਸੀ। ਪਰ ਬਦਕਿਮਸਤੀ ਨੂੰ ਸੰਨ 1605 ਵਿੱਚ ਅਕਬਰ ਦੀ ਹੋਈ ਅਚਾਨਕ ਮੌਤ ਕਾਰਨ ਜਹਾਂਗੀਰ ਬਾਦਸ਼ਾਹ ਬਣ ਗਿਆ। ਪਰ ਖੁਸਰੋ ਗੱਦੀ 'ਤੇ ਆਪਣਾ ਹੱਕ ਸਮਝਦਾ ਸੀ। ਉਸ ਨੇ 6 ਅਪਰੈਲ 1606 ਨੂੰ ਬਗਾਵਤ ਕਰ ਦਿੱਤੀ ਤੇ 8000 ਸੈਨਿਕਾਂ ਦੇ ਦਸਤੇ ਨਾਲ ਲਾਹੌਰ 'ਤੇ ਕਬਜ਼ਾ ਕਰਨ ਲਈ ਚੱਲ ਗਿਆ। ਰਸਤੇ ਵਿੱਚ ਗੋਇੰਦਵਾਲ ਦੇ ਸਥਾਨ 'ਤੇ ਉਸ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਜਿੱਤ ਦਾ ਅਸ਼ੀਰਵਾਦ ਮੰਗਿਆ। ਗੁਰੂ ਸਾਹਿਬ ਨੇ ਗੁਰੂ ਘਰ ਦੀ ਪਰੰਪਰਾ ਮੁਤਾਬਕ ਉਸ ਦਾ ਸਵਾਗਤ ਕੀਤਾ ਤੇ ਉਹ ਲਾਹੌਰ ਨੂੰ ਕੂਚ ਕਰ ਗਿਆ। ਉਸ ਨੇ ਲਾਹੌਰ ਨੂੰ ਘੇਰਾ ਪਾ ਲਿਆ ਪਰ ਕਬਜ਼ਾ ਨਾ ਕਰ ਸਕਿਆ ਤੇ ਐਨੇ ਨੂੰ ਜਹਾਂਗੀਰ ਦੀ ਕਮਾਂਡ ਹੇਠ ਮੁਗਲ ਫੌਜ ਪਹੁੰਚ ਗਈ। ਭੈਰੋਵਾਲ ਦੀ ਜੰਗ ਵਿੱਚ ਖੁਸਰੋ ਹਾਰ ਗਿਆ ਤੇ ਉਸ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਖੁਸਰੋ ਦੇ ਸਾਥੀਆਂ ਨੂੰ ਚਾਂਦਨੀ ਚੌਂਕ ਬਜ਼ਾਰ ਵਿੱਚ ਸੂਲੀ 'ਤੇ ਟੰਗ ਦਿੱਤਾ ਗਿਆ ਤੇ ਖੁਸਰੋ ਨੂੰ ਪਲਕਾਂ ਸਿਉਂ ਕੇ ਕੈਦ ਵਿੱਚ ਸੁਟ ਦਿੱਤਾ ਗਿਆ ਜਿੱਥੇ 1622 ਵਿੱਚ ਉਸ ਦੀ ਮੌਤ ਹੋ ਗਈ।

ਜਦੋਂ ਖੁਸਰੋ ਅਤੇ ਗੁਰੂ ਸਾਹਿਬ ਦੀ ਮੁਲਾਕਾਤ ਬਾਰੇ ਖਬਰ ਦਿੱਲੀ ਪਹੁੰਚੀ ਤਾਂ ਪਹਿਲਾਂ ਹੀ ਮੌਕੇ ਦੀ ਭਾਲ ਵਿੱਚ ਬੈਠੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਸਾਹਮਣੇ ਜਾਨ ਬਚਾਉਣ ਲਈ ਮੁਸਲਮਾਨ ਬਣਨ, ਦੋ ਲੱਖ ਜ਼ੁਰਮਾਨਾ ਭਰਨ ਅਤੇ ਆਦਿ ਗ੍ਰੰਥ ਵਿੱਚ ਜਹਾਂਗੀਰ ਦੀ ਮਰਜ਼ੀ ਮੁਤਾਬਕ ਸੋਧ ਕਰਨ ਦੀ ਤਜ਼ਵੀਜ ਰੱਖੀ ਗਈ। ਗੁਰੂ ਸਾਹਿਬ ਨੇ ਸਾਰੀਆਂ ਸ਼ਰਤਾਂ ਤੋਂ ਇਨਕਾਰ ਕਰ ਦਿੱਤਾ ਅਤੇ ਸ਼ਹੀਦੀ ਗਲੇ ਲਗਾਉਣ ਨੂੰ ਤਰਜੀਹ ਦਿੱਤੀ। ਸਾਈਂ ਮੀਆਂ ਮੀਰ ਨੇ ਗੁਰੂ ਸਾਹਿਬ ਨੂੰ ਬਚਾਉਣ ਦੀ ਬਹੁਤ ਵਾਹ ਲਗਾਈ ਪਰ ਸਫਲ ਨਾ ਹੋ ਸਕਿਆ। ਭਾਰੀ ਤਸੀਹੇ ਦੇ ਕੇ 30 ਮਈ 1606 ਵਾਲੇ ਦਿਨ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਕਿਸੇ ਸਮਕਾਲੀ ਹਿੰਦੂ ਜਾਂ ਮੁਸਲਿਮ ਇਤਿਹਾਸਕਾਰ ਨੇ ਲਿਖਤੀ ਵਰਨਣ ਨਹੀਂ ਕੀਤਾ। ਮੁਹੰਮਦ ਲਤੀਫ, ਕਨਿੰਘਮ, ਮੈਕਾਲਿਫ ਜਾਂ ਸਿੱਖ ਇਤਿਹਾਸਕਾਰਾਂ ਵੱਲੋਂ ਇਸ ਸਬੰਧੀ ਜੋ ਲਿਖਿਆ ਗਿਆ ਹੈ, ਉਹ ਦੋ ਢਾਈ ਸੌ ਸਾਲ ਬਾਅਦ ਸੁਣੀਆਂ ਸੁਣਾਈਆਂ ਗੱਲਾਂ 'ਤੇ ਅਧਾਰਿਤ ਹੈ। ਇਸ ਦਾ ਅੱਖੀਂ ਡਿੱਠਾ ਹਾਲ ਸਿਰਫ ਇੱਕ ਵਿਅਕਤੀ, ਲਿਸਬਨ ਸ਼ਹਿਰ (ਪੁਰਤਗਾਲ) ਦੇ ਰਹਿਣ ਵਾਲੇ ਈਸਾਈ ਪਾਦਰੀ ਜੇਰੋਮ ਜ਼ੈਵੀਅਰ (1549-1617 ਈਸਵੀ) ਨੇ ਲਿਖਿਆ ਹੈ। ਉਸ ਵਕਤ ਉਹ ਪੁਰਤਗਾਲ ਅਤੇ ਗੋਆ ਦੀ ਮੁੱਖ ਚਰਚ ਵੱਲੋਂ ਧਰਮ ਪ੍ਰਚਾਰ ਦੇ ਮਿਸ਼ਨ ਅਧੀਨ ਲਾਹੌਰ ਵਿੱਚ ਹਾਜ਼ਰ ਸੀ। ਉਸ ਨੇ ਗੁਰੂ ਸਾਹਿਬ ਨੂੰ ਦਿੱਤੇ ਜਾਣ ਵਾਲੇ ਤਸੀਹੇ ਆਪਣੀ ਅੱਖੀਂ ਵੇਖੇ ਸਨ। ਉਹ ਲਿਖਦਾ ਹੈ ਕਿ ਲਾਹੌਰ ਦੇ ਸਿੱਖਾਂ ਨੇ ਤਵਾਨ ਭਰ ਕੇ ਗੁਰੂ ਸਾਹਿਬ ਨੂੰ ਬਚਾਉਣ ਦਾ ਯਤਨ ਕੀਤਾ ਪਰ ਸਫਲ ਨਾ ਹੋ ਸਕੇ। ਉਸ ਨੇ ਲਿਬਸਨ ਚਰਚ ਨੂੰ ਲਿਖੀ ਆਪਣੀ ਚਿੱਠੀ ਵਿੱਚ ਗੁਰੂ ਸਾਹਿਬ ਨੂੰ ਦਿੱਤੇ ਗਏ ਤਸੀਹਿਆਂ ਅਤੇ ਜਿਸ ਸਬਰ ਅਤੇ ਸਹਿਣਸ਼ੀਲਤਾ ਨਾਲ ਗੁਰੂ ਸਾਹਿਬ ਨੇ ਇਸ ਜ਼ੁਲਮ ਦਾ ਸਾਹਮਣਾ ਕੀਤਾ, ਸੰਬੰਧੀ ਬਹੁਤ ਹੀ ਪ੍ਰਸੰਸਾਮਈ ਤਰੀਕੇ ਨਾਲ ਵੇਰਵਾ ਦਿੱਤਾ ਹੈ। ਇਹ ਗੁਰੂ ਸਾਹਿਬ ਦੀ ਸ਼ਹੀਦੀ ਦਾ ਇੱਕੋ ਇੱਕ ਅਤੇ ਸਟੀਕ ਅੱਖੀਂ ਡਿੱਠਾ ਵਰਨਣ ਹੈ। ਗੁਰੂ ਸਾਹਿਬ ਦੀ ਸ਼ਹੀਦੀ ਵਾਲੇ ਅਸਥਾਨ 'ਤੇ ਗੁਰਦਵਾਰਾ ਡੇਰਾ ਸਾਹਿਬ ਬਣਿਆ ਹੋਇਆ ਹੈ ਜਿਸ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ।

-0-

ਗੁਰੂ ਕ੍ਰਿਪਾ

ਗੁਰੂ ਕ੍ਰਿਪਾ ਕਾ ਅਰ੍ਥ ਯਹ ਨਹੀਂ ਕਿ ਜੀਵਨ ਮੇਂ ਦੁ:ਖ ਨ ਆਏ
ਲੇਕਿਨ ਦੁ:ਖ ਮੇਂ ਭੀ ਆਪ ਦੁਖੀ ਨ ਹੋ, ਵਹ ਸਮਯ ਕਬ ਬੀਤ ਜਾਏ, ਆਪ ਕੋ ਪਤਾ ਨ ਚਲੇ, ਯਹੀ ਹੈ ਗੁਰੂ ਕ੍ਰਿਪਾ।

ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਮੈਸਜ਼ ਜਾਂ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ ਅਤੇ ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ। ਵੱਲੋਂ ਅਦਾਰਾ 'ਗੁਰਮਤਿ ਵਿਰਸਾ'

• ਗੁਰਮਤਿ ਪ੍ਰਚਾਰ ਕੇਂਦਰ ਲਈ ਅਕਾਊਂਟ ਨੰਬਰ •

ਗੁਰਮਤਿ ਪ੍ਰਚਾਰ ਕੇਂਦਰਾਂ ਦੇ ਪ੍ਰਬੰਧਕ / ਸਪਾਂਸਰ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕੇਂਦਰ ਦੀ ਮਾਇਕ ਸਹਾਇਤਾ ਹੇਠ ਲਿਖੇ ਬੈਂਕ ਅਕਾਊਂਟ ਵਿਚ ਭੇਜੀ ਜਾਵੇ। ਆਪਣਾ ਨਾਮ ਅਤੇ ਕੇਂਦਰ ਦਾ ਨਾਮ ਜ਼ਰੂਰ ਲਿਖਣਾ ਜੀ। ਇਹ ਮਾਇਆ ਕੇਵਲ ਭਾਰਤ 'ਚੋਂ ਹੀ ਭੇਜੋ ਜੀ।

AXIS Bank Branch Adda Dakha IFSC Code: UTIB0000197,
A/C 913010032551518, ਤੁਸੀਂ **GURMAT PARCHAR KENDRA** ਦੇ ਨਾਮ 'ਤੇ ਚੈੱਕ ਵੀ ਭੇਜ ਸਕਦੇ ਹੋ।

ਜੂਨ ਚੌਰਾਸੀ ਦੀ ਸਦੀਵੀ ਪੀੜਾਂ

-ਕੁਲਵੰਤ ਕੌਰ (ਡਾ.) 98156-20515

ਕੀ ਕਿਸੇ ਮਹਾਂ ਪਵਿੱਤਰ ਸਥਾਨ, ਗੁਰਦਵਾਰੇ ਜਾਂ ਇਮਾਰਤ ਨੂੰ ਢਾਹ ਢੇਰੀ ਕਰ ਦਿੱਤੇ ਜਾਣ ਨਾਲ ਓਸ ਧਰਮ ਦੇ ਬ੍ਰਹਿਮੰਡੀ ਫ਼ਲਸਫ਼ੇ ਅਤੇ ਸਰਬਸਾਂਝੀ ਗੁਰਬਾਣੀ ਨੂੰ ਖ਼ਤਮ ਕੀਤਾ ਜਾ ਸਕਦਾ ਹੈ? ਕੀ ਕਿਸੇ ਜਾਂਬਾਜ਼ ਕੌਮ ਦੇ ਕੁੱਝ ਚੋਣਵੇਂ ਸੂਰਮੇ ਮਾਰ ਮੁਕਾਉਣ ਜਾਂ ਸ਼ਹੀਦ ਕਰ ਦਿੱਤੇ ਜਾਣ ਨਾਲ ਸੂਰਬੀਰ ਕੌਮਾਂ ਨੂੰ ਨੇਸਤੋ ਨਾਬੂਦ ਕੀਤਾ ਜਾ ਸਕਦਾ ਹੈ? ਧੁਰੋਂ ਆਜ਼ਾਦ ਕੀਤੇ ਮਰਜੀਵੜਿਆਂ ਨੂੰ ਬੇੜੀਆਂ ਪਾ ਕੇ ਬੰਨ੍ਹਣਾ ਕੀ ਸੰਭਵ ਹੈ? ਕੀ ਸ਼ੂਕਦੇ ਦਰਿਆਵਾਂ ਨੂੰ ਬੰਨ੍ਹ ਮਾਰਿਆ ਜਾ ਸਕਦਾ ਹੈ? ਕੀ ਸੱਚ ਦੇ ਸੂਰਜ ਨੂੰ ਚੜ੍ਹਨੋਂ ਰੋਕਿਆ ਜਾ ਸਕਦਾ ਹੈ? ਕੀ ਭੈ-ਭਾਵਨੀ ਵਾਲੇ ਸਿਰਲੱਥ ਯੋਧਿਆਂ ਨੂੰ ਭੈ-ਭੀਤ ਕਰਨਾ ਸੰਭਵ ਹੈ? ਕੀ ਗ਼ਦਰੀਆਂ, ਬੱਬਰਾਂ, ਸਿਰਲੱਥਾਂ ਅਤੇ ਗੁਰੂ ਪਾਤਿਸ਼ਾਹੀਆਂ ਦੀ ਸਰਜ਼ਮੀ ਨੂੰ ਖਾਹ ਮਖਾਹ ਨਿਵਾਇਆ ਜਾ ਸਕਦਾ ਹੈ? ਹਰਗਿਜ਼ ਹਰਗਿਜ਼ ਨਹੀਂ। ਕਦੇ ਵੀ ਨਹੀਂ।

ਜੂਨ ਚੌਰਾਸੀ ਦੇ ਪ੍ਰਸੰਗ ਵਿਚ ਉਪਰੋਕਤ ਸਵਾਲਾਂ ਦਾ ਉੱਤਰ ਬਿਨਾਂ ਸ਼ੱਕ ਨਾਂਹ ਵਿਚ ਹੈ। ਦੇਸ਼ ਦੇ ਇਤਿਹਾਸ ਵਿਚ ਪੰਜਾਬ ਦਾ ਨਾਂ-ਥਾਂ ਬਿਲਕੁਲ ਅਲੱਗ ਤੇ ਵਿਲੱਖਣ ਹੈ। ਭਾਵੇਂ ਪਹਿਲਾਂ ਵੀ ਰਿਸ਼ੀਆਂ ਮੁਨੀਆਂ ਤੇ ਪੀਰਾਂ ਪੈਗੰਬਰਾਂ ਨੇ ਇਸ ਨੂੰ ਭਾਗ ਲਾਏ ਪ੍ਰੰਤੂ ਮੱਧਕਾਲ ਵਿਚ ਪੂਰੀਆਂ ਢਾਈ ਸਦੀਆਂ ਇੱਥੇ ਗੁਰਮਤਿ ਦੇ ਅਮੁੱਕ ਦਰਿਆ ਵੱਗੇ, ਸਾਰੀ ਮਨੁੱਖ ਜਾਤੀ ਦੇ ਉਧਾਰ ਲਈ ਸਾਂਝੇ ਜਤਨ ਹੋਏ, ਗੁਰੂ ਸਾਹਿਬਾਨ ਨੇ ਛੂਆ ਛੂਤ, ਸਮਾਜਿਕ ਨਾਬਰਾਬਰੀ, ਸੁੱਚ ਭਿੱਟ, ਜਾਤੀਗਤ ਕੱਟੜਤਾ, ਵਰਣ ਵੰਡ ਭਾਵ ਮਨੂਵਾਦ ਨੂੰ ਪੂਰੀ ਤਰ੍ਹਾਂ ਨਕਾਰਿਆ ਅਤੇ ਫ਼ੁਰਮਾਇਆ :-

ਜਾਣਹੁ ਜੋਤਿ ਨਾ ਪੂਛਹੁ ਜਾਤੀ ਆਗੈ ਜਾਤਿ ਨ ਹੇ। (349)

ਜਿਵੇਂ ਪੰਜਾਬ ਦਾ ਮੌਸਮ, ਪੌਣ ਪਾਣੀ, ਵਿਰਸਾ, ਸੱਭਿਆਚਾਰ, ਰਹਿਤਲ, ਇਤਿਹਾਸ ਤੇ ਫ਼ਲਸਫ਼ਾ ਬਿਲਕੁਲ ਵੱਖਰਾ ਹੈ ਤਿਵੇਂ ਹੀ ਪੰਜਾਬੀਆਂ ਖ਼ਾਸ ਕਰਕੇ ਗੁਰੂ ਬਖਸ਼ੇ ਬੰਦਿਆਂ ਦੀ ਸੋਚ, ਕਹਿਣੀ, ਕਰਨੀ ਤੇ ਕਥਨੀ ਵੀ ਅਲੱਗ ਹੈ। ਸਾਰੇ ਦੇਸ਼ ਵਿਚ ਮੋਦੀ ਦਾ ਜਾਦੂ ਚੱਲਿਆ ਪਰੰਤੂ ਪੰਜਾਬ ਨੇ ਇਸ ਤੋਂ ਉਲਟ ਨਤੀਜੇ ਦਿੱਤੇ। ਇਨ੍ਹਾਂ ਦੀ ਮਾਨਸਿਕਤਾ ਨੂੰ ਸਮਝਣ ਅਤੇ ਪਰਖਣ ਲਈ ਤੁਹਾਨੂੰ ਇਨ੍ਹਾਂ ਦੇ ਅੰਦਰ ਉੱਤਰਨਾ ਪਵੇਗਾ। ਹਾਂ, ਇਹ ਗੱਲ ਵੀ ਭੁਠਲਾਈ ਨਹੀਂ ਜਾ ਸਕਦੀ ਕਿ ਅੱਜ ਭੋਗਵਾਦ ਦੇ ਯੁੱਗ ਵਿਚ ਇਨ੍ਹਾਂ ਵਿੱਚੋਂ ਬਹੁਤੇ ਆਪਣੀ ਅਸਲੀਅਤ ਭੁੱਲ ਕੇ ਚਾਪਲੂਸਾਂ, ਡੇਰੇਦਾਰਾਂ, ਮਤਲਬੀਆਂ, ਲੀਡਰਾਂ ਅਤੇ ਨਸ਼ੇਖੋਰਾਂ ਦੇ ਚੁੰਗਲ ਵਿਚ ਜਾ ਫਸੇ ਹਨ। ਲੱਖਾਂ ਦੀ ਗਿਣਤੀ ਵਿਚ ਨੌਜਵਾਨ ਵਿਦੇਸ਼ੀ ਧਰਤੀਆਂ 'ਤੇ ਜਾ ਉਤਰੇ ਹਨ। ਬੇਹਿਸਾਬੇ ਨਸ਼ਿਆਂ ਦੀ ਬਲੀ ਚੜ੍ਹ ਗਏ ਹਨ। ਅਨੇਕ ਗੈਂਗਸਟਰ ਬਣ ਕੇ ਪੰਜਾਬੀ ਰਵਾਇਤਾਂ ਨੂੰ ਲਾਜ ਲਾ ਰਹੇ ਹਨ। ਗੰਦੀ ਰਾਜਨੀਤੀ, ਗ਼ਲਤ ਨੀਤੀਆਂ ਅਤੇ ਪੱਖਪਾਤੀ ਸਰਕਾਰਾਂ ਨੇ ਇਸਦੇ ਅੰਨਦਾਤਿਆਂ ਨੂੰ ਅੱਜ ਘਸਿਆਰੇ ਬਣਾ ਕੇ ਖ਼ੁਦਕਸ਼ੀਆਂ ਲਈ ਮਜਬੂਰ ਕਰ ਦਿੱਤਾ ਹੈ। ਚਾਰੇ ਪਾਸੇ ਸਿਆਸਤ ਹੀ ਸਿਆਸਤ ਹੋ ਰਹੀ ਹੈ। ਸਰਲ, ਸੌਖੀ, ਸਹਿਜ ਤੇ ਸਕੂਨਵੀਂ ਜ਼ਿੰਦਗੀ ਅੱਜ ਇੱਥੇ

ਲੱਭਿਆਂ ਵੀ ਨਹੀਂ ਮਿਲਦੀ। 'ਸੁਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ' ਅੱਜ ਪਾਤਾਲੀ ਨਿੱਘਰ ਚੁੱਕਾ ਹੈ। ਇਸਦੀ ਰੂਹਾਨੀਅਤ ਦੇ ਸੋਮੇ ਕੁਝ ਲੱਠਮਾਰਾਂ ਦੀ ਬਦਨੀਅਤੀ ਕਰਕੇ ਪਲੀਤ ਕਰ ਦਿੱਤੇ ਗਏ ਹਨ। ਅੱਜ ਗੁਰੂ ਵਰੋਸਾਈ ਇਸ ਪਵਿੱਤਰ ਧਰਤੀ 'ਤੇ ਰਹਿੰਦਿਆਂ ਵੀ ਸਕੂਨ ਨਹੀਂ ਮਿਲ ਰਿਹਾ। ਆਓ, ਕੁਝ ਅੰਦਰੂਨੀ ਪੀੜਾਂ ਆਪਣੇ ਸੁਹਿਰਦ ਪਾਠਕਾਂ ਨਾਲ ਸਾਂਝੀ ਕਰਨ ਦੀ ਇਕ ਨਿਮਾਣੀ ਜਿਹੀ ਕੋਸ਼ਿਸ਼ ਕਰਾਂ।

ਪੋਹ ਦਾ ਮਹੀਨਾ ਸਿੱਖ ਸੰਸਾਰ ਦਾ ਸਭ ਤੋਂ ਵੱਧ ਕਹਿਰੀਲਾ, ਦਰਦੀਲਾ, ਖ਼ੌਫਨਾਕ ਅਤੇ ਹੌਲਨਾਕ ਮਹੀਨਾ ਹੈ ਜਦੋਂ ਦਸਵੇਂ ਨਾਨਕ ਨੂੰ ਆਪਣੇ ਮਹਾਨ ਮਿਸ਼ਨ ਦੀ ਪੂਰਤੀ ਲਈ ਬੇਮਿਸਾਲ ਸੰਘਰਸ਼ ਕਰਨਾ ਪਿਆ। ਫਲਸਰੂਪ, ਸਾਰਾ ਪਰਿਵਾਰ ਬਿੱਖਰ ਗਿਆ। ਚਾਰੇ ਲਾਲ ਤੇ ਮਾਂ ਗੁਜਰੀ ਸ਼ਹਾਦਤ ਦੇ ਜਾਮ ਪੀ ਗਏ। ਅਣਗਿਣਤ ਸਿੰਘ ਸੂਰਮੇ ਜ਼ੁਲਮ ਨਾਲ ਕਰਾਰੀ ਟੱਕਰ ਲੈਂਦੇ ਹੋਏ ਗੁਰੂ ਦੇ ਹੁਕਮ ਦੇ ਹਾਣੀ ਬਣ ਗਏ। ਪਰ ਜੂਨ ਦਾ ਮਹੀਨਾ ਚੜ੍ਹਦਿਆਂ ਵੀ ਹਰ ਗੁਰੂ ਨਾਨਕ ਨਾਮ ਲੇਵਾ ਆਪਣੇ ਜ਼ਿਹਨ ਵਿਚ ਇਕ ਅਨੋਖੀ ਤਪਸ਼, ਬੇਚੈਨੀ, ਪੀੜ, ਤਕਲੀਫ਼ ਅਤੇ ਛਟਪਟਾਹਟ ਮਹਿਸੂਸ ਕਰਦਾ ਹੈ। ਬਾਹਰ ਵਰਦੀ ਅਸਮਾਨੀ ਅੱਗ ਉਹ ਦਰਦ ਨਹੀਂ ਦਿੰਦੀ ਜਿਹੜਾ ਅਸਹਿ ਤੇ ਅਕਹਿ ਦੁੱਖ ਮਨ-ਮਸਤਕ ਵਿਚ ਮਹਿਸੂਸ ਹੁੰਦਾ ਹੈ ਕਿਉਂਕਿ ਪਹਿਲੀਆਂ ਵਧੀਕੀਆਂ, ਜ਼ੁਲਮ, ਹਮਲੇ, ਯੁੱਧ ਅਤੇ ਮਾਰੋ ਮਾਰੀ ਬਾਹਰਲਿਆਂ, ਜਰਵਾਣਿਆਂ, ਸ਼ਾਸਕਾਂ ਅਤੇ ਜ਼ਾਲਮਾਂ ਵੱਲੋਂ ਸਨ ਜਦੋਂ ਕਿ ਜੂਨ ਚੌਰਾਸੀ ਦੇ ਸਿਤਮ ਆਪਣੀ ਚੁਣੀ ਹੋਈ ਸਰਕਾਰ ਵੱਲੋਂ ਸਨ ਜਿਸ ਦੇ ਜ਼ਿੰਮੇ ਦੇਸ਼ ਦੇ ਹਰੇਕ ਨਾਗਰਿਕ ਨੂੰ ਸੁਰੱਖਿਆ ਦੇਣ ਦੀ ਜ਼ਿੰਮੇਵਾਰੀ ਹੁੰਦੀ ਹੈ। ਇਕ ਸੋਗੀ ਮਾਹੌਲ, ਇਕ ਸਾਹ ਸੂਤਵਾਂ ਆਲਮ ਅਤੇ ਇਕ ਨਿਹਾਇਤ ਅਫਸੋਸਨਾਕ ਵਾਤਾਵਰਣ ਹਰ ਪਾਸੇ ਤਾਰੀ ਹੋ ਜਾਂਦਾ ਹੈ। ਹਰੇਕ ਮਾਨਵਤਾਵਾਦੀ ਦੀ ਮਾਨਸਿਕਤਾ ਵਲੂੰਧਰੀ ਜਾਂਦੀ ਹੈ। ਕਈ ਦਹਾਕੇ ਪੁਰਾਣੀਆਂ ਵਾਪਰੀਆਂ ਘਟਨਾਵਾਂ ਇਕ ਦਮ ਤਾਜ਼ਾ ਹੋ ਜਾਂਦੀਆਂ ਹਨ। ਹਰ ਸੰਵੇਦਨਸ਼ੀਲ ਵਿਅਕਤੀ ਤੜਪਦਾ ਫਿਰਦਾ ਹੈ ਤੇ ਅੰਜਾਮ ਦੇਣ ਵਾਲਿਆਂ ਦਾ ਸਿਆਪਾ ਕਰਦਾ ਹੈ।

ਰੂਹਾਨੀਅਤ ਦੇ ਸੋਮੇ, ਸਿੱਖੀ ਦੇ ਮੱਕੇ, ਸੰਸਾਰ ਦੇ ਸਭ ਤੋਂ ਪਵਿੱਤਰ ਸੱਥਲ, ਹਰ ਆਸਥਾਵਾਨ ਦੀ ਠਾਹਰ ਅਤੇ ਸਰਬਸਾਂਝੀਵਾਲਤਾ ਦੇ ਥੰਮ, ਸ੍ਰੀ ਦਰਬਾਰ ਸਾਹਿਬ ਨੂੰ ਢਾਹ ਢੇਰੀ ਕਰਕੇ ਇਸਦੇ ਬ੍ਰਹਿਮੰਡੀ ਸੁਨੇਹੇ ਨੂੰ ਬੰਦ ਕਰਨ ਅਤੇ ਗੁਰੂ ਦੇ ਵਰੋਸਾਏ ਬੰਦਿਆਂ ਨੂੰ ਸਦਾ ਸਦਾ ਲਈ ਮਾਰ ਮੁਕਾਉਣ ਦੀ ਤਮੰਨਾ ਤਾਂ ਮੱਸੇ ਰੰਘੜ ਨੇ ਵੀ ਕੀਤੀ, ਯਹੀਆਂ ਖਾਂ ਤੇ ਅਬਦਾਲੀ ਨੇ ਵੀ ਪਰ ਉਹ ਗੁਰੂ ਬਖਸ਼ੇ ਸਿੰਘਾਂ ਦੀ ਚੜ੍ਹਤ, ਜਾਂਬਾਜ਼ੀ, ਆਪਾਵਾਰਤਾ, ਸੂਰਬੀਰਤਾ, ਬਹਾਦਰੀ, ਦ੍ਰਿੜਤਾ ਅਤੇ ਸਮਰਪਣ ਨਾਲ ਖਾਰ ਖਾਂਦਿਆਂ ਪ੍ਰੇਰਣਾ ਦੇ ਇਸ ਨਿਰੰਤਰ ਸਰੋਤ ਨੂੰ ਹੀ ਮੇਟਣਾ ਚਾਹੁੰਦੇ ਸਨ। ਸਿਰਤੋੜ ਜਤਨ ਵੀ ਉਨ੍ਹਾਂ ਦੇ ਮੰਤਵਾਂ ਦੀ ਪੂਰਤੀ ਦਾ ਸਬੱਬ ਨਾ ਬਣ ਸਕੇ। ਸਗੋਂ ਇਹ ਸਾਰੇ ਦੇ ਸਾਰੇ ਪੰਜ ਕੁ ਮਹੀਨਿਆਂ (153 ਦਿਨਾਂ) ਬਾਅਦ ਹੀ ਅੱਲਾ ਨੂੰ ਪਿਆਰੇ ਹੁੰਦੇ ਗਏ। ਹਿੰਦੂ ਵੋਟ ਬੈਂਕ ਨੂੰ ਪੱਕਾ ਕਰਨ, ਐਮਰਜੈਂਸੀ ਤੋਂ ਬਾਅਦ ਆਪਣੀ ਡਿਗਦੀ ਸਾਖ ਨੂੰ ਬਚਾਉਣ, ਐਮਰਜੈਂਸੀ ਦੌਰਾਨ ਸਿੱਖਾਂ ਵੱਲੋਂ ਸਖਤ ਵਿਰੋਧ ਦਾ ਬਦਲਾ ਲੈਣ ਅਤੇ ਸਾਡੇ ਵਿਕਾਊ ਲੀਡਰਾਂ ਨੂੰ ਆਪਣੇ ਮੱਕੜ-ਜਾਲ ਵਿਚ ਫਸਾਉਣ ਵਿਚ ਕਾਮਯਾਬ ਰਹਿਣ ਪਿਛੋਂ ਇੰਦਰਾ ਗਾਂਧੀ ਮਨਮਾਨੀਆਂ ਦੇ ਸਾਰੇ ਰਿਕਾਰਡ ਤੋੜ ਗਈ। ਉਂਞ ਲੰਮਾ ਸਮਾਂ ਪਹਿਲਾਂ ਹੀ, ਉਸ ਨੇ ਇਹ ਜੂਆ ਖੇਡਣ ਦਾ ਮਨ ਬਣਾ ਲਿਆ

ਸੀ। ਯੂ. ਕੇ. ਤੇ ਰੂਸ ਦੇ ਸਰਬਰਾਹ ਉਸ ਦੇ ਰਾਜ਼ਦਾਰ ਬਣੇ। ਫੌਜੀ ਕਮਾਂਡਰਾਂ ਨੂੰ ਸ੍ਰੀ ਦਰਬਾਰ ਸਾਹਿਬ ਦਾ ਵਿਸ਼ਾਲ ਮਾਡਲ ਬਣਾ ਕੇ ਦੇਹਰਾਦੂਨ ਦੇ ਚਕਰਾਤਾ ਵਿਖੇ ਨਿਸ਼ਾਨੇ ਫੁੰਡਣ ਦੀ ਮਹੀਨਿਆਂ ਬੱਧੀ ਸਿਖਲਾਈ ਦਿੱਤੀ ਗਈ। ਪੰਜਾਬ ਦੇ ਹਾਲਾਤ ਜਾਣ ਬੁੱਧ ਕੇ ਵਿਗਾੜੇ ਗਏ। ਬੱਸਾਂ ਵਿਚੋਂ ਹਿੰਦੂ ਯਾਤਰੀਆਂ ਨੂੰ ਕੱਢ-ਕੱਢ ਕੇ ਮੌਤ ਦੇ ਘਾਟ ਉਤਾਰਨਾ ਸਰਕਾਰੀ ਚਾਲ ਸੀ, ਕਿਉਂਕਿ ਗੁਰੂ ਦਾ ਸੱਚਾ ਸਿੱਖ ਕਦੇ ਕਿਸੇ ਨਿਹੱਥੇ 'ਤੇ ਵਾਰ ਨਹੀਂ ਕਰ ਸਕਦਾ। ਉਸ ਦੀ ਤਲਵਾਰ ਤਾਂ ਉਠਦੀ ਹੀ ਜ਼ੁਲਮ ਦੇ ਟਾਕਰੇ ਲਈ ਹੈ 'ਚੂੰ ਕਾਰ ਅਜ ਹਮਾ ਹੀਲ ਦਰ ਗੁਜਸਤ। ਹਲਾਲ ਅਸਤ ਬੁਰਦਨ ਬ ਸ਼ਮਸੀਰ ਦਸਤ'। ਇਹੋ ਗੁਰ-ਫ਼ਰਮਾਨ ਹੈ ਉਸਨੂੰ। ਦਰਬਾਰ ਸਾਹਿਬ ਅੰਮ੍ਰਿਤਸਰ ਤੱਕ ਘਾਤਕ ਹਥਿਆਰ ਪੁੱਜਣ ਦੇਣੇ, ਅੰਦਰ ਬਾਹਰ ਸਿਵਲ ਕੱਪੜਿਆਂ ਵਿਚ ਪੂਰੀ ਜਾਸੂਸੀ ਕਰਨੀ, ਸਿੰਘਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣੀ, ਸ੍ਰੀ ਦਰਬਾਰ ਸਾਹਿਬ ਸਮੂਹ ਦੇ ਬਾਹਰ ਕਤਲੋਗਾਰਤ ਦਾ ਸਿਲਸਿਲਾ, ਝੜੱਪਾਂ, ਬਦਅਮਨੀ ਇਹ ਓਸ ਯੋਜਨਾਬੱਧ ਸਾਜਿਸ਼ ਦਾ ਹਿੱਸਾ ਸੀ। ਦਿਨ ਚੁਣਿਆ ਗਿਆ ਸ਼ਹੀਦਾਂ ਦੇ ਸਿਰਤਾਜ ਪੰਚਮ ਨਾਨਕ ਦੀ ਸ਼ਹੀਦੀ ਦਾ ਜਦੋ ਲੱਖਾਂ ਸੰਗਤਾਂ ਆਪਣੇ ਸੱਖਣੇ ਦਿਲਾਂ ਨੂੰ ਰੂਹਾਨੀਅਤ ਨਾਲ ਭਰਪੂਰ ਕਰਨ ਲਈ ਇੱਥੇ ਢੁੱਕਦੀਆਂ ਹਨ।

ਜ਼ੁਲਮ ਦੀ ਹੱਦ ਦੇਖੋ ਕਿ ਡੇਢ ਕੁ ਸੌ ਸਿੰਘਾਂ ਦੇ ਮੁਕਾਬਲੇ ਲਈ ਭਾਰਤੀ ਫੌਜਾਂ ਦੇ ਜਰਨੈਲ, ਕਰਨੈਲ, ਟੈਂਕ, ਤੋਪਾਂ, ਰਾਕਟ ਲਾਂਚਰ, ਗੋਲੇ ਬਾਰੂਦ, ਕਮਾਂਡੋ ਤੇ ਹੋਰ ਕੀ ਕੀ ਨਹੀਂ ਲਿਆਂਦਾ ਗਿਆ ਸਰਬਸਾਂਝੀਵਾਲਤਾ ਦੇ ਦਰ 'ਤੇ। ਸ਼ਰਾਬ ਨਾਲ ਡੱਕੇ ਫੌਜੀ। ਤਮਾਕੂ ਸਿਗਰਟਾਂ ਪੀਂਦੇ ਲੜਾਕੂ। ਜੁੱਤੀਆਂ ਸਮੇਤ ਦਗੜ ਦਗੜ ਕਰਦੇ ਤੇ ਹਲਕਾਏ ਕੁੱਤੇ ਵਾਂਗ ਫਿਰਦੇ ਭਾਰਤੀ ਸੈਨਿਕ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸਾਥੀਆਂ ਨੇ ਭਾਰਤੀ ਫੌਜਾਂ ਦੇ ਰੱਜ ਕੇ ਬਖੀਏ ਉਧੇੜੇ ਜਿਨ੍ਹਾਂ ਨੇ ਬਦਲੇ ਵਿਚ ਸੰਗਤਾਂ 'ਤੇ ਅਕਹਿ ਜ਼ੁਲਮ ਢਾਏ। ਪੰਜਾਬ ਸਾਰੇ ਵਿਚ ਕਰਫਿਊ ਲੱਗਾ ਹੋਣ ਕਰਕੇ ਆਲ ਇੰਡੀਆ ਰੇਡੀਓ ਨੇ ਬਥੇਰਾ ਕੁਫ਼ਰ ਤੋਲਿਆ, ਸਿੱਖਾਂ ਨੂੰ ਰੱਜ ਰੱਜ ਕੇ ਭੰਡਿਆ ਬਦਨਾਮ ਕੀਤਾ। ਦੇਸ਼ਧ੍ਰੋਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਅਤਿਵਾਦੀ, ਆਤੰਕਵਾਦੀ, ਵੱਖਵਾਦੀ, ਖਾਲਿਸਤਾਨੀ ਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਲਕਬ ਵਰਤੇ ਗਏ। ਅਠੱਤੀ ਗੁਰਦਵਾਰਿਆਂ 'ਤੇ ਇਕੱਠਾ ਹਮਲਾ ਸਾਡੇ ਵਿਰਸੇ, ਧਰਮ, ਮਰਯਾਦਾ, ਇਤਿਹਾਸ ਅਤੇ ਸੱਭਿਆਚਾਰ ਨੂੰ ਤਹਿਸ ਨਹਿਸ ਕਰਨ ਇਕ ਕੋਝੀ ਚਾਲ ਸੀ। ਵਹਿਸ਼ਤ ਦਾ ਨੰਗਾ ਨਾਚ ਕੀਤਾ ਗਿਆ ਪਰ ਸਾਡੇ ਸਵਾਰਥੀ ਨੇਤਾ ਬਾਹਾਂ ਖੜੀਆਂ ਕਰਕੇ ਆਪੂੰ ਤਾਂ ਸੁਰੱਖਿਅਤ ਟਿਕਾਣਿਆਂ 'ਤੇ ਪੁੱਜ ਗਏ ਤੇ ਸ਼ਰਧਾਲੂਆਂ ਨੂੰ ਬਿਜਲੀ ਪਾਣੀ ਤੇ ਰੋਜ਼ਮਰਾ ਦੀਆਂ ਲੋੜਾਂ ਤੋਂ ਵਿਰਵੇ ਮਰਨ ਲਈ ਛੱਡ ਗਏ। ਫੌਜਾਂ ਦਾ ਸੁਪਰੀਮ ਕਮਾਂਡਰ (ਸਾਡਾ ਸਿੱਖ ਰਾਸ਼ਟਰਪਤੀ) ਤਮਾਸ਼ਾ ਦੇਖਣ ਤੀਸਰੇ ਦਿਨ ਆ ਗਿਆ ਜਿਸ ਤੋਂ

'ਜ਼ਮੀਰ ਦਾ ਮਰ ਜਾਣਾ ਅਸਲ ਮੌਤ ਹੈ, ਸਰੀਰ ਦਾ ਮਰ ਜਾਣਾ ਮੌਤ ਨਹੀਂ', ਆਖਣ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਮਈ 1984 ਵਿਚ ਆਖ਼ਰੀ ਇੰਟਰਵਿਊ ਸ. ਕੇਸਰ ਸਿੰਘ ਮੰਡ ਨੇ ਕੀਤੀ ਸੀ ਜਿਸ ਦੀਆਂ ਲੱਖਾਂ ਸੀ.ਡੀਜ਼ ਵਿਦੇਸ਼ਾਂ ਵਿਚ ਵੰਡੀਆਂ ਗਈਆਂ। ਆਰ.ਟੀ.ਆਈ. ਤਹਿਤ ਅਤੇ ਸੁਬਰਾਮਨੀਅਮ ਸਵਾਮੀ ਨੇ ਵੀ ਸਪਸ਼ਟ ਕਹਿ ਦਿੱਤਾ ਹੈ ਕਿ ਸੰਤ ਜੀ ਖਿਲਾਫ਼ ਕੋਈ ਵੀ ਕੇਸ ਰਜਿਸਟਰਡ ਨਹੀਂ ਸੀ। ਫਿਰ ਉਹ ਅਤਿਵਾਦੀ ਕਿਵੇਂ? ਵੱਖਵਾਦੀ ਕਿਵੇਂ? ਖ਼ਾਲਿਸਤਾਨੀ ਕਿਵੇਂ? ਸੰਤ ਭਿੰਡਰਾਂਵਾਲੇ ਅਜੋਕੇ ਸਿੱਖ ਨੌਜਵਾਨਾਂ ਦੇ ਰੋਲ ਮਾਡਲ ਹਨ, ਆਦਰਸ਼ ਹਨ। ਸਾਨੂੰ ਬਦਨਾਮ ਕਰਨਾ ਬੰਦ ਕਰੋ। ਪੰਜਾਬ ਦੇ ਬਣਦੇ ਹੱਕ ਛੇਤੀ ਦਿਓ। ਅਸੀਂ ਧੁਰੋਂ ਆਜ਼ਾਦ ਕੀਤੇ ਜਿਉੜੇ ਹਾਂ- ਪਿਆਰ ਨਾਲ ਕਰਨ ਗੁਲਾਮੀ ਜਾਨ ਕੋਹ ਆਪਣੀ ਵਾਰ ਦਿੰਦੇ। ਹਾਕਮੋ ! ਪੰਜਾਬ ਨੂੰ ਸਮਝੋ। ਪੰਜਾਬੀਆਂ ਨੂੰ ਸਮਝੋ। ਖ਼ਾਸ ਕਰਕੇ ਗੁਰੂ-ਬਖਸ਼ੇ ਸਿੱਖਾਂ ਨੂੰ ਸਮਝ ਕੇ ਉਨ੍ਹਾਂ ਦੀ ਪੀੜਾ ਹਰਨ ਦੇ ਉਪਰਾਲੇ ਕਰੋ।

ਵਿਰੋਧ ਵਿਚ ਅਸਤੀਫ਼ਾ ਤੱਕ ਨਾ ਸਰਿਆ। ਇੰਦਰਾ ਗਾਂਧੀ ਦੇ ਜੁੱਤੀ ਚੁੱਕ ਸਾਡੇ ਸਾਰੇ ਪੰਜਾਬੀ (ਸਿੱਖ) ਸਿਆਸਤਦਾਨ (ਨਾਂ ਕਿਸ ਕਿਸ ਦਾ ਲਵਾਂ?) ਕਦੇ ਓਸ ਦੇ ਸਾਹਮਣੇ ਆਪਣਾ ਵਿਰੋਧ ਵੀ ਪ੍ਰਗਟ ਨਾ ਕਰ ਸਕੇ ਪਰੰਤੂ ਇਸ ਗੱਦੀ ਦੀ ਅਭਿਲਾਖੀ ਨੇ ਗੁਰੂ ਪਾਤਿਸ਼ਾਹੀਆਂ ਦੇ ਇਲਾਹੀ ਮਿਸ਼ਨ ਵਜੋਂ ਸਾਜੇ ਸ੍ਰੀ ਹਰਿਮੰਦਰ ਸਾਹਿਬ ਦੀ ਬਰਬਾਦੀ ਕਰਕੇ ਆਪਣੀ ਮੌਤ ਦੇ ਵਾਰੰਟਾਂ ਉੱਤੇ ਦਸਤਖ਼ਤ ਕਰ ਦਿੱਤੇ। ਪੰਜਾਬ ਲਹੂ ਲੁਹਾਨ ਹੋ ਗਿਆ। ਸਿੱਖ ਬੇਗਾਨੇ ਕਰ ਦਿੱਤੇ ਗਏ ਘਰ ਘਰ ਸੱਥਰ ਵਿਛ ਗਏ। ਬੇਗੁਨਾਹ ਜੇਲ੍ਹੀ ਡੱਕ ਦਿੱਤੇ ਗਏ। ਹਰਮਿੰਦਰ ਸਾਹਿਬ ਦੇ ਢਾਹ ਢੇਰੀ ਹੋ ਜਾਣ ਦੀਆਂ ਖ਼ਬਰਾਂ ਨੇ ਧਰਮੀ ਫੌਜੀਆਂ ਨੂੰ ਡਿਊਟੀਆਂ ਛੱਡਣ ਲਈ ਮਜਬੂਰ ਕਰ ਦਿੱਤਾ। ਦੇਸ਼ ਵਿਦੇਸ਼ ਵਿਚ ਤਰੱਥਲੀ ਮਚ ਗਈ। ਸਿੱਖਾਂ ਨੂੰ ਰੱਜ ਰੱਜ ਕੇ ਬਦਨਾਮ ਕਰਕੇ ਦੇਸ਼ ਧ੍ਰੋਹੀ ਵਜੋਂ ਪ੍ਰਚਾਰਨ ਲਈ ਮੀਡੀਏ ਦੀ ਦੁਰਵਰਤੋਂ ਕੀਤੀ ਗਈ ਜੋ ਹੁਣ ਤੱਕ ਹੋ ਰਹੀ ਹੈ। ਕੀਤਾ ਕਾਂਗਰਸ ਸਰਕਾਰ ਨੇ ਸ਼ਾਬਾਸ਼ੀ ਦਿੱਤੀ ਵਾਜਪਾਈ ਤੇ ਅਡਵਾਨੀ ਵਰਗਿਆਂ ਨੇ ਉਸਨੂੰ 'ਦੁਰਗਾ' ਦਾ ਖ਼ਿਤਾਬ ਦੇ ਕੇ।

ਪੰਜਾਬ ਖ਼ਾਸ ਕਰਕੇ ਸਿੱਖਾਂ ਦੇ ਪਿੰਡੇ ਦਾ ਇਹ ਨਾਸੂਰ ਅੱਜ ਤੱਕ ਰਿਸ ਰਿਹਾ ਹੈ। ਇੰਦਰਾ ਗਾਂਧੀ ਦਾ ਕਤਲ ਇਸੇ ਫੌਜੀ ਹਮਲੇ ਦਾ ਸਿੱਟਾ ਸੀ ਤੇ ਮੁੜ ਨਵੰਬਰ ਦੇ ਪਹਿਲੇ ਹਫਤੇ ਜੋ ਸਿੱਖ ਕਤਲੇਆਮ ਦਿੱਲੀ, ਕਾਨਪੁਰ, ਬੁਕਾਰੋ ਤੇ ਦੇਸ਼ ਦੇ ਹੋਰ ਬਹੁਤ ਸਾਰੇ ਹਿੱਸਿਆਂ ਵਿਚ ਕਰਵਾਇਆ ਗਿਆ ਉਸ ਦੀ ਅਸਲੀਅਮ ਹਾਲੇ ਤੱਕ ਵੀ ਪੂਰੀ ਤਰ੍ਹਾਂ ਜੱਗ ਜਾਹਿਰ ਨਹੀਂ ਹੋ ਸਕੀ। ਸਿੱਖ ਇਸੇ ਦੇਸ਼ ਵਿਚ ਬੇਗਾਨੇ ਬਣਾ ਦਿੱਤੇ ਗਏ। ਡਾ. ਇੰਦਰਜੀਤ ਸਿੰਘ (ਬੈਂਕ ਆਫ ਪੰਜਾਬ ਵਾਲੇ), ਸ. ਖੁਸ਼ਵੰਤ ਸਿੰਘ, ਚਰਨਜੀਤ ਸਿੰਘ (ਕੋਕਾ ਕੋਲਾ ਵਾਲੇ) ਵਰਗੇ ਪ੍ਰਤਿਸ਼ਠਤ ਸ਼ਹਿਰੀ ਵੀ ਇਸ ਤਾਂਡਵ ਨਾਚ ਤੋਂ ਅਛੂਤੇ ਨਾ ਰਹੇ। ਗੁਰਮਤਿ ਕਾਲਜ ਦੀ ਪ੍ਰਿੰਸੀਪਲੀ ਸਮੇਂ ਮੈਂ ਸ. ਇੰਦਰਜੀਤ ਸਿੰਘ ਦੀਆਂ ਅੱਡੀਆਂ 'ਚ ਟੋਏ ਖ਼ੁਦ ਦੇਖੇ ਸਨ, ਜਿਨ੍ਹਾਂ ਨੂੰ ਭਾਵੇਂ ਅਪਰੇਸ਼ਨ ਕਰਕੇ ਦੂਸਰੇ ਥਾਵਾਂ ਤੋਂ ਮਾਸ ਕੱਢ ਕੇ ਭਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਪ੍ਰੰਤੂ ਉਹ ਸਹੀ ਤਰੀਕੇ ਨਾਲ ਮੁੜ ਕਦੇ ਤੁਰ ਨਾ ਸਕੇ। ਇਸੇ ਸਿੱਖ ਰਾਸ਼ਟਰਪਤੀ ਦੇ ਸਾਹਮਣੇ ਸਭ ਕੁਝ ਵਾਪਰਿਆ ਪਰ ਇਸ ਦੇ ਗੱਦੀ-ਮੋਹ ਨੇ ਕਦੇ ਉਛਾਲਾ ਨਾ ਖਾਧਾ। ਧੰਨ ਹਨ ਸ. ਗੁਰਦੇਵ ਸਿੰਘ ਬਰਾੜ (ਤਤਕਾਲੀ ਡੀ.ਸੀ. ਅੰਮ੍ਰਿਤਸਰ) ਜਿਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਹਮਲੇ ਤੋਂ ਪਹਿਲਾਂ ਛੁੱਟੀ 'ਤੇ ਚਲੇ ਜਾਣਾ ਬਿਹਤਰ ਸਮਝਿਆ ਤੇ ਲੱਖ ਲਾਹਨਤ ਹੈ ਓਸ ਤਤਕਾਲੀ ਡੀ.ਸੀ. ਦੇ ਜਿਸ ਨੇ ਇਸ ਘਿਣਾਉਣੇ ਕਾਂਡ ਦਾ ਚਸ਼ਮਦੀਦ ਗਵਾਹ ਹੁੰਦਿਆਂ ਵੀ ਕਦੇ ਇਸ ਵਿਰੁੱਧ ਜ਼ੁਬਾਨ ਨਹੀਂ ਖੋਲ੍ਹੀ।

ਇੰਦਰਾ ਗਾਂਧੀ ਭਾਵੇਂ ਮਾਰੀ ਗਈ ਪਰੰਤੂ ਉਸ ਦਾ ਪੁੱਤਰ ਹਿੰਦੂ ਵੋਟ ਦੇ ਸਹਾਰਾ ਸ਼ਾਨਦਾਰ ਜਿੱਤ ਹਾਸਲ ਕਰ ਸਕਿਆ। ਅੱਜ ਤਕ ਇਹਦੇ ਸੱਜਣਾਂ, ਟਾਇਟਲਰਾਂ ਤੇ ਕਮਲ ਨਾਥਾਂ ਦਾ ਵਾਲ ਵਿੰਗਾਂ ਨਹੀਂ ਹੋ ਸਕਿਆ। ਪੈਂਤੀ ਸਾਲਾ ਤੋਂ ਭੁੱਬਾਂ ਮਾਰ ਰਹੀਆਂ ਵਿਧਵਾਵਾਂ ਦੀ ਕਿਸੇ ਨੇ ਬਾਂਹ ਨਹੀਂ ਫੜੀ। ਵੋਟਾਂ ਦੀ ਖ਼ਾਤਰ ਭਾਵੇਂ ਬਦਲੀ ਹੋਈ ਸਰਕਾਰ ਨੇ ਕੁੱਝ ਮਰਹਮ ਪੱਟੀ ਲਾਈ ਹੈ, ਤਾਂ ਵੀ ਇਹ ਐਡੇ ਵੱਡੇ ਨਰਸੰਹਾਰ ਦੇ ਸਾਹਮਣੇ ਤੁੱਛ ਹੈ। ਸਿੱਖਾਂ ਦੇ ਅੰਦਰ ਅੱਜ ਵੀ ਉਸੇ ਤਰ੍ਹਾਂ ਪੀੜ ਕਾਇਮ ਹੈ, ਚੀਸ ਹੈ, ਦਰਦ ਹੈ ਕਿਉਂਕਿ ਕਾਮਾਗਾਟਾਮਾਰੂ ਜਿਹੇ ਹਾਦਸਿਆਂ ਜਾਂ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਲਈ ਵਿਦੇਸ਼ੀ ਸਰਕਾਰਾਂ ਨੇ ਤਾਂ ਮੁਆਫ਼ੀਆਂ ਮੰਗ ਲਈਆਂ ਹਨ ਪਰ ਸਾਡੀ ਸੰਸਦ ਨੇ ਅੱਜ ਤੱਕ ਇਸ ਦੇ ਵਿਰੋਧ ਵਿਚ ਮਤਾ ਤੱਕ ਪਾਸ ਨਹੀਂ ਕੀਤਾ। ਨਵੀਂ ਸਰਕਾਰ ਕਿਹੜਾ ਸਿੱਖੀ ਦੀ ਸਕੀ ਹੈ? ਨਿਸ਼ਚੇ ਹੀ, ਇਕ ਵਾਰ ਸੰਸਦ ਦਿਲੋਂ ਮਨੋਂ ਸਿੱਖਾਂ ਨਾਲ ਹੋਈਆਂ ਵਧੀਕੀਆਂ, ਫੌਜੀ ਹਮਲੇ ਜਾਂ ਸਿੱਖ ਨਸਲਕੁਸ਼ੀ ਲਈ ਮੁਆਫ਼ੀ ਮੰਗ ਲਵੇ ਤਾਂ ਸਾਡੇ ਤਪਦੇ ਦਿਲ ਸ਼ਾਇਦ ਕੁਝ ਸ਼ਾਂਤ ਹੋ ਸਕਣ। ਸਾਡਾ ਖੋਹਿਆ ਸਾਰੇ ਦਾ ਸਾਰਾ ਖਜ਼ਾਨਾ ਸਾਨੂੰ ਵਾਪਸ ਕਰ ਦਿੱਤਾ ਜਾਵੇ ਤਾਂ ਸ਼ਾਇਦ ਸਾਨੂੰ ਕੁਝ ਟਿਕਾ ਆ ਜਾਵੇ।

ਮੈਨੂੰ ਇਥ ਹੋਰ ਗੱਲੋਂ ਵੀ ਡਾਹਢਾ ਪਛਤਾਵਾ ਹੈ ਕਿਉਂਕਿ ਗਜ਼ਟਿਡ ਸਰਕਾਰੀ ਨੌਕਰੀ ਵਿਚ ਹੁੰਦਿਆਂ ਉਦੋਂ ਮੈਂ ਅੱਖੀ ਡਿੱਠੇ, ਕੰਨੀ ਸੁਣੇ ਤੇ ਹੱਢੀਂ ਹੰਢਾਏ ਸੱਚ ਨੂੰ ਬਿਆਨ ਨਹੀਂ ਸੀ ਕਰ ਸਕੀ। ਸਰਕਾਰੀ ਰਣਬੀਰ ਕਾਲਜ ਪੜ੍ਹਾਉਂਦਿਆਂ ਪਟਿਆਲੇ ਸ੍ਰੀ ਦੂਖਨਿਵਾਰਣ ਸਾਹਿਬ **ਬਾਕੀ ਸਫਾ 19 'ਤੇ**

ਸਿੱਖ ਕੌਮ ਖੋਜੀ ਕਲਮਕਾਰ ਪੈਦਾ ਕਰਨ ਬਾਰੇ ਨਿਰਨਾ ਲਵੇ

-ਗਿਆਨੀ ਕੇਵਲ ਸਿੰਘ (ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ) 95920-93472, panthaknagara@gmail.com

ਇਤਿਹਾਸ ਅੰਦਰ ਕੌਮਾਂ ਦੀ ਮਜ਼ਬੂਤ ਸਥਾਪਤੀ ਵਾਸਤੇ ਉਸ ਕੌਮ ਦੇ ਸਮਰਪਿਤ ਕਲਮਕਾਰਾਂ ਦਾ ਵੱਡਾ ਹਿੱਸਾ ਹੁੰਦਾ ਹੈ। ਸਿੱਖ ਕੌਮ ਨੇ ਕਲਮਕਾਰਾਂ ਦਾ ਮਜ਼ਬੂਤ ਪੂਰ ਸਿੰਘ ਸਭਾ ਲਹਿਰ ਦੇ ਦੌਰ ਵਿਚ ਪੈਦਾ ਕੀਤਾ। ਉਸ ਦੌਰ ਦਾ ਇਤਿਹਾਸ ਪੜ੍ਹਿਆਂ ਸਿੱਖ ਕੌਮ ਦਾ ਸਿਰ ਉੱਚਾ ਹੁੰਦਾ ਹੈ। ਦੂਜੀਆਂ ਕੌਮਾਂ ਦੇ ਮੁਕਾਬਲੇ ਛੋਟੀ ਤੇ ਖਿੰਡੀ ਪੁੰਡੀ ਹੋਣ ਦੇ ਬਾਵਜੂਦ ਵੀ ਆਪਣੇ ਕੌਮੀ ਜਥੇਬੰਦਕ ਫਰਜ਼ਾਂ ਲਈ ਲਾਮਬੰਦ ਹੋਣ ਵਿਚ ਸਫ਼ਲ ਹੁੰਦੀ ਹੈ। ਤਿੰਨ ਵੱਡੀਆਂ ਮਜ਼ਬੂਤੀ ਤਾਕਤਾਂ ਜਿੱਥੇ ਆਪਣੇ ਮਜ਼ਬੂਤੀ ਆਧਾਰ ਨੂੰ ਮਜ਼ਬੂਤ ਕਰਨ ਲਈ ਲਾਮਬੰਦ ਹੁੰਦੀਆਂ ਹਨ, ਉੱਥੇ ਉਨ੍ਹਾਂ ਦੇ ਅੰਦਰ ਇਕ ਦੂਜੇ ਨੂੰ ਖੋਰਾ ਲਾਉਣ ਦੀ ਭਾਵਨਾ ਵੀ ਹੈ। ਸਿੱਧੇ ਅਸਿੱਧੇ ਢੰਗ ਨਾਲ ਤਿੰਨੇ ਤਾਕਤਾਂ ਇਸਲਾਮਿਕ, ਹਿੰਦੂਤਵ ਅਤੇ ਈਸਾਈਅਤ ਸਿੱਖ ਕੌਮ ਖਤਮ ਕਰਨ ਦੀ ਧਾਰਨਾ ਲੈ ਕੇ ਕੰਮ ਕਰਦੀਆਂ ਦਿਸਦੀਆਂ ਹਨ। ਇਨ੍ਹਾਂ ਤਿੰਨਾਂ ਹੀ ਤਾਕਤਾਂ ਦੇ ਦਿਲ ਦਿਮਾਗ ਅੰਦਰ ਇਹ ਖਿਆਲ ਘੁੰਮ ਰਿਹਾ ਹੈ ਕਿ ਸਿੱਖ ਕੌਮ ਸੰਨ 1849 ਈ: ਵਿਚ ਰਾਜ ਭਾਗ ਖਤਮ ਹੋਣ ਬਾਅਦ ਆਪਣੀ ਕੌਮੀ ਵਿਉਂਤਬੰਦੀ ਦੇ ਸਮਰੱਥ ਨਹੀਂ ਹੈ ਅਤੇ ਨਾ ਹੀ ਇਸ ਬਾਰੇ ਸੋਚਣ ਹੀ ਦੇਣਾ ਚਾਹੀਦਾ ਹੈ। ਆਪਣੀ ਮਨਸ਼ਾ ਪੂਰਤੀ ਲਈ ਉਨ੍ਹਾਂ ਨੇ ਆਪਣੀ ਆਪਣੀ ਸਮਰੱਥਾ ਅਨੁਸਾਰ ਸੋਚਿਆ ਵੀ, ਵਿਉਂਤਿਆ ਵੀ ਅਤੇ ਕੰਮ ਵੀ ਕੀਤਾ।

ਰਾਜ-ਭਾਗ ਦੇ ਤਖਤੋ ਤਾਜ ਤੋਂ ਸੰਨ 1839 ਵਿਚ ਸਿੱਖ ਕੌਮ ਡਗਮਗਾਉਣੀ ਸ਼ੁਰੂ ਹੋ ਗਈ ਸੀ। ਸਿੱਖ ਰਾਜ-ਭਾਗ ਦੇ ਹੁੰਦਿਆਂ ਉਪਰੋਕਤ ਵਿਰੋਧੀ ਤਾਕਤਾਂ ਇਸ ਮੌਕੇ ਦੀ ਤਾਕ ਵਿਚ ਸਨ ਕਿ ਕਿਸੇ ਨ ਕਿਸੇ ਤਰ੍ਹਾਂ ਇਹ ਮਹਾਨ ਤਪ ਤੇਜ ਵਾਲੀ ਅਤੇ ਸੰਸਾਰ ਦਾ ਸਭ ਤੋਂ ਬਿਹਤਰੀਨ ਰਾਜ ਪ੍ਰਬੰਧ ਦੇਣ ਵਾਲੀ ਕੌਮ ਘਸਿਆਰੀ ਬਣ ਕੇ ਦਰ-ਬ-ਦਰ ਠੋਕਰਾਂ ਖਾਣ ਲਈ ਮਜ਼ਬੂਰ ਹੋਵੇ। ਸਿੱਖ ਰਾਜ ਘਰਾਣੇ ਦੀਆਂ ਦਰਾਰਾਂ ਨੂੰ ਹੋਰ ਤੋਂ ਹੋਰ ਮੋਕਲਾ ਕਰਨ, ਇਕ ਦੂਜੇ ਪ੍ਰਤੀ ਨਫ਼ਰਤ ਭਰਨ ਅਤੇ ਏਥੋਂ ਤਕ ਕਿ ਖ਼ੂਨ ਦੇ ਪਿਆਸੇ ਬਣਾਉਣ ਲਈ ਇਨ੍ਹਾਂ ਅੰਦਰ ਬੈਠੀਆਂ ਤਾਕਤਾਂ ਵਿਚੋਂ ਹਿੰਦੂਵਾਦੀ ਡੋਗਰਾਸ਼ਾਹੀ ਅਤੇ ਈਸਾਈਅਤ ਦੀ ਪਕੜ ਵਾਲੀ ਈਸਟ ਇੰਡੀਆ ਕੰਪਨੀ ਦੇ ਤੇਜ ਤਰਾਰ ਦਿਮਾਗ ਨੇ ਪੂਰੀ ਵਿਉਂਤਬੰਦੀ ਨਾਲ ਅਲੱਗ ਅਲੱਗ ਦਿਖਾਈ ਦੇ ਕੇ, ਅੰਦਰੋਂ ਇਕ ਹੋ ਕੇ ਕੰਮ ਕਰਦੇ ਇਤਿਹਾਸ ਦੇ ਪੰਨਿਆਂ ਨੂੰ ਪੜ੍ਹ ਸੁਣ ਸਕਦੇ ਹਾਂ।

ਇੱਕੀਵੀਂ ਸਦੀ ਦਾ ਦੂਜਾ ਦਹਾਕਾ ਮੁਕਣ ਜਾ ਰਿਹਾ ਹੈ। ਸੰਸਾਰ ਭਰ ਅੰਦਰ ਸਫ਼ਲ ਕਿਰਤੀ ਅਤੇ ਕਾਰੋਬਾਰੀ ਦੇ ਤੌਰ ਤੇ ਸਿੱਖ ਕੌਮ ਦੀ ਸਥਾਪਤੀ ਜੱਗ ਜ਼ਾਹਰ ਹੈ। ਸਿੱਖ ਗੁਰੂ ਸਾਹਿਬਾਨ ਵਲੋਂ ਸਦੀਆਂ ਦੀ ਘਾਲ ਨਾਲ ਇਸ ਦੀਆਂ ਡੂੰਘੀਆਂ ਜੜ੍ਹਾਂ ਅੰਦਰ ਇਨਸਾਨੀਅਤ ਦੇ ਅਮੋਲਕ ਮਹਾਨ ਗੁਣ ਭਰ, ਸਚਿਆਰਤਾ ਦਾ ਮਜ਼ਬੂਤ ਆਧਾਰ ਅਤੇ ਨਿਰਮਲ ਨਿਆਰੇਪਨ ਦਾ ਮਹੱਲ ਬਖਸ਼ਿਆ। ਬਖਸ਼ੇ ਗਏ ਅਮੋਲਕ ਗੁਣਾਂ ਦੀ ਅਮੀਰ ਤਾਸੀਰ ਪੀੜ੍ਹੀ ਦਰ ਪੀੜ੍ਹੀ ਆਪਣੀ ਸੁਗੰਧ ਖਿਲਾਰੀ ਅੱਜ ਵੀ ਜਲਵਾਗਰ ਹੋ ਰਹੀ ਹੈ। ਨਾਮਵਰ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਦੀ ਵਾਰ ਦੇ ਬੋਲ ਹਨ : **ਹੁਕਮ ਰਜਾਈ ਚੱਲਣਾ ਜੋ ਕਰੇਂ ਚੰਗੇਰਾ। ਪੰਥ ਵਸੇ ਮੈਂ ਉੱਜੜਾਂ ਮਨ ਚਾਉ ਘਨੇਰਾ।** ਕੌਮਾਂ ਪ੍ਰਤੀ ਸਮਰਪਿਤ ਜਾਗਰੂਪ ਹਿੱਸਾ ਆਪਣੀ ਕੌਮੀ ਜਥੇਬੰਦੀ ਦੀ ਮਜ਼ਬੂਤੀ, ਇਕਸੁਰਤਾ ਤੇ ਇਕਸਾਰਤਾ ਲਈ ਹਰ ਵਕਤ ਤਤਪਰ ਰਹਿ ਕੰਮ ਕਰਦਾ ਹੈ। ਇਸ ਨੂੰ ਆਪਣੀ ਕੌਮ ਦੇ ਅੰਦਰਲੇ ਵਿਹੜੇ ਅੰਦਰ ਪਨਪ ਰਹੀਆਂ ਕਮਜ਼ੋਰੀਆਂ ਦਾ ਪੂਰਾ ਗਿਆਨ ਹੁੰਦਾ ਹੈ। ਆਲੇ-ਦੁਆਲੇ ਕੌਮ ਦੇ ਦਰਪੇਸ਼ ਵਿਰੋਧੀ ਤਾਕਤਾਂ ਵਲੋਂ ਨਵੇਂ ਨਵੇਂ ਰੂਪਾਂ ਅੰਦਰ ਖੜ੍ਹੀਆਂ ਹੋ ਰਹੀਆਂ ਚੁਣੌਤੀਆਂ ਬਾਰੇ ਵੀ ਸੋਹ ਹੁੰਦੀ ਹੈ। ਆਪਣੇ ਕੌਮ ਪ੍ਰਤੀ ਫਰਜ਼ਾਂ ਤੋਂ ਪੂਰੀ ਤਰ੍ਹਾਂ ਅਗਾਹ ਹੋਣ ਲਈ ਬੀਤੇ ਤੇ ਅੱਜ ਨੂੰ ਇਹ ਘੋਖਵੀਂ ਨਿਗਾਹ ਨਾਲ ਪੜ੍ਹਦਾ ਹੈ। ਮੁਕਾਬਲੇ ਦੇ ਯੋਗ ਸਹੀ ਧਿਰਾਂ ਨੂੰ ਜਗਾਉਂਦਾ ਵੀ ਹੈ।

ਪਿਛਲੇ ਦੋ ਮਹੀਨਿਆਂ (22 ਮਾਰਚ-22 ਮਈ, 2020) ਦੇ ਅਰਸੇ ਦੌਰਾਨ ਧੰਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਰਸ ਸਦਕਾ ਖ਼ੁਦ ਲਈ ਪੜ੍ਹਨ ਦਾ ਮੌਕਾ ਸਮਝਦਿਆਂ ਰੱਬੀ ਜੋਤ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਲੈ ਕੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਇਤਿਹਾਸ ਨੂੰ ਪੜ੍ਹਿਆ ਘੋਖਿਆ ਹੈ। ਮਹਿਸੂਸ ਕੀਤਾ ਹੈ ਕਿ ਆਪਣੇ ਮਹਾਨ ਸਤਿਗੁਰਾਂ ਦੀ ਅਦੁੱਤੀ ਸ਼ਖ਼ਸੀਅਤ ਨੂੰ ਅਸੀਂ ਵਰਤਮਾਨ ਮੌਕੇ ਆਪਣੇ ਕੌਮੀ ਹਿਰਦਿਆਂ ਅੰਦਰ ਵਸਾਉਣ ਤੋਂ ਬਹੁਤ ਹੀ ਬੁਰੀ ਤਰ੍ਹਾਂ ਖੁੰਝੇ ਹੋਏ ਹਾਂ। ਸਾਡਾ ਗੁਰੂਆਂ ਪ੍ਰਤੀ ਨਜ਼ਰੀਆ ਸਾਡੀਆਂ ਬੁੱਧੀ ਦੀਆਂ ਸੌੜੀਆਂ ਤੰਗ ਘੁੰਤਰਾਂ ਵਿਚੋਂ ਹੋ ਕੇ ਬਹੁਤ ਹੀ ਛੋਟਾ ਛੋਟਾ ਹੁੰਦਾ ਜਾ ਰਿਹਾ ਹੈ। ਸਿੱਖ ਗੁਰੂ ਸਾਹਿਬਾਨ ਪ੍ਰਤੀ ਜੋ ਵਿਸ਼ਵਾਸ਼ ਪਿਆਰ ਸਾਡੀਆਂ ਰਗਾਂ ਅੰਦਰ ਖ਼ੂਨ ਦੇ ਗੇੜੇ ਨਾਲੋ ਤੇਜ ਦੌੜਨਾ ਬੜਾ ਜ਼ਰੂਰੀ ਸੀ, ਅਸੀਂ ਉਸ ਤੋਂ ਬਹੁਤ ਪਿੱਛੇ ਹਾਂ। ਅਸੀਂ ਗੱਲੀਂ ਬਾਤੀਂ ਸੰਸਾਰ ਅੰਦਰ ਸਿੱਖ ਕੌਮ ਦੀ ਮਜ਼ਬੂਤੀ ਨਾਲ ਸਥਾਪਤੀ ਦੇ ਸੁਪਨੇ ਲਗਾਤਾਰ ਲੈ ਰਹੇ ਹਾਂ। ਸੁਪਨੇ ਸਾਕਾਰ ਕਰਨ ਵਾਸਤੇ ਬਤੌਰੇ ਸਿੱਖ ਜਿੱਥੇ ਅਮਲੀ ਤਪ ਤੇਜ ਦਾ ਪਰਤਾਪ ਹੋਣਾ ਜ਼ਰੂਰੀ ਹੈ, ਉੱਥੇ ਧਿਆਨ ਕੇਂਦ੍ਰਿਤ ਰੱਖਣਾ ਲਾਜ਼ਮੀ ਹੈ।

ਅੱਜ ਕੌਮੀ ਵਿਹੜੇ ਅੰਦਰ ਝਾਤ ਮਾਰ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰ ਪਾਤਸ਼ਾਹ ਜੀ ਦੀਆਂ ਜੀਵਨ ਘਾਲਣਾਵਾਂ ਤੋਂ ਬਲਿਹਾਰ ਜਾ ਕੇ ਲਿਖਣ ਵਾਲੀਆਂ ਕਲਮਾਂ ਟਾਵੀਆਂ ਹੀ ਨਜ਼ਰੇ ਪੈਂਦੀਆਂ ਹਨ। ਕਲਮਾਂ ਚੱਲ ਵੀ ਰਹੀਆਂ ਹਨ ਤੇ ਭੁਲੇਖਾ ਵੀ ਪਾ ਰਹੀਆਂ ਹਨ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਖ਼ਾਲਸਾ ਪੰਥ ਦੀ ਵਾੜ ਵਿਚ ਹੀ ਹਨ? ਉਨ੍ਹਾਂ ਵਿਚ ਬਹੁਤਿਆਂ ਪਾਸ ਗੁਰਬਾਣੀ ਗਿਆਨ ਦੀ ਕਮਾਈ ਹੋਈ ਗਹਿਰਾਈ ਤੇ ਮਾਣੇ ਹੋਏ ਰਸ ਦੀ ਜਿੱਥੇ ਘਾਟ ਮਹਿਸੂਸ ਹੁੰਦੀ ਹੈ, ਉੱਥੇ ਇਤਿਹਾਸਕ ਪੱਖ ਨੂੰ ਗੁਰਬਾਣੀ ਗਿਆਨ ਦੀ ਅਕੱਟ ਕਸੌਟੀ'ਤੇ ਪਰਖਣ ਦੀ ਹਿੰਮਤ ਅਤੇ ਜਾਚ ਦੇ ਪੱਖੋਂ ਕੋਰਾਪਨ ਹੈ। ਕੌਮੀ ਘਰ ਦੇ ਵਿਹੜੇ ਅੰਦਰ ਨਵੇਂ ਕੌਮ-ਪ੍ਰਸਤ ਕਲਮਕਾਰ ਤਿਆਰ ਕਰਨ ਦੀ ਬੀਤੇ ਕਈ ਦਹਾਕਿਆਂ ਤੋਂ ਤੁਰੀ ਆਉਂਦੀ ਘਾਟ ਨੇ ਆਣ ਵੰਗਾਰਿਆ ਹੈ। ਸਿੱਖ ਕੌਮ ਜਾਗਰੂਪ ਵਾਰਸਾਂ ਅਤੇ ਕੌਮੀ ਸੰਸਥਾਵਾਂ ਦੇ ਮੁਖੀਆਂ ਸਾਹਮਣੇ ਇਕ ਰੂਹ ਦੀ ਹੂਕ ਵਜੋਂ ਇਹ ਅੱਖਰ ਪੇਸ਼ ਕਰਨ ਦਾ ਹੀਆ ਕੀਤਾ ਹੈ। ਅਸੀਂ ਮੁੜ ਧਿਆਨ ਕੇਂਦ੍ਰਿਤ ਕਰੀਏ। ਆਪਣੇ ਕੌਮੀ ਅਨਮੋਲ ਸਰਮਾਏ ਨੂੰ ਗੁਰਬਾਣੀ ਗਿਆਨ ਦੇ ਯੁਗ ਪਲਟਾਊ ਬਲ ਨੂੰ ਅਪਣਾ ਕੇ ਗੁਰਮਤਿ ਸਿਧਾਂਤਾਂ ਤੇ ਸਿੱਖ ਰਹਿਤ ਮਰਯਾਦਾ ਜੀਵਨ-ਜਾਚ ਵਾਲੇ ਨੌਜਵਾਨ ਕਲਮਕਾਰ ਸਖ਼ਤ ਘਾਲਣਾ ਘਾਲ ਕੇ ਪੈਦਾ ਕਰਨ ਦਾ ਦਾਈਆ ਨਿਸ਼ਚਿਤ ਕਰੀਏ।

ਹਰ ਸਾਲ ਦਸੰਬਰ ਮਹੀਨੇ ਅੰਦਰ ਸਿੱਖ ਨਵੀਂ ਪੀੜ੍ਹੀ ਨੂੰ ਗੁਰੂ ਪਿਆਰ ਵਿਸ਼ਵਾਸ਼ ਨਾਲ ਭਰਨ ਬਾਰੇ ਸਿੱਖ ਕੌਮ ਅੰਦਰ ਜਜ਼ਬੇ ਦਾ ਹੜ੍ਹ ਆਉਂਦਾ ਹੈ।

ਅਸੀਂ ਗੁਰੂ ਸਪੁੱਤਰਾਂ ਮਹਾਨ ਸ਼ਹੀਦਾਂ ਕੌਮੀ ਬਾਬਿਆਂ ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਪੜ੍ਹਨ-ਸੁਣਨ, ਵਿਚਾਰਨ ਤੇ ਪ੍ਰਚਾਰਨ ਉੱਤੇ ਬਹੁਤ ਜ਼ੋਰ ਦੇਂਦੇ ਹਾਂ। ਐਸਾ ਕਰਨਾ ਸਾਡਾ ਕੌਮੀ ਫਰਜ਼ ਵੀ ਬਣਦਾ ਹੈ। ਸਦੀਆਂ ਬੀਤ ਜਾਣ ਤੇ ਵੀ ਸਾਡੇ ਕੌਮੀ ਸ਼ਹੀਦਾਂ ਦਾ ਇਤਿਹਾਸ ਹਰ ਵੇਲੇ ਨਵਾਂ ਤੇ ਤਰੋਤਾਜ਼ਾ ਹੋ ਕੇ ਸਾਡੀਆਂ ਰਗਾਂ ਵਿਚ ਜੰਮੇ ਹੋਏ ਖ਼ੂਨ ਨੂੰ ਉਬਾਲ ਦੇਂਦਾ ਹੈ। ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਉੱਪਰ ਪਤਾ ਨਹੀਂ ਕਿੰਨਾ ਕੁ ਨਵਾਂ ਲਿਖਣ ਬੋਲਣ ਦਾ ਕੰਮ ਵਾਰਤਕ ਅਤੇ ਕਵਿਤਾ ਦੇ ਰੂਪ ਵਿਚ ਹੋ ਜਾਂਦਾ ਹੈ।

ਦਾਸ (ਕੇਵਲ ਸਿੰਘ) ਇਨ੍ਹਾਂ ਸ਼ਹਾਦਤਾਂ ਨੂੰ ਹੋਰ ਸਮਝਣ ਘੋਖਣ ਦੇ ਨਜ਼ਰੀਏ ਨਾਲ ਪੁਸਤਕਾਂ ਦੇ ਪੁਰਾਤਨ ਅਦਾਰੇ ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ ਵਿਖੇ ਸ: ਗੁਰਸਾਗਰ ਸਿੰਘ ਜੀ ਪਾਸ ਗਿਆ। ਇਤਿਹਾਸਕ ਇਹਨਾਂ ਸ਼ਹੀਦੀ ਵਰਤਾਰਿਆਂ ਦੀ ਗੱਲ ਚੱਲੀ ਤਾਂ ਕਹਿਣ ਲੱਗੇ ਤੁਸਾਂ ਅੱਲਾ ਯਾਰ ਖਾਂ ਜੋਗੀ ਦੀਆਂ ਲਿਖਤਾਂ ਜਾਂ ਭਾਈ ਦੁਨਾ ਸਿੰਘ ਜੀ ਦੀਆ ਲਿਖਤਾਂ ਜੋ ਸ੍ਰ: ਪਿਆਰਾ ਸਿੰਘ ਪਦਮ ਜੀ ਦੁਆਰਾ ਸੰਪਾਦਨ ਹਨ, ਪੜ੍ਹੀਆਂ ਹੀ ਹਨ। ਇਹਨਾਂ ਸ਼ਹੀਦੀਆਂ ਬਾਰੇ ਇਕ ਪੁਰਾਣੀ ਕਾਵਿਕ ਲਿਖਤ ਨਵੀਂ ਛਪ ਕੇ ਸਾਹਮਣੇ ਆਈ ਹੈ, ਉਸ ਨੂੰ ਵੀ ਪੜ੍ਹੋ। ਦਾਸ ਇਸ ਲਿਖਤ ਨੂੰ ਅਦਬ ਨਾਲ ਲੈ ਕੇ ਆਇਆ ਜੋ ਸ: ਗੁਰਬਖਸ਼ ਸਿੰਘ ਜੀ ਕੇਸਰੀ ਹੁਣਾਂ ਦੀ ਹੈ।

ਸਮਾਜ ਸੇਵਾ ਤੇ ਕੌਮੀ ਜ਼ਿੰਮੇਵਾਰੀਆਂ ਦੇ ਚੱਲਦੇ ਰੁਝੇਵਿਆਂ ਕਰਕੇ ਇਸ ਪੁਸਤਕ ਨੂੰ ਨਾਲ ਤਾਂ ਲੰਮਾ ਸਮਾਂ ਚੁੱਕੀ ਰੱਖਿਆ ਪਰ ਪੜ੍ਹ ਨਾ ਸਕਿਆ। ਹੁਣ ਜਦੋਂ ਰੱਬੀ ਬਖਸ਼ੇ ਸਮੇਂ ਦਰਮਿਆਨ ਇਸ ਪੁਸਤਕ ਨੂੰ ਪੜ੍ਹਨ ਦਾ ਮੌਕਾ ਮਿਲਿਆ ਤਾਂ ਰੋਮ ਰੋਮ ਬੇਮੁਹਾਰੇ ਅੰਗੜਾਈ ਲੈ ਗਿਆ। ਲੇਖਕ, ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਗਿਆਨੀ ਗਿਆਨ ਸਿੰਘ ਜੀ, ਡਾ: ਜੋਧ ਸਿੰਘ ਜੀ , ਗਿ: ਦਿੱਤ ਸਿੰਘ ਜੀ ਆਦਿ ਮਹਾਨ ਲੇਖਕਾਂ ਦਾ ਸਮਕਾਲੀ ਕੱਟੜ ਸਿੰਘ ਸਭੀਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਪਰਣਾਈ ਸ਼ਖ਼ਸੀਅਤ ਹੈ। ਪੁਸਤਕ ਦੇ ਸੰਪਾਦਕ ਡਾ: ਕਰਨੈਲ ਸਿੰਘ ਸੋਮਲ ਹਨ, ਜੋ ਕੌਮੀ ਹੀਰੇ ਸਿੰਘ ਸਭਾ ਲਹਿਰ ਦੇ ਮਹਾਨ ਯੋਧੇ ਗਿਆਨੀ ਦਿੱਤ ਸਿੰਘ ਜੀ ਦੇ ਪਿੰਡ ਨੰਦਗੜ੍ਹ ਕਲੌੜ ਦੇ ਵਸਨੀਕ ਹਨ। ਉਹਨਾਂ ਨੇ ਸ: ਗੁਰਬਖਸ਼ ਸਿੰਘ ਜੀ ਕੇਸਰੀ ਦੇ ਜੀਵਨ ਤੱਥਾਂ ਨੂੰ ਲੱਭਣ ਵਾਲੀ ਪੇਸ਼ ਕਰਨ ਵਾਲੀ ਕਮਾਲ ਕਰ ਦਿੱਤੀ ਹੈ। ਕਵਿਤਾ ਭਾਗ ਤੋਂ ਪਹਿਲਾਂ ਲੇਖਕ ਦੀ ਸ਼ਖ਼ਸੀਅਤ ਦਾ ਪੇਸ਼ ਕੀਤਾ ਗਿਆ ਜੀਵਨ ਘਾਲਣਾ ਦਾ ਸੰਖੇਪ ਅਤੇ ਮਹੱਤਵਪੂਰਨ ਖ਼ਾਕਾ ਹੈ। ਰੌਂਗਟੇ ਖੜ੍ਹੇ ਕਰਨ ਵਾਲਾ ਹੈ। ਪੜ੍ਹਦਿਆਂ ਪੜ੍ਹਦਿਆਂ ਇਸ ਕੌਮ-ਪ੍ਰਸਤ ਲੇਖਕ ਦੀ ਕਰਨੀ' ਤੇ ਨਾ ਕੇਵਲ ਮਾਣ ਹੋਇਆ ਹੈ ਬਲਕਿ ਖ਼ੁਦ ਦੀਆਂ ਕਮਜ਼ੋਰੀਆਂ ਦਾ ਪਸਚਾਤਾਪ ਵੀ ਹੋਇਆ ਹੈ। ਉਸ ਵਕਤ ਚੱਲੀਆਂ ਕਲਮਾਂ ਦਾ ਕੌਮੀ ਮੁਹਾਣ ਵਾਲਾ ਪੂਰ ਅੱਗੇ ਚੱਲ ਕੇ ਨਾਸਤਕਵਾਦ ਦੇ ਰੇਗਿਸਥਾਨ ਅੰਦਰ ਖੁਸ਼ਕ ਖੁਸ਼ਕ ਹੁੰਦਾ ਦਿਖਾਈ ਦੇਣ ਲੱਗਦਾ ਹੈ।

ਅੱਜ ਕੌਮੀ ਵਿਹੜੇ ਅੰਦਰ ਝਾਤ ਮਾਰ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰ ਪਾਤਸ਼ਾਹ ਜੀ ਦੀਆਂ ਜੀਵਨ ਘਾਲਣਾਵਾਂ ਤੋਂ ਬਲਿਹਾਰ ਜਾ ਕੇ ਲਿਖਣ ਵਾਲੀਆਂ ਕਲਮਾਂ ਟਾਵੀਆਂ ਹੀ ਨਜ਼ਰੇ ਪੈਂਦੀਆਂ ਹਨ। ਕਲਮਾਂ ਚੱਲ ਵੀ ਰਹੀਆਂ ਹਨ ਤੇ ਭੁਲੇਖਾ ਵੀ ਪਾ ਰਹੀਆਂ ਹਨ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਖ਼ਾਲਸਾ ਪੰਥ ਦੀ ਵਾੜ ਵਿਚ ਹੀ ਹਨ? ਉਨ੍ਹਾਂ ਵਿਚ ਬਹੁਤਿਆਂ ਪਾਸ ਗੁਰਬਾਣੀ ਗਿਆਨ ਦੀ ਕਮਾਈ ਹੋਈ ਗਹਿਰਾਈ ਤੇ ਮਾਣੇ ਹੋਏ ਰਸ ਦੀ ਜਿੱਥੇ ਘਾਟ ਮਹਿਸੂਸ ਹੁੰਦੀ ਹੈ, ਉੱਥੇ ਇਤਿਹਾਸਕ ਪੱਖ ਨੂੰ ਗੁਰਬਾਣੀ ਗਿਆਨ ਦੀ ਅਕੱਟ ਕਸੌਟੀ'ਤੇ ਪਰਖਣ ਦੀ ਹਿੰਮਤ ਅਤੇ ਜਾਚ ਦੇ ਪੱਖੋਂ ਕੋਰਾਪਨ ਹੈ। ਕੌਮੀ ਘਰ ਦੇ ਵਿਹੜੇ ਅੰਦਰ ਨਵੇਂ ਕੌਮ-ਪ੍ਰਸਤ ਕਲਮਕਾਰ ਤਿਆਰ ਕਰਨ ਦੀ ਬੀਤੇ ਕਈ ਦਹਾਕਿਆਂ ਤੋਂ ਤੁਰੀ ਆਉਂਦੀ ਘਾਟ ਨੇ ਆਣ ਵੰਗਾਰਿਆ ਹੈ। ਸਿੱਖ ਕੌਮ ਜਾਗਰੂਪ ਵਾਰਸਾਂ ਅਤੇ ਕੌਮੀ ਸੰਸਥਾਵਾਂ ਦੇ ਮੁਖੀਆਂ ਸਾਹਮਣੇ ਇਕ ਰੂਹ ਦੀ ਹੂਕ ਵਜੋਂ ਇਹ ਅੱਖਰ ਪੇਸ਼ ਕਰਨ ਦਾ ਹੀਆ ਕੀਤਾ ਹੈ। ਅਸੀਂ ਮੁੜ ਧਿਆਨ ਕੇਂਦ੍ਰਿਤ ਕਰੀਏ। ਆਪਣੇ ਕੌਮੀ ਅਨਮੋਲ ਸਰਮਾਏ ਨੂੰ ਗੁਰਬਾਣੀ ਗਿਆਨ ਦੇ ਯੁਗ ਪਲਟਾਊ ਬਲ ਨੂੰ ਅਪਣਾ ਕੇ ਗੁਰਮਤਿ ਸਿਧਾਂਤਾਂ ਤੇ ਸਿੱਖ ਰਹਿਤ ਮਰਯਾਦਾ ਜੀਵਨ-ਜਾਚ ਵਾਲੇ ਨੌਜਵਾਨ ਕਲਮਕਾਰ ਸਖ਼ਤ ਘਾਲਣਾ ਘਾਲ ਕੇ ਪੈਦਾ ਕਰਨ ਦਾ ਦਾਈਆ ਨਿਸ਼ਚਿਤ ਕਰੀਏ।

ਅੱਜ ਵੀ ਸਾਡੇ ਕੋਲ ਸ: ਅਜਮੇਰ ਸਿੰਘ ਜੀ ਵਰਗੇ ਪ੍ਰੌੜ ਕੌਮ-ਪ੍ਰਸਤ ਲੇਖਕ ਮੌਜੂਦ ਹਨ। ਅਜਿਹੇ ਹੋਰ ਵੀ ਵਿਦਵਾਨਾਂ ਦੀ ਦੇਖ-ਰੇਖ ਹੇਠ ਸਿੰਘ ਸਭਾ ਲਹਿਰ ਦੀ ਕੁੱਖ ਵਿਚੋਂ ਪੈਦਾ ਹੋਏ ਲੇਖਕਾਂ ਵਰਗੇ ਲੇਖਕ ਕੌਮੀ ਵਿਹੜੇ ਦਾ ਸ਼ਿੰਗਾਰ ਬਣਾ ਸਕਦੇ ਹਾਂ। ਅੱਜ ਵੀ ਸਾਡੇ ਚਹੁੰ ਪਾਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗਿਆਨ ਵਿਚਾਰਧਾਰਾ ਨੂੰ ਤੇ ਸਿੱਖ ਇਤਿਹਾਸ ਦੇ ਸਿਧਾਂਤਕ ਵਿਰਸੇ ਨੂੰ ਨੁਕਸਾਨ ਪਹੁੰਚਾਉਣ ਲਈ ਮਿਥ ਕੇ ਚਲਣ ਵਾਲੀਆਂ ਕਲਮਾਂ ਦੀ ਫੌਜ ਕੰਮ ਕਰ ਰਹੀ ਹੈ। ਜੋ ਵੱਖ-ਵੱਖ ਭਾਸ਼ਾਵਾਂ ਵਿਚ ਆਪਣੇ ਮਿਥੇ ਹੋਏ ਨਿਸ਼ਾਨੇ ਸਰ ਕਰਨ ਵਾਸਤੇ ਬਿਨ੍ਹਾਂ ਰੋਕ ਅੱਗੇ ਤੋਂ ਅੱਗੇ ਵਧਦੇ ਆ ਰਹੇ ਹਨ। ਸਿੱਖ ਜ਼ਿੰਮੇਵਾਰ ਸੰਸਥਾਵਾਂ ਦੇ ਪ੍ਰਬੰਧਕ ਕੌਮੀ ਸਮਰਪਿਤ ਭਾਵਨਾ ਤੋਂ ਭਟਕੇ ਹੋਣ ਕਰਕੇ ਕੌਮੀ ਇਕਸੁਰਤਾ ਅਤੇ ਇਕਸਾਰਤਾ ਲਈ ਬਣਦੇ ਫਰਜ਼ਾਂ ਤੋਂ ਅਵੇਸਲੇ ਦਿਖਾਈ ਦੇ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਛਪਦੀਆਂ ਲਿਖਤਾਂ ਵਿਚ ਭਾਰੀ ਕੁਤਾਹੀਆਂ ਕਾਰਨ ਪੈਦਾ ਹੋਏ ਨਵੇਂ ਵਿਵਾਦਾਂ ਨੇ ਕੌਮੀ ਵਿਹੜੇ ਨੂੰ ਉਦਾਸ ਕੀਤਾ ਹੈ। ਦਾਸ ਨੇ 550 ਸਾਲਾ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਮਾਗਮ ਮੌਕੇ ਵਰਤਮਾਨ ਸਮੇਂ ਸ਼੍ਰੋ: ਗੁ: ਪ੍ਰੰ: ਕਮੇਟੀ ਵਲੋਂ ਗੁਰਮਤਿ ਪ੍ਰਕਾਸ਼ ਦੇ ਕੱਢੇ ਅੰਕਾਂ ਨੂੰ 1969 ਵਿਚ ਛਪੇ ਅੰਕਾਂ ਦੇ ਲਿਖਤੀ ਅਤੇ ਛਪਾਈ ਮਿਆਰ ਦੇ ਮੁਕਾਬਲੇ ਘੋਖਵੀਂ ਦ੍ਰਿਸ਼ਟੀ ਨਾਲ ਦੇਖਿਆ ਹੈ। ਮਹਿਸੂਸ ਕੀਤਾ ਹੈ 50 ਸਾਲਾਂ ਬਾਅਦ ਸਾਡਾ ਹਰ ਮਿਆਰ ਉੱਚਾ ਹੋਣ ਦੀ ਥਾਂ ਜ਼ਮੀਨਦੋਜ ਹੋਇਆ ਹੈ। ਸਥਾਪਤ ਸਿਰਮੌਰ ਸੰਸਥਾਵਾਂ ਆਪਣੀ ਸਮਰੱਥਾ ਨੂੰ ਖੋਜੀ ਕਲਮਕਾਰ ਪੈਦਾ ਕਰਨ ਲਈ ਨਿਰਨਾ ਲੈਣ। ਜਿਸ ਨਾਲ ਕੌਮ ਨੂੰ ਬਲ ਤੇ ਉਤਸ਼ਾਹ ਮਿਲੇਗਾ। ਸੰਸਾਰ ਵਿਚ ਕੌਮੀ ਜੱਸ ਹੋਵੇਗਾ।

-0-

ਸਫਾ 17 ਦਾ ਬਾਕੀ

ਜੂਨ ਚੌਰਾਸੀ ਦੀ ਸਦੀਵੀ ਪੀੜਾਂ

ਸਫਾ 17 ਦਾ ਬਾਕੀ

'ਤੇ ਫੌਜੀ ਹਮਲੇ ਦੀ ਚਸ਼ਮਦੀਦ ਵੀ ਹਾਂ ਕਿ ਕਿਵੇਂ ਬਿਜਲੀ ਪਾਣੀ ਦੀ ਅਣਹੋਂਦ ਵਿਚ 3 ਅਤੇ 4 ਜੂਨ ਦੀ ਰਾਤ ਨੂੰ ਲੂਹ ਦੇਣੀ ਗਰਮੀ ਵਿਚ ਹਿੰਦੂ ਮਾਲਕ ਮਕਾਨਾਂ ਦੀਆਂ ਲੂਹ ਦੇਣੀਆਂ ਗੱਲਾਂ ਵੀ ਸੁਣੀਆਂ ਤੇ ਅਕਹਿ ਪੀੜਾਂ ਵੀ ਜਰੀ। ਚਾਰ ਸਾਲਾ ਬੇਟੀ ਜੀਵਨਜੋਤ ਦੇ ਸਵਾਲਾਂ ਦਾ ਮੇਰੇ ਕੋਲ ਜਵਾਬ ਹੀ ਕੋਈ ਨਹੀਂ ਸੀ ਜਿਸ ਨੂੰ ਕਰਫਿਊ ਦੌਰਾਨ ਦੁੱਧ ਤੱਕ ਨਾ ਨਸੀਬ ਹੋਇਆ ਤੇ ਮੇਰੇ ਜੀਵਨਸਾਥੀ ਡਾ. ਮਲਕੀਅਤ ਸਿੰਘ ਦੁਰਲੱਭ ਕੀੜਿਆਂ ਦੀ ਖੋਜ ਲਈ 8-9 ਸਿੱਖ ਖੋਜ ਵਿਦਿਆਰਥੀਆਂ ਦੀ ਟੀਮ ਲੈ ਕੇ ਉਦੋਂ ਮਨਾਲੀ ਤੋਂ ਉੱਪਰਲੇ ਪਹਾੜਾਂ 'ਤੇ ਗਏ ਹੋਏ ਸਨ। ਮਨਾਲੀ ਤੋਂ ਪਟਿਆਲੇ ਪੁੱਜਣ ਤੱਕ ਇਨ੍ਹਾਂ ਨੂੰ ਪੂਰੇ ਦਸ ਦਿਨ ਲੱਗੇ। ਰਾਹ ਵਿਚ ਕੋਈ ਹੋਟਲ, ਕੋਈ ਢਾਬਾ, ਕੋਈ ਦੁਕਾਨਦਾਰ ਇਨ੍ਹਾਂ ਦੀ ਟੀਮ ਨਾਲ ਗੱਲ ਤੱਕ ਨਹੀਂ ਸੀ ਕਰਦਾ, ਅਖੇ 'ਅਤਿਵਾਦੀ ਆ ਗਏ ਹਨ, ਭਿੰਡਰਾਂਵਾਲੇ ਦੇ ਚੇਲੇ ਆ ਗਏ ਹਨ।' ਸਿੱਖਾਂ ਪ੍ਰਤਿ ਫੈਲਾਈ ਨਫ਼ਰਤ ਅੱਜ ਤੱਕ ਵੀ ਖ਼ਤਮ ਨਹੀਂ ਹੋ ਸਕੀ। ਹਾਂ, ਇਸੇ ਸਾਲ ਮੈਂ ਯੂ.ਕੇ.ਵਾਸੀ, ਖਾੜਕੂ ਲੇਖਕ ਸ. ਕੇਸਰ ਸਿੰਘ ਮੰਡ ਦੀ ਪੁਸਤਕ 'ਪੰਜਾਬ ਦਾ ਦੁਖਾਂਤ' ਸੰਪਾਦਿਤ ਕੀਤੀ ਜਿਸ ਦੇ 840 ਪੰਨੇ ਸਨ ਪਰ ਸੰਪਾਦਕਾ ਵਜੋਂ ਮੈਂ ਆਪਣਾ ਨਾਂ ਨਹੀਂ ਸੀ ਦੇ ਸਕੀ।

'ਜ਼ਮੀਰ ਦਾ ਮਰ ਜਾਣਾ ਅਸਲ ਮੌਤ ਹੈ, ਸਰੀਰ ਦਾ ਮਰ ਜਾਣਾ ਮੌਤ ਨਹੀਂ', ਆਖਣ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਮਈ 1984 ਵਿਚ ਆਖ਼ਰੀ ਇੰਟਰਵਿਊ ਸ. ਕੇਸਰ ਸਿੰਘ ਮੰਡ ਨੇ ਕੀਤੀ ਸੀ ਜਿਸ ਦੀਆਂ ਲੱਖਾਂ ਸੀ.ਡੀਜ਼ ਵਿਦੇਸ਼ਾਂ ਵਿਚ ਵੰਡੀਆਂ ਗਈਆਂ। ਆਰ.ਟੀ.ਆਈ. ਤਹਿਤ ਅਤੇ ਸੁਬਰਾਮਨੀਅਮ ਸਵਾਮੀ ਨੇ ਵੀ ਸਪਸ਼ਟ ਕਹਿ ਦਿੱਤਾ ਹੈ ਕਿ ਸੰਤ ਜੀ ਖਿਲਾਫ਼ ਕੋਈ ਵੀ ਕੇਸ ਰਜਿਸਟਰਡ ਨਹੀਂ ਸੀ। ਫਿਰ ਉਹ ਅਤਿਵਾਦੀ ਕਿਵੇਂ? ਵੱਖਵਾਦੀ ਕਿਵੇਂ? ਖ਼ਾਲਿਸਤਾਨੀ ਕਿਵੇਂ? ਸੰਤ ਭਿੰਡਰਾਂਵਾਲੇ ਅਜੋਕੇ ਸਿੱਖ ਨੌਜਵਾਨਾਂ ਦੇ ਰੋਲ ਮਾਡਲ ਹਨ, ਆਦਰਸ਼ ਹਨ। ਸਾਨੂੰ ਬਦਨਾਮ ਕਰਨਾ ਬੰਦ ਕਰੋ। ਪੰਜਾਬ ਦੇ ਬਣਦੇ ਹੱਕ ਛੇਤੀ ਦਿਓ। ਅਸੀਂ ਧੁਰੋਂ ਆਜ਼ਾਦ ਕੀਤੇ ਜਿਉੜੇ ਹਾਂ-ਪਿਆਰ ਨਾਲ ਕਰਨ ਗੁਲਾਮੀ ਜਾਨ ਕੋਹ ਆਪਣੀ ਵਾਰ ਦਿੰਦੇ। ਹਾਕਮੋ ! ਪੰਜਾਬ ਨੂੰ ਸਮਝੋ। ਪੰਜਾਬੀਆਂ ਨੂੰ ਸਮਝੋ। ਖ਼ਾਸ ਕਰਕੇ ਗੁਰੂ-ਬਖਸ਼ੇ ਸਿੱਖਾਂ ਨੂੰ ਸਮਝ ਕੇ ਉਨ੍ਹਾਂ ਦੀ ਪੀੜਾ ਹਰਨ ਦੇ ਉਪਰਾਲੇ ਕਰੋ। -0-

ਨੰਨੇ ਵਾਰਸ

ਅੰਮ੍ਰਿਤਸਰ ਸਿਫ਼ਤੀ ਦਾ ਘਰ

-ਨੂਰ ਮੁਹੰਮਦ ਨੂਰ # 98555-51359

ਪਿਆਰੇ ਬੱਚਿਓ, 'ਅੰਮ੍ਰਿਤਸਰ ਸਿਫ਼ਤੀ ਦਾ ਘਰ' ਅਖਾਣ ਵਿਚ ਅੰਮ੍ਰਿਤਸਰ ਸ਼ਹਿਰ ਦੀ ਪਵਿੱਤਰਤਾ ਵੱਲ ਇਸ਼ਾਰਾ ਕੀਤਾ ਗਿਆ ਹੈ। ਇਹ ਅਖਾਣ ਅਸਲ ਵਿਚ ਗੁਰੂ ਗ੍ਰੰਥ ਸਾਹਿਬ ਦਾ ਇਕ ਵਾਕ 'ਅੰਮ੍ਰਿਤਸਰ ਸਿਫ਼ਤੀ ਦਾ ਘਰ' ਹੈ। ਜੋ ਲੋਕਾਂ ਦੀ ਨਿੱਤ ਵਰਤੋਂ ਨਾਲ ਅਖਾਣ ਦਾ ਰੂਪ ਧਾਰਨ ਕਰ ਗਿਆ ਹੈ।

'ਅੰਮ੍ਰਿਤਸਰ' ਨੂੰ ਸਿਫ਼ਤੀ ਦਾ ਘਰ ਇਸ ਲਈ ਕਿਹਾ ਜਾਂਦਾ ਹੈ ਕਿ ਇਸ ਸ਼ਹਿਰ ਨੂੰ ਵਸਾਉਣ ਵਾਲੇ ਸਿੱਖ ਧਰਮ ਦੇ ਮਹਾਨ ਗੁਰੂ ਰਾਮ ਦਾਸ ਜੀ ਸਨ ਜਿਨ੍ਹਾਂ ਨੇ ਇਸ ਦੀ ਨੀਂਹ ਸਨ 1564 ਈਸਵੀ ਨੂੰ ਰੱਖੀ। ਇਸ ਥਾਂ ਦਾ ਪਿਛੋਕੜ ਬਿਆਨ ਕਰਦਿਆਂ 'ਲੋਕ ਤਵਾਰੀਖ਼' ਦਾ ਲੇਖਕ ਸਫ਼ਾ 83 ਉੱਤੇ ਲਿਖਦਾ ਹੈ, 'ਇਸ ਤੋਂ ਪਹਿਲਾਂ ਇਸ ਥਾਂ ਉੱਤੇ ਇਕ ਛੱਪੜ ਸੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਛੱਪੜ ਵਿਚ ਬਾਬਾ ਨਾਨਕ ਜੀ ਨੇ ਇਕ ਵਾਰ ਪੈਰ ਧੋਏ ਸਨ। ਇਸ ਛੱਪੜ ਨਾਲ ਜੁੜੀ ਇਕ ਲੋਕ-ਕਥਾ ਵੀ ਸੁਣਾਈ ਜਾਂਦੀ ਹੈ ਕਿ ਇਕ ਕੋਹੜੀ ਨੂੰ ਉਸ ਦੀ ਔਰਤ ਭੈਂਗੀ ਵਿਚ ਪਾ ਕੇ ਜਦੋਂ ਇਸ ਥਾਂ ਦੇ ਨੇੜਿਓਂ ਲੰਘ ਰਹੀ ਸੀ ਤਾਂ ਪੇਟ ਦੀ ਭੁੱਖ ਮਿਟਾਉਣ ਲਈ ਉਹ ਆਪਣੇ ਪਤੀ ਨੂੰ ਛੱਪੜ ਦੇ ਕੰਢੇ ਛੱਡ ਕੇ ਰੋਟੀ ਦਾ ਪ੍ਰਬੰਧ ਕਰਨ ਲਈ ਪਿੰਡ ਵਿਚ ਚਲੀ ਗਈ। ਜਦੋਂ ਕੋਹੜੀ ਨੂੰ ਪਿਆਸ ਲੱਗੀ ਤਾਂ ਉਹ ਛੱਪੜ ਦੇ ਕੰਢੇ ਜਾ ਕੇ ਪਾਣੀ ਪੀਣ ਲੱਗਿਆਂ ਛੱਪੜ ਵਿਚ ਡਿੱਗ ਗਿਆ। ਛੱਪੜ ਵਿਚ ਡਿੱਗਦੇ ਸਾਰ ਹੀ ਉਹ ਕੋਹੜ ਦੇ ਰੋਗ ਤੋਂ ਅਰੋਗ ਹੋ ਗਿਆ। ਕੁਝ ਲੋਕ ਇਹ ਵੀ ਆਖਦੇ ਹਨ ਕਿ ਉਸ ਕੋਹੜੀ ਨੇ ਛੱਪੜ ਵਿਚ ਕਾਵਾਂ ਨੂੰ ਨਹਾਉਂਦੇ ਦੇਖਿਆ ਜਿਹੜੇ ਪਾਣੀ ਵਿਚ ਡੁਬਕੀ ਮਾਰਨ ਤੋਂ ਬਾਅਦ ਚਿੱਟੇ ਹੋ ਕੇ ਬਾਹਰ ਨਿਕਲ ਰਹੇ ਸਨ। ਉਨ੍ਹਾਂ ਨੂੰ ਦੇਖ ਕੇ ਕੋਹੜੀ ਨੇ ਵੀ ਛੱਪੜ ਵਿਚ ਛਾਲ ਮਾਰੀ ਅਤੇ ਉਹ ਅਰੋਗੀ ਹੋ ਕੇ ਬਾਹਰ ਨਿਕਲ ਆਇਆ।' ਪਰ ਕਾਵਾਂ ਦੇ ਨਹਾਉਣ ਵਾਲੀ ਇਸ ਘਟਨਾ ਨੂੰ ਪੰਜਾਬੀ ਸਾਹਿਤ ਸੰਦਰਭ ਕੋਸ਼ ਅਤੇ ਪੰਜਾਬ ਕੋਸ਼ ਦੇ ਲੇਖਕਾਂ ਨੇ ਅੰਮ੍ਰਿਤਸਰ ਦਾ ਜ਼ਿਕਰ ਕਰਦਿਆਂ ਕਿਤੇ ਵਰਣਨ ਨਹੀਂ ਕੀਤਾ।

ਸਨ 1574 ਵਿਚ ਗੁਰੂ ਅਮਰ ਦਾਸ ਜੀ ਦੀ ਆਗਿਆ ਨਾਲ ਗੁਰੂ ਰਾਮ ਦਾਸ ਜੀ ਵੱਲੋਂ ਇਸ ਥਾਂ ਇਕ ਬਸਤੀ ਦੀ ਨੀਂਹ ਰੱਖੀ ਗਈ ਜਿਸ ਦਾ ਨਾਂ 'ਗੁਰੂ ਕਾ ਚੱਕ' ਰੱਖਿਆ ਗਿਆ। ਉਨ੍ਹਾਂ ਨੇ ਇੱਥੇ ਰਹਿਣ ਲਈ ਆਪਣਾ ਘਰ ਵੀ ਬਣਵਾਇਆ ਜਿਸ ਨੂੰ ਗੁਰੂ ਕਾ ਮਹਿਲ ਆਖਿਆ ਜਾਣ ਲੱਗਿਆ। ਗੁਰੂ ਰਾਮ ਦਾਸ ਜੀ ਨੇ ਦੁਖ ਭੰਜਨੀ ਬੇਰੀ ਦੇ ਨੇੜੇ ਇਸ ਛੱਪੜ ਨੂੰ ਤਲਾਅ ਦਾ ਰੂਪ ਦੇਣਾ ਸ਼ੁਰੂ ਕੀਤਾ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 1588 ਈਸਵੀ ਨੂੰ ਪੂਰਾ ਕਰਵਾਇਆ ਅਤੇ ਇਸ ਦਾ ਨਾਂ 'ਸੰਤੋਖਸਰ' ਰੱਖਿਆ। ਗੁਰੂ ਅਰਜਨ ਦੇਵ ਜੀ ਨੇ ਬਹੁਤ ਸਾਰੇ ਵਪਾਰੀਆਂ ਅਤੇ ਵੱਖ ਵੱਖ ਧੰਦੇ ਕਰਨ ਵਾਲੇ ਲੋਕਾਂ ਨੂੰ ਇੱਥੇ ਲਿਆ ਕੇ ਆਬਾਦ ਕੀਤਾ ਅਤੇ ਇਸ ਸਥਾਨ ਦਾ ਨਾਂ 'ਰਾਮ ਦਾਸ ਪੁਰ' ਰੱਖਿਆ ਗਿਆ।

1586 ਵਿਚ ਇਸ ਤਲਾਅ ਨੂੰ ਪੱਕਾ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਅਤੇ ਇਸ ਦਾ ਨਾਂ ਅੰਮ੍ਰਿਤਸਰ ਰੱਖਿਆ ਗਿਆ। ਸਮਾਂ ਪਾ ਕੇ ਇਸ ਸ਼ਹਿਰ ਦਾ ਨਾਂ ਹੀ ਗੁਰੂ ਕਾ ਚੱਕ ਦੀ ਥਾਂ ਅੰਮ੍ਰਿਤਸਰ ਪੈ ਗਿਆ। ਸਨ 1588 ਵਿਚ ਗੁਰੂ ਅਰਜੁਨ ਦੇਵ ਜੀ ਨੇ ਇਸ ਤਲਾਅ ਵਿਚਕਾਰ ਹਰਿਮੰਦਰ ਸਾਹਿਬ ਦੀ ਨੀਂਹ ਉਸ ਸਮੇਂ ਦੇ ਮਸ਼ਹੂਰ ਸੂਫ਼ੀ ਦਰਵੇਸ਼ ਹਜ਼ਰਤ ਮੀਆਂ ਮੀਰ ਜੀ ਤੋਂ ਰਖਵਾਈ। 1604 ਈਸਵੀ ਵਿਚ ਹਰਿਮੰਦਰ ਸਾਹਿਬ ਦੀ ਇਮਾਰਤ ਵਿਚ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਕੀਤਾ ਗਿਆ। ਗੁਰੂ ਅਰਜੁਨ ਦੇਵ ਜੀ ਦੇ ਵੇਲੇ ਤੋਂ ਹੀ ਇੱਥੇ ਵਿਸਾਖੀ ਦਾ ਮੇਲਾ ਲੱਗਣਾ ਸ਼ੁਰੂ ਹੋਇਆ ਅਤੇ ਗੁਰੂ ਹਰ ਰਾਏ ਜੀ ਦੇ ਗਵਾਲੀਅਰ ਦੀ ਜੇਲ੍ਹ 'ਚੋਂ ਰਿਹਾਅ ਹੋ ਕੇ ਆਉਣ ਤੋਂ ਬਾਅਦ ਦੀਵਾਲੀ ਮਨਾਈ ਜਾਣ ਲੱਗੀ।

1761 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਢੈਅ-ਢੇਰੀ ਕਰਕੇ ਤਲਾਅ ਨੂੰ ਮਿੱਟੀ ਨਾਲ ਭਰ ਦਿੱਤਾ। 1764 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੱਲੋਂ ਫਿਰ ਹਰਿਮੰਦਰ ਸਾਹਿਬ ਦੀ ਉਸਾਰੀ ਸ਼ੁਰੂ ਹੋਈ ਅਤੇ ਭਾਈ ਦੇਸ ਰਾਜ ਦੀ ਨਿਗਰਾਨੀ ਹੇਠ ਇਮਾਰਤ ਨੂੰ ਮੁੜ ਉਸਾਰਿਆ ਗਿਆ। 1781 ਵਿਚ ਸੰਤ ਪ੍ਰੀਤਮ ਦਾਸ ਅਤੇ ਸੰਤੋਖ ਦਾਸ ਵੱਲੋਂ ਪਿੰਡਾਂ ਵਾਲਿਆਂ ਦੀ ਸਹਾਇਤਾ ਨਾਲ ਹਸਲੀ ਤਿਆਰ ਕਰਕੇ ਸਰੋਵਰ ਨੂੰ ਰਾਵੀ ਦਰਿਆ ਨਾਲ ਜੋੜਿਆ ਗਿਆ। 1866 ਤੋਂ ਬਾਅਦ ਹਸਲੀ ਨੂੰ ਨਹਿਰ ਦੁਆਬ ਨਾਲ ਜੋੜ ਕੇ ਸਰੋਵਰ ਵਿਚ ਪਾਣੀ ਭਰਿਆ ਜਾਣ ਲੱਗਿਆ। ਵੀਹਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਉਸ ਸਮੇਂ ਦੀ ਭਾਰਤ ਸਰਕਾਰ ਨੇ ਇਕ ਵਾਰ ਫਿਰ ਹਰਿਮੰਦਰ ਸਾਹਿਬ ਨੂੰ ਨੁਕਸਾਨ ਪਹੁੰਚਾਇਆ।

ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਉੱਤੇ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਫਰਸ਼ਾਂ 'ਤੇ ਸੰਗਮਰਮਰ ਲਗਵਾਇਆ ਅਤੇ ਇਮਾਰਤ ਨੂੰ ਸੋਨੇ ਨਾਲ ਸ਼ਿੰਗਾਰਿਆ। ਮਹਾਰਾਜੇ ਨੇ ਗੁਰੂ ਅਮਰਦਾਸ ਦੇ ਨਾਂ ਉੱਤੇ ਅੰਮ੍ਰਿਤਸਰ ਵਿਚ ਅਮਰ ਬਾਗ਼ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉੱਤੇ ਕਿਲ੍ਹਾ ਗੋਬਿੰਦ ਸਿੰਘ ਤਿਆਰ ਕਰਵਾਇਆ ਜਿਹੜਾ ਲਾਹੌਰ ਜਾਣ ਵਾਲੀ ਸੜਕ 'ਤੇ ਸਥਿਤ ਹੈ।

ਗੁਰੂ ਹਰਗੋਬਿੰਦ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਪਰਿਕਰਮਾ ਵਿਚ ਅਕਾਲ ਤਖ਼ਤ ਦੀ ਉਸਾਰੀ ਕਰਵਾਈ ਜਿਹੜੀ ਸਿੱਖਾਂ ਦੀ ਮਜ਼ਹਬੀ ਸੁਪਰੀਮ ਅਦਾਲਤ ਹੈ। ਅੰਮ੍ਰਿਤਸਰ ਵਿਚ ਹੋਰ ਵੀ ਕਈ ਗੁਰਦੁਆਰੇ, ਬੁੰਗੇ, ਸਮਾਧਾਂ ਅਤੇ ਧਾਰਮਿਕ ਸਥਾਨ ਹਨ। ਇੱਥੇ ਕੁਝ ਹੋਰ ਸਰੋਵਰ ਵੀ ਹਨ ਜਿਹੜੇ ਵੱਖ ਵੱਖ ਸਮਿਆਂ 'ਤੇ ਗੁਰੂਆਂ ਵੱਲੋਂ ਤਿਆਰ ਕਰਵਾਏ ਗਏ ਜਿਵੇਂ ਸੰਤੋਖ-ਸਰ, ਕੌਲ-

ਸਰ, ਬਿਬੇਕ-ਸਰ ਅਤੇ ਰਾਮ-ਸਰ। ਇਨ੍ਹਾਂ ਸਰੋਵਰਾਂ ਤੋਂ ਇਲਾਵਾ ਸਿੱਖ ਧਰਮ ਨਾਲ ਸਬੰਧਤ ਅਨੇਕਾਂ ਧਰਮ-ਸਥਾਨ ਹਨ ਜਿਵੇਂ ਅਕਾਲ ਤਖ਼ਤ ਸਾਹਿਬ, ਬਾਬਾ ਅਟੱਲ ਰਾਏ ਦਾ ਦੇਹਰਾ, ਦੁਖ-ਭੰਜਨੀ ਬੇਰੀ ਦੇ ਨੇੜੇ ਅਠਸਠਿ ਤੀਰਥ, ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਹਰਿਮੰਦਰ ਸਾਹਿਬ ਦੀ ਇਮਾਰਤ ਦੇ ਪਿਛਲੇ ਪਾਸੇ ਹਰ ਕੀ ਪਾਉੜੀ ਅਤੇ ਥੜਾ ਸਾਹਿਬ ਆਦਿ। ਦਰਬਾਰ ਸਾਹਿਬ ਸਮੂਹ ਦੇ ਅੰਦਰ ਤਿੰਨ ਇਤਿਹਾਸਕ ਬੇਰੀਆਂ ਵੀ ਹਨ ਜਿਵੇਂ ਲਾਚੀ ਬੇਰੀ, ਦੁਖਭੰਜਨੀ ਬੇਰੀ ਅਤੇ ਬੇਰੀ ਬਾਬਾ ਬੁੱਢਾ ਜੀ। ਅੰਮ੍ਰਿਤਸਰ ਪੂਰੀ ਦੁਨੀਆਂ ਦੇ ਸਿੱਖਾਂ ਲਈ ਪਵਿੱਤਰ ਸਥਾਨ ਹੈ। ਇਸ ਨੂੰ ਪੀਰਾਂ ਫ਼ਕੀਰਾਂ ਅਤੇ ਗੁਰੂਆਂ ਦੀ ਚਰਨ ਸੂਹ ਪ੍ਰਾਪਤ ਹੈ ਤਾਂ ਹੀ ਇਸ ਦੀ ਧਾਰਮਿਕ ਮਹਾਨਤਾ ਨੂੰ ਦੇਖ ਕੇ ਆਖਿਆ ਜਾਂਦਾ ਹੈ, 'ਅੰਮ੍ਰਿਤਸਰ ਸਿਫ਼ਤੀ ਦਾ ਘਰ।'

ਕੋਵਿਡ-19

-ਹਰਗੁਣਜੀਤ ਸਿੰਘ, ਮਾਨਸਾ
(ਜਮਾਤ ਸੱਤਵੀਂ) 9877021182

ਕੋਵਿਡ ਤੋਂ ਭਾਵ ਹੈ ਕੋਰੋਨਾ ਵਾਇਰਸ ਡਿਜ਼ੀਜ਼ ਸਾਲ 2019। ਜਿਵੇਂ ਕਿ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਕੋਵਿਡ-19 ਨੇ ਪੂਰੇ ਵਿਸ਼ਵ 'ਚ ਅਸ਼ਾਂਤੀ ਫੈਲਾ ਰੱਖੀ ਹੈ। ਚਾਰ ਚੁਫੇਰਾ ਸੁੰਨਾ ਜਿਹਾ ਦਿਖਾਈ ਦਿੰਦਾ ਹੈ। ਜੇਕਰ ਇਸ ਤੋਂ ਬਚਣ ਦੇ ਉਪਰਾਲੇ ਨਾ ਕੀਤੇ ਗਏ ਤਾਂ ਇਹ ਸਭ ਨੂੰ ਆਪਣੀ ਲਪੇਟ ਵਿੱਚ ਲੈ ਲਵੇਗਾ। ਉਂਝ ਤਾਂ ਆਪਾਂ ਬਹੁਤ ਫੁਕਰੀਆਂ ਮਾਰਦੇ ਹਾਂ ਪਰ ਕੀ ਆਪਾਂ ਆਪਣੀ ਤੇ ਆਪਣਿਆਂ ਦੀ ਜਾਣ ਬਚਾਉਣ ਲਈ ਘਰ ਵੀ ਨਹੀਂ ਰਹਿ ਸਕਦੇ ਫਿਰ ਤਾਂ ਇਹ ਬਹੁਤ ਸ਼ਰਮ ਦੀ ਗੱਲ ਹੋਵੇਗੀ। ਟੀ.ਵੀ. 'ਤੇ ਇਸ਼ਤਿਹਾਰ ਦੇ ਰਹੇ ਨੇ ਅਮਰੀਕਾ ਜਾਵੋ ਕੈਨੇਡਾ ਜਾਵੋ। ਭਲਾ ਕੋਈ ਇਸ ਘੜੀ ਵਿਚ ਅਮਰੀਕਾ ਕੈਨੇਡਾ ਕਿਉਂ ਜਾਵੇਗਾ। ਜਦਕਿ ਉੱਥੇ ਤਾਂ ਕੋਰੋਨਾ ਨੇ ਹੋਰ ਵੀ ਜ਼ਿਆਦਾ ਕਹਿਰ ਮਚਾਇਆ ਹੋਇਆ ਹੈ। ਸਾਡੀ ਪੜ੍ਹਾਈ ਖਰਾਬ ਨਾ ਹੋਵੇ ਤੇ ਕਿਤਾਬਾਂ ਨਾਲ ਸਾਡਾ ਰਾਬਤਾ ਕਾਇਮ ਰਹੇ ਇਸ ਦੇ ਲਈ ਸਾਰੇ ਅਧਿਆਪਕ ਬਹੁਤ ਮਿਹਨਤ ਨਾਲ ਆਨਲਾਈਨ ਕੰਮ ਕਰਵਾ ਰਹੇ ਨੇ। ਬਹੁਤੇ ਮੇਰੇ ਵੀਰਾਂ ਭੈਣਾਂ ਕੋਲ ਤਾਂ ਇਹ ਸਮਾਰਟ ਫੋਨ ਵੀ ਨਹੀਂ ਹਨ। ਕਈ ਜਗ੍ਹਾ 'ਤੇ ਇਸ ਤਰ੍ਹਾਂ ਵੀ ਹੋ ਰਿਹਾ ਹੈ ਕਿ ਗਲੀ ਵਿਚ ਮੋਬਾਈਲ ਇਕ ਹੁੰਦਾ ਤੇ ਉਸ ਤੋਂ ਕੰਮ ਕਰਨ ਵਾਲੇ ਬੱਚੇ ਕਾਫ਼ੀ ਇਕੱਠੇ ਹੋ ਜਾਂਦੇ ਨੇ। ਕੀ ਇਸ ਤਰ੍ਹਾਂ ਏਨੇ ਹੱਥਾਂ ਨਾਲ ਮੋਬਾਈਲ ਪ੍ਰਭਾਵਿਤ ਨਹੀਂ ਹੋਵੇਗਾ? ਹੱਥਾਂ ਨੂੰ ਤਾਂ ਧੋਤਾ ਜਾ ਸਕਦਾ ਹੈ, ਕੀ ਮੋਬਾਇਲ ਨੂੰ ਧੋ ਸਕਦੇ ਹੈ? ਉਸ ਨੂੰ ਸੈਨੇਟਾਈਜ਼ ਕਰ ਸਕਦੇ ਹਾਂ? ਪੜ੍ਹਾਈ ਲਈ ਕਾਪੀਆਂ, ਕਿਤਾਬਾਂ, ਪੈਨਸਿਲਾਂ ਬਜ਼ਾਰਾਂ ਵਿਚੋਂ ਮੁਹੱਈਆ ਕਰਵਾਉਣਾ ਵੀ ਔਖਾ ਹੋ ਰਿਹਾ ਹੈ। ਹਰ ਬੰਦਾ ਹਰ ਤਰ੍ਹਾਂ ਦੀ ਸਹੂਲਤ ਨਹੀਂ ਲੈ ਸਕਦਾ। ਪੇਟ ਨਾ ਪਈਆਂ ਰੋਟੀਆਂ ਸਭੇ ਗੱਲਾਂ ਖੋਟੀਆਂ। ਜ਼ਿਆਦਾ ਤਰ ਲੋਕ ਮਾਸਕ ਬਣਾਉਣ ਵਿਚ ਹੀ ਲੱਗੇ ਹੋਏ ਨੇ। ਮਾਸਕ ਤਾਂ ਬੰਦਾ ਘਰੇ ਵੀ ਬਣਾ ਲਊ ਪਰ ਆਟਾ ਨਹੀਂ ਬਣਾ ਸਕਦਾ। ਮਾਸਕ ਲਗਾ ਕੇ ਬਿਮਾਰੀ ਤੋਂ ਤਾਂ ਬਚਾ ਕਰ ਸਕਦੈ ਪਰ ਭੁੱਖ ਤੋਂ ਨਹੀਂ ਕਰ ਸਕਦਾ।

ਵ੍ਹੇਲ ਕਿਵੇਂ ਸਾਹ ਲੈਂਦੀ ਹੈ?

-ਕਰਨੈਲ ਸਿੰਘ ਰਾਮਗੜ੍ਹ 79864-99563

ਪਿਆਰੇ ਬੱਚਿਓ, ਵ੍ਹੇਲ ਅਤੇ ਡੌਲਫਿਨ ਥਣਧਾਰੀ ਜਾਨਵਰ ਹਨ। ਇਹ ਪਾਣੀ ਹੇਠਾਂ ਸਾਹ ਨਹੀਂ ਲੈ ਸਕਦੇ। ਇਨ੍ਹਾਂ ਦੇ ਗਲਫੜੇ ਨਹੀਂ ਹੁੰਦੇ ਹਨ। ਇਨ੍ਹਾਂ ਦੇ ਫੇਫੜੇ ਹੁੰਦੇ ਹਨ। ਇਹ ਨਾਸਾਂ ਰਾਹੀਂ ਸਾਹ ਲੈਂਦੇ ਹਨ। ਇਨ੍ਹਾਂ ਦੇ ਸਿਰ ਉੱਪਰ ਇਕ ਮੋਰੀ ਹੁੰਦੀ ਹੈ ਜਿਸ ਨੂੰ ਬਲੋਹੋਲ ਕਹਿੰਦੇ ਹਨ। ਇਹ ਬਲੋਹੋਲ ਸਾਹ ਨਲੀ ਨਾਲ ਜੁੜੇ ਹੁੰਦੇ ਹਨ। ਸਾਹ ਨਲੀਂ ਰਾਹੀਂ ਹਵਾ ਫੇਫੜਿਆਂ ਵਿਚ ਜਾਂਦੀ ਹੈ। ਹਰੇਕ ਸਾਹ ਤੋਂ ਬਾਅਦ ਬਲੋਹੋਲ ਨੂੰ ਮਜ਼ਬੂਤ ਮਾਸਪੇਸ਼ੀਆਂ ਰਾਹੀਂ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਂਦਾ ਹੈ। ਇਹ ਸਾਹ ਲੈਣ ਲਈ ਪਾਣੀ ਦੀ ਸਤ੍ਹਾ 'ਤੇ ਆਉਂਦੇ ਹਨ। ਜਦੋਂ ਵ੍ਹੇਲ ਸਾਹ ਨੂੰ ਬਾਹਰ ਕੱਢਦੀ ਹੈ ਤਾਂ ਬਲੋਹੋਲ ਉੱਪਰ ਦੇ ਪਾਣੀ ਦੀ ਉੱਚੀ ਸਪਰੇਅ ਮਾਰਦੀ ਹੈ। ਇਸ ਉੱਚੀ ਸਪਰੇਅ ਨੂੰ ਕਈ ਮੀਲ ਦੂਰ ਤਕ ਦੇਖਿਆ ਜਾ ਸਕਦਾ ਹੈ।

ਕਿਤਾਬਾਂ ਪੜ੍ਹ ਪੜ੍ਹ...

-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਯੂਬਾ ਸਿਟੀ 001-360-448-1989

ਬੱਚਿਓ ਗੇੜੀ ਬਾਹਰ ਨਾ ਮਾਰੋ।
ਮਾਪਿਆਂ ਦੇ ਸੰਗ ਵਕਤ ਗੁਜ਼ਾਰੋ।
ਘਰੇ ਕਿਤਾਬਾਂ ਪੜ੍ਹ-ਪੜ੍ਹਕੇ ਤੁਸੀਂ,
ਆਪਣਾ ਗਿਆਨ ਵਧਾਓ ਜੀ।
ਬਾਹਰ ਕੋਰੋਨਾ ਦੀ ਹੈ ਦਹਿਸ਼ਤ,
ਬਾਹਰ ਕਤੱਈ ਨਾ ਜਾਓ ਜੀ।
ਛੂਤ ਦੀ ਇਹੋ ਬਿਮਾਰੀ ਬੱਚਿਓ।
ਫੈਲਣਾ ਇਸ ਦਾ ਜਾਰੀ ਬੱਚਿਓ।
ਇੱਕ ਦੂਜੇ ਤੋਂ ਦੂਰ ਰਹਿਣਾ ਹੀ,
ਇਸ ਤੋਂ ਅਜੇ ਬਚਾਓ ਜੀ।
ਬਾਹਰ ਕੋਰੋਨਾ ਦੀ....।

ਲੱਖਾਂ ਇਸ ਤੋਂ ਪੀੜਤ ਹੋ ਗਏ।
ਕਈ ਵਿਚਾਰੇ ਜਾਨਾਂ ਖੋ ਗਏ।
ਵਾਰ-ਵਾਰ ਹੱਥ ਧੋਂਦੇ ਰਹਿਣਾ,
ਕੱਪੜੇ ਵੀ ਰੋਜ਼ ਬਦਲਾਓ ਜੀ।
ਬਾਹਰ ਕੋਰੋਨਾ ਦੀ....।
ਦਾਦੀ ਮਾਂ ਤੋਂ ਸੁਣੋ ਕਹਾਣੀ।
ਉੱਠ ਸਵੇਰੇ ਪੜ੍ਹ ਲਓ ਬਾਣੀ।
ਘਰ ਵਿਚ ਘਰ ਦੇ ਕੰਮਾਂ ਵਿਚ ਵੀ,
'ਨਾਗਰਾ' ਹੱਥ ਵਟਾਓ ਜੀ।
ਬਾਹਰ ਕੋਰੋਨਾ ਦੀ....।

ਪੁਲਾਂ ਦਾ ਇਤਿਹਾਸ

-ਸੰਜੀਵਨ ਸਿੰਘ ਡਢਵਾਲ 94175-50741

ਬੱਚਿਓ, ਜਦੋਂ ਤੁਸੀਂ ਕਦੇ ਬਸ ਕਾਰ ਜਾਂ ਰੇਲ ਗੱਡੀ ਰਾਹੀਂ ਲੰਬੀ ਯਾਤਰਾ 'ਤੇ ਗਏ ਹੋਵੋਗੇ ਤਾਂ ਤੁਸੀਂ ਕਈ ਪੁਲਾਂ ਨੂੰ ਪਾਰ ਕੀਤਾ ਹੋਵੇਗਾ। ਦਰਿਆਵਾਂ, ਘਾਟੀਆਂ ਅਤੇ ਚੱਟਾਨਾਂ ਨੂੰ ਤਰਾਸ਼ ਕੇ ਬਣਾਏ ਇਹ ਪੁਲ ਬਹੁਤ ਹੀ ਸੁੰਦਰ ਨਜ਼ਾਰਾ ਪੇਸ਼ ਕਰਦੇ ਹਨ। ਇਨ੍ਹਾਂ ਦੇ ਸਾਨੂੰ ਅਨੇਕਾਂ ਹੀ ਲਾਭ ਹਨ। ਇਨ੍ਹਾਂ ਨਾਲ ਸਮੇਂ ਦੀ ਬੱਚਤ ਹੀ ਨਹੀਂ ਹੁੰਦੀ ਸਗੋਂ ਭਿਆਨਕ ਦੁਰਘਟਨਾਵਾਂ ਤੋਂ ਵੀ ਬਚਿਆ ਜਾ ਸਕਦਾ ਹੈ। ਇਨ੍ਹਾਂ ਦੇ ਬਣਨ ਨਾਲ ਸੰਘਣੀ ਵਸੋਂ ਵਾਲੇ ਇਲਾਕਿਆਂ, ਭਿਆਨਕ ਮੋੜਾਂ ਅਤੇ ਢਲਾਣਦਾਰ ਚੱਟਾਨਾਂ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ।

ਇਤਿਹਾਸ : ਦੁਨੀਆ ਦਾ ਸਭ ਤੋਂ ਪਹਿਲਾ ਪੁਲ ਕਿਸੇ ਛੋਟੀ ਨਦੀ ਨੂੰ ਪਾਰ ਕਰਨ ਲਈ ਕਿਸੇ ਮਜ਼ਬੂਤ ਦਰੱਖਤ ਦੇ ਟਾਹਣੇ ਦਾ ਬਣਿਆ ਹੋਇਆ ਮੰਨਿਆ ਜਾਂਦਾ ਹੈ ਪਰ ਜਿਵੇਂ-ਜਿਵੇਂ ਮਨੁੱਖੀ ਦਿਮਾਗ ਵਿਕਸਤ ਹੁੰਦਾ ਗਿਆ ਤਾਂ ਤਾਕਤਵਰ ਪੁਲ ਵੀ ਬਣਨ ਲੱਗ ਪਏ। ਰੋਮਨ ਦੇ ਇੰਜੀਨੀਅਰਾਂ ਨੇ 200 ਬੀ.ਸੀ. ਵਿਚ ਪੱਥਰਾਂ ਅਤੇ ਲੱਕੜਾਂ ਦੀ ਮਦਦ ਨਾਲ ਪਹਿਲਾ ਪੁਲ ਤਿਆਰ ਕੀਤਾ। ਸੰਨ 1779 ਵਿਚ ਇੰਗਲੈਂਡ ਦੇ ਆਇਰਨਬਰਿਜ ਵਿਚ ਲੋਹੇ ਦਾ ਪੁਲ ਬਣਾਇਆ ਅਤੇ 1883 ਵਿਚ ਅਮਰੀਕਾ ਨੇ ਨਿਊਯਾਰਕ ਵਿਚ ਸਟੀਲ ਦਾ ਪਹਿਲਾ ਪੁਲ ਤਿਆਰ ਕੀਤਾ। ਸੰਨ 1930 ਵਿਚ ਸਵਿਟਜ਼ਰਲੈਂਡ ਵਿਚ ਪੁਲ ਨੂੰ ਮਜ਼ਬੂਤੀ ਦੇਣ ਲਈ ਕੰਕਰੀਟ (ਰੇਤ, ਬਜਰੀ ਅਤੇ ਸੀਮੈਂਟ) ਅਤੇ ਸਟੀਲ ਦੀ ਵਰਤੋਂ ਕਰਦਿਆਂ ਪੁਲ ਤਿਆਰ ਕੀਤਾ। ਸੰਨ 1932 ਵਿਚ ਆਸਟ੍ਰੇਲੀਆ ਦੇ ਸਿਡਨੀ ਸ਼ਹਿਰ ਵਿਚ ਇਕ ਚੌੜਾ ਪੁਲ ਜਿਸ ਵਿਚ ਰੇਲਵੇ ਅਤੇ ਸੜਕ ਦੀ ਆਵਾਜਾਈ ਲਈ ਸਟੀਲ ਦੀ ਮਦਦ ਨਾਲ ਇਕ ਕਮਾਨੀਦਾਰ ਪੁਲ ਅਤੇ 1998 ਵਿਚ ਜਾਪਾਨ ਵਿਚ ਇਕ ਅਜਿਹਾ ਪੁਲ ਤਿਆਰ ਕੀਤਾ ਜਿਸ ਨੂੰ ਦੁਨੀਆ ਦਾ ਸਭ ਤੋਂ ਲੰਬਾ ਪੁਲ ਮੰਨਿਆ ਜਾਂਦਾ ਹੈ।

ਵਧਦੀ ਹੋਈ ਆਬਾਦੀ ਅਤੇ ਟ੍ਰੈਫਿਕ ਨੂੰ ਕਾਬੂ ਵਿਚ ਰੱਖਣ ਲਈ ਪੰਜਾਬ ਵਿਚ ਵੀ ਪੁਲਾਂ ਦੇ ਜਾਲ ਵਿਛਾਏ ਜਾ ਰਹੇ ਹਨ। ਅੱਜਕਲ੍ਹ ਜ਼ਿਆਦਾ ਕਰਕੇ ਇਹ ਪੁਲ ਸਟੀਲ ਅਤੇ ਕੰਕਰੀਟ ਦੇ ਹੀ ਬਣਾਏ ਜਾਂਦੇ ਹਨ, ਜੋ ਬਹੁਤ ਹੀ ਮਜ਼ਬੂਤ ਅਤੇ ਲਚਕਦਾਰ

ਰਾਗਮਾਲਾ ਦੀ ਅਸਲੀਅਤ

-ਸਿਮਰਪ੍ਰੀਤ ਸਿੰਘ ਜੈਤੋ # 87290-86035

ਜੇਕਰ ਗੁਰਮਤਿ ਦੇ ਕਿਸੇ ਨੁਕਤੇ ਬਾਰੇ ਕੋਈ ਭੁਲੇਖਾ ਪੈ ਜਾਵੇ ਤਾਂ ਉਸਦਾ ਨਿਰਣਾ ਕੇਵਲ ਤੇ ਕੇਵਲ ਗੁਰਬਾਣੀ ਹੀ ਕਰ ਸਕਦੀ ਹੈ। ਪਰ ਨਾਲ ਦੀ ਨਾਲ ਸਾਨੂੰ ਇਹ ਵੀ ਦ੍ਰਿੜ ਕਰਨਾ ਪਵੇਗਾ ਕਿ ਸਤਿਗੁਰਾਂ ਦੀ ਬਾਣੀ ਬਿਨ੍ਹਾ ਸਭ ਚੀਜਾਂ ਕੱਚੀਆਂ ਹਨਅਤੇ ਅਤੇ ਸਤਿਗੁਰਾਂ ਦੀ ਰੀਸ ਕਰਦਿਆਂ ਕੱਚੀਆਂ-ਪੱਕੀਆਂ ਗੱਲਾਂ ਬੋਲਣ ਵਾਲੇ ਭਾਵੇਂ ਕਿਨ੍ਹੇ ਵੀ ਚਤੁਰਾਈ ਭਰੇ ਬੋਲ ਬੋਲਣ, ਉਹ ਕੂੜਿਆਰ ਹੋਣ ਕਾਰਨ ਕਦੇ ਵੀ ਪਰਵਾਨ ਨਹੀ ਕੀਤੇ ਜਾ ਸਕਦੇ। ਜਿਵੇਂ ਕਿ;

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥ (304)

ਗੁਰਮਤਿ ਵੀਚਾਰਧਾਰਾ, ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਵੱਖ-ਵੱਖ ਜਾਮਿਆਂ ਅਤੇ ਸਤਿਗੁਰਾਂ ਵੱਲੋਂ ਆਪ ਪ੍ਰਵਾਣ ਕੀਤੇ ਮਹਾਂਪੁਰਖਾਂ ਦੇ ਪਵਿੱਤਰ ਕਲਾਮ ਨੂੰ ਛੱਡ ਕੇ ਹੋਰ ਕਿਸੇ ਰਚਨਾ ਨੂੰ ਸਤਿਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਰਨ ਦੇ ਹੱਕ ਵਿੱਚ ਕਦੇ ਵੀ ਨਹੀ ਹੋ ਸਕਦੀ ਅਤੇ ਧਿੰਗੋ-ਜ਼ੋਰੀ ਸਤਿਗੁਰਾਂ ਦੇ ਮੂਲ ਸਰੂਪ ਵਿੱਚ ਸ਼ਾਮਲ ਕੀਤੀ ਰਚਨਾ ਨੂੰ ਕਚੁ-ਪਿਚੁ ਹੀ ਐਲਾਨੇ ਗੀ।

ਬੀਤ ਚੁਕੇ ਬਹੁਤ ਲੰਬੇ ਅਰਸੇ ਤੋਂ ਰਾਗਮਾਲਾ ਨਾਮ ਦੇ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹੋਈ ਪਈ ਰਚਨਾ ਦੇ ਸੰਬੰਧ ਵਿੱਚ ਸਿੱਖ ਵਿੱਚ ਸਿੱਖ ਵਿਦਵਾਨਾਂ ਤੇ ਵਿਚਾਰਵਾਨਾਂ ਵਿੱਚ ਗੰਭੀਰ ਮੱਤਭੇਦ ਚਲਿਆ ਆ ਰਿਹਾ ਹੈ।

ਭਾਈ ਬੰਨੋ ਨੇ ਕਿਸੇ ਸਮੇਂ ਕੁਝ ਹੋਰ ਕੱਚੀਆਂ ਰਚਨਾਵਾਂ ਸਮੇਤ "ਰਾਗਮਾਲਾ" ਦੀ ਸੁਰਖੀ ਹੇਠ ਬਾਰ੍ਹਾਂ ਬੰਦਾਂ ਦੀ ਇੱਕ ਰਚਨਾ ਬਹੁਤ ਹੀ ਵਿਲੱਖਣ ਅਤੇ ਅਪ੍ਰਵਾਣਤ ਜਿਹੇ ਢੰਗ ਨਾਲ ਸ਼ਾਮਲ ਕਰ ਦਿੱਤੀ ਸੀ ਜਿਸ ਦਾ ਵਿਸ਼ਾ-ਵਸਤੂ ਦਾ ਗੁਰਬਾਣੀ ਨਾਲ ਦੂਰ ਦਾ ਵੀ ਵਾਸਤਾ ਵੀ ਨਹੀਂ। ਜਿਸਦੀ ਲਿਖਣ ਸ਼ੈਲੀ, ਸ਼ਬਦ-ਜੋੜ, ਅੰਕਾਵਲੀ, ਰਚਣਹਾਰ ਦਾ ਸੰਕੇਤ ਆਦਿਕ ਗੁਰੂ ਗ੍ਰੰਥ ਸਾਹਿਬ ਦੀ ਲਿਖਣ ਸ਼ੈਲੀ ਨਾਲ ਉੱਕਾ ਹੀ ਮੇਲ ਨਹੀ ਖਾਂਦੀ। ਬਾਰਾਂ ਦੇ ਬਾਰਾਂ ਬੰਦਾਂ ਵਿੱਚੋਂ ਹਰ ਇੱਕ ਦੇ ਅੰਤ ਵਿੱਚ ਕਦੀ ਵੀ ਸਮਝ ਵਿੱਚ ਨਾ ਆ ਸਕਣ ਵਾਲਾ "1" ਦਾ ਅੰਕੜਾ ਅਤੇ ਬਾਰ੍ਹਵੇਂ ਬੰਦ ਅੰਤ ਵਿੱਚ ਦਿੱਤੇ "॥1॥" ਦੇ ਅੰਕੜੇ ਬਿਲਕੁਲ, ਅਨੋਖੇ ਤੇ ਅਪ੍ਰਵਾਨਤ ਢੰਗ ਨਾਲ ਠੁਕੇ ਪਏ ਹਨ।

ਵਾਸਤਵ ਵਿੱਚ 12 ਬੰਦਾਂ ਵਾਲਾ ਇਹ ਹਿੱਸਾ ਆਲਮ ਲਿਖਤ "ਮਾਧਵਾਨਲ ਕਾਮਕੰਦਲਾ" ਪੁਸਤਕ ਦੇ ਬੰਦ ਨੰਬਰ 63 ਤੋਂ 72 ਵਿੱਚ ਸ਼ਾਮਲ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭਲੇ ਸਰੂਪ ਦੀ ਸੰਪਾਦਨਾ ਤੋਂ 21 ਸਾਲ ਪਹਿਲਾ ਲਿਖੀ ਗਈ ਹੈ। ਵੱਡੇ ਚਾਲੂ ਪ੍ਰਸੰਗ ਵਿੱਚੋਂ ਸਬੰਧਤ 12 ਬੰਦਾਂ ਦਾ ਸਹੀ ਹਵਾਲਾ ਜਾਂ ਥਹੁ-ਪਤਾ ਦਿੱਤੇ ਬਿਨਾਂ ਹੀ ਆਪੇ ਬਣਾਏ ਸਿਰਲੇਖ "ਰਾਗਮਾਲਾ" ਹੇਠਾਂ ਭਾਈ ਬੰਨੋ ਵਲੋਂ ਪੋਥੀ ਸਾਹਿਬ (ਆਦਿ ਬੀੜ) ਦੀ ਜਿਲਦ ਬੰਨਵਾਉਣ ਦੇ ਮੌਕੇ ਤੇ ਆਪਣੇ ਵੱਲੋਂ ਕਰਵਾਏ ਉਤਾਰੇ ਵਿੱਚ ਮੁੰਦਾਵਣੀ ਦੀ ਅੰਤਿਕਾ ਪਿੱਛੋਂ ਕਈ ਕੱਚੀਆਂ ਰਚਨਾਵਾਂ ਤੇ ਰਾਗਮਾਲਾ ਸ਼ਾਮਲ ਕਰ ਦਿੱਤੀਆਂ ਗਈਆਂ ਸਨ।

ਰਾਗਮਾਲਾ ਦਾ ਵਿਸ਼ਾ-ਵਸਤੂ:

ਸੰਗੀਤ ਦੇ ਸਬੰਧਤ ਮਤ, ਹਨੁਵੰਤ ਮੱਤ ਨੇ ਭੈਰਉ, ਮਾਲਕਉਂਸ, ਹਿੰਡੋਲ, ਦੀਪਕ, ਸਿਰੀਰਾਗ ਅਤੇ ਮਾਘ ਰਾਗ ਮੁਖ ਰਾਗ ਮੰਨੇ ਹਨ। ਕਵੀ ਨੇ ਹਰ ਰਾਗ ਦੀਆਂ ਪੰਜ ਪਤਨੀਆਂ ਅਤੇ ਅੱਠ ਪੁੱਤਰਾਂ ਦੀ ਕਲਪਨਾ ਕਰਦਿਆਂ ਕੇਵਲ ਉਹਨਾਂ ਦੇ ਨਾਮ ਹੀ ਇਹਨ੍ਹਾਂ 12 ਬੰਦਾਂ ਵਿੱਚ ਮੋਟੇ-ਪੱਧਰੇ ਢੰਗ ਨਾਲ ਗਿਣੇ ਹਨ। ਮਾਧਵਾਨਲ ਪ੍ਰੇਮ ਕਿੱਸੇ ਵਿੱਚ ਸ਼ਾਮਲ ਸਬੰਧਤ 12 ਬੰਦਾਂ ਤੋਂ ਪਹਿਲਾ ਆਏ ਤਿੰਨ ਬੰਦਾਂ ਨੂੰ ਜੇ ਅਸੀਂ ਪਹਿਲਾਂ ਹੀ ਇਹਨ੍ਹਾਂ 12 ਬੰਦਾਂ ਨਾਲ ਪੜ੍ਹ ਲਈਏ ਤਾਂ ਕਾਮਕੰਦਲਾ ਨਾਮਕ ਵੇਸ਼ਵਾ ਵੱਲੋਂ ਸਾਥੀਆਂ ਸਮੇਤ ਕੀਤੇ ਜਾ ਰਹੇ ਨਾਚ-ਗਾਣੇ ਬਾਰੇ ਪੂਰੀ ਗੱਲ ਸਮਝ ਆ ਸਕਦੀ ਹੈ। ਉਹ (ਵੇਸ਼ਵਾ ਕਾਮਕੰਦਲਾ ਤੇ ਉਸ ਦੀ ਕੰਜਰ ਟੋਲੀ ਦੇ ਸਾਥੀ) ਇੱਕ ਪਿੱਛੋਂ ਇੱਕ ਰਾਗ ਨੂੰ, ਹਰ ਰਾਗ ਪਿੱਛੋਂ ਪੰਜ ਰਾਗਣੀਆਂ ਤੇ ਰਾਗ ਪੁੱਤਰਾਂ ਨੂੰ ਬੜੇ ਧੂਮ-ਧੜੱਕੇ ਨਾਲ ਨਾਲ ਗਾਉਂਦਿਆਂ ਆਪਣਾ ਨਾਚ-ਗਾਣਾ ਪੇਸ਼ ਕਰ ਰਹੇ ਹਨ। ਸਭ ਤੋਂ ਪਹਿਲਾਂ ਉਹ ਭੈਰਉ ਰਾਗ ਅਤੇ ਫਿਰ ਪੰਜ ਰਾਗਣੀਆਂ ਵਰਤ ਕੇ ਆਪਦਾ ਨਾਚ-ਗਾਣਾ ਪੇਸ਼ ਕਰ ਰਹੇ ਹਨ ਅਤੇ ਫਿਰ ਇਸੇ ਤਰਾਂ ਛੇ ਦੇ ਛੇ ਰਾਗਾਂ ਵਿੱਚ ਪਹਿਲਾਂ ਰਾਗ ਗਾਉਂਦੇ ਹਨ ਫਿਰ ਉਹਨ੍ਹਾਂ ਦੀਆਂ ਪੰਜ ਪਤਨੀਆਂ ਅਤੇ ਫਿਰ ਉਹਨ੍ਹਾਂ ਦੇ ਅੱਠ ਪੁੱਤਰਾਂ ਨੂੰ ਗਾਉਂਦੇ ਹਨ।

ਇਸ ਤਰ੍ਹਾਂ "ਰਾਗਮਾਲਾ" ਨਾਮਕ ਆਪੇ ਬਣਾਏ ਸਿਰਲੇਖ ਵਾਲੇ ਅੰਤਿਮ ਬੰਦ (ਜੋ ਮਾਧਵਾਨਲ ਕਾਮਕੰਦਲਾ ਦਾ 72 ਬੰਦ ਹੈ) ਵਿੱਚ ਇਹ ਬਿਆਨ ਕੀਤਾ ਗਿਆ ਹੈ ਕਿ ਉਹਨ੍ਹਾਂ (ਕਾਮਕੰਦਲਾ ਤੇ ਸਾਥੀ ਕੰਜਰਾਂ ਕਲਾਕਾਰਾਂ) ਨੇ ਛੇ-ਛੇ ਰਾਗ ਗਾਏ ਤੇ ਨਾਲ ਹੀ ਉਹਨ੍ਹਾਂ ਦੀਆਂ ਤੀਹ ਰਾਗਣੀਆਂ ਤੇ ਅਠਤਾਲੀ (ਅਠਾਰਹ+ਦਸ+ਬੀਸ) ਰਾਗ ਪੁੱਤਰਾਂ ਨੂੰ ਵੀ ਗਾਇਆ।

ਰਾਗ-ਰਾਗਣੀਆਂ ਵਰਗੀਕਰਨ :

1	2	3	4	5	6
ਭੈਰਉ	ਮਾਲਕਉਂਸ	ਹਿੰਡੋਲ	ਦੀਪਕ	ਸਿਰੀਰਾਗ	ਮੇਘ

ਰਾਗ ਪਤਨੀਆਂ

ਭੈਰਵੀ	ਗੋਂਡਕਰੀ	ਤੇਲੰਗੀ	ਕਛੇਲੀ	ਬੈਰਾਰੀ	ਸੋਰਠਿ
ਬਿਲਾਵਲੀ	ਦੇਵਗੰਧਾਰੀ	ਦੇਵਕਰੀ	ਪਟਮੰਜਰੀ	ਕਰਨਾਟੀ	ਗੋਂਡ
ਪੁਨਿਆਕੀ	ਗੰਧਾਰੀ	ਬਸੰਤੀ	ਟੋਡੀ	ਗਵਰੀ	ਮਲਾਰੀ
ਬੰਗਲੀ	ਸੀਹੁਤੀ	ਸੰਦੂਰ	ਕਾਮੋਦੀ	ਆਸਾਵਰੀ	ਆਸਾ
ਅਸਲੇਖੀ	ਧੰਨਾਸਰੀ	ਅਹੀਰੀ	ਗੂਜਰੀ	ਸਿੰਧਵੀ	ਸੂਹਉ

ਰਾਗ ਪੁੱਤਰ

ਪੰਚਮ	ਮਾਰੂ	ਸੁਰਮਾਨੰਦ	ਕਾਲੰਕਾ	ਸ਼ਾਲੂ	ਬੈਰਾਧਰ
ਹਰਖ	ਮਸਤਅੰਗ	ਭਾਸਕਰ	ਕੁੰਤਲ	ਸ਼ਾਰਗ	ਗਜਧਰ
ਦਿਸਾਖ	ਮੇਵਾਰਾ	ਚੰਦ੍ਰਬਿੰਬ	ਰਾਮਾ	ਸਾਗਰਾ	ਖੇਦਾਰਾ
ਬੰਗਾਲਮ	ਪ੍ਰਬਲ	ਮੰਗਲਨ	ਕਮਲ	ਘੋਂਡ	ਜਬਲੀਧਰ
ਮਧੁ	ਕਉਸਕ	ਸ਼ਰਸਬਾਨ	ਚੰਪਕ	ਘੰਭੀਰ	ਟ
ਮਾਧਵ	ਖਉ	ਬਿਨੋਦਾ	ਗਉਰਾ	ਘੁੰਡ	ਜਲਧਾਰਾ
ਲਲਿਤ	ਖਟ	ਬਸੰਤ	ਕਾਨਰਾ	ਖੁੰਭ	ਸੰਕਰ
ਬਿਲਾਵਲ	ਭਉਰਾਨਦ	ਕਮੋਦਾ	ਕਲਯਾਨਾ	ਹਮੀਰ	ਸਿਆਮਾ

ਇਸ ਰਾਗਮਾਲਾ ਨਾਮ ਦੀ ਰਚਨਾ ਵਿੱਚ ਆਪਣੇ ਵੱਲੋਂ ਚੌਰਾਸੀ ਰਾਗ-ਰਾਗਣੀਆਂ ਦੇ ਨਾਮ ਗਿਣਾ ਦਿੱਤੇ ਹਨ ਪਰ ਇਸਦੇ ਲਿਖਾਰੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ 31 ਰਾਗਾਂ ਦੀ ਸੂਚੀ ਵਿੱਚੋਂ ਮਾਝ, ਬਿਹਾਗੜਾ, ਵਡਹੰਸ, ਜੈਤਸਰੀ, ਰਾਮਕਲੀ, ਨਟ ਨਰਾਇਣ, ਮਾਲੀ ਗਉੜਾ, ਤੁਖਾਰੀ, ਪ੍ਰਭਾਤੀ ਅਤੇ ਜੈਜਾਵੰਤੀ ਰਾਗਾਂ ਦੇ ਨਾਮਾਂ ਦਾ ਪਤਾ ਉੱਕਾ ਹੀ ਨਹੀਂ ਲੱਗ ਸਕਿਆ, ਜਿਹਨਾਂ ਵਿੱਚ ਬਾਣੀ ਦੇ ਅਨੇਕਾਂ ਸ਼ਬਦ ਲਿਖੇ ਗਏ ਹਨ। ਇਸ ਰਾਗਮਾਲਾ ਨੇ ਸਾਨੂੰ ਇਹਨ੍ਹਾਂ ਸਭਨਾਂ ਰਾਗਾਂ ਬਾਰੇ ਜਾਣਕਾਰੀ ਤੇ ਸਿੱਖਿਆ ਤਾਂ ਕੀ ਦੇਣੀ ਹੈ, ਇਹ ਸਾਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ 31 ਰਾਗਾਂ ਦੇ ਨਾਮ ਵੀ ਪੂਰੇ ਕਰਕੇ ਨਹੀ ਗਿਣਾ ਸਕੀ।

ਇਸ ਕੱਚੀ ਕਾਵਿ ਰਚਨਾ ਵਿੱਚ ਗਉੜੀ, ਗੂਜਰੀ, ਧਨਾਸਰੀ, ਸੋਰਠਿ ਆਦਿ ਨੂੰ ਰਾਗਣੀਆਂ ਜਾਂ ਰਾਗ-ਪਤਨੀਆਂ ਬਣਾਉਣ ਦਾ ਯਤਨ ਕੀਤਾ ਗਿਆ ਹੈ, ਜਦ ਕਿ ਸਮੁੱਚੀ ਬਾਣੀ ਵਿੱਚ ਇਹਨਾਂ ਸਭਨਾਂ ਨੂੰ ਰਾਗ ਹੋਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਤਰ੍ਹਾਂ ਰਾਗਾਂ ਦੀਆਂ ਪਤਨੀਆਂ, ਪੁੱਤਰ ਜਾਂ ਧੀਆਂ ਜਾਂ ਨਹੁੰਆਂ ਖੜੀਆਂ ਕਰਨ ਦੀ ਕਪੋਲ-ਕਲਪਨਾ ਦਾ ਸਿਆਪਾ ਹੀ ਬਾਣੀਕਾਰਾਂ ਨੇ ਮੁਕਾ ਰੱਖਿਆ ਹੈ।

ਇਨ੍ਹਾਂ ਬਾਰਾਂ ਬੰਦਾਂ ਦੀ ਕੱਚੀ ਰਚਨਾ ਨਾਲ ਸਬੰਧਤ ਮਜ਼ਮੂਨ ਦੀ ਸਪੱਸ਼ਟ ਰੂਪ-ਰੇਖਾ ਲਿਆਉਣ ਵਾਲੀ ਕਹਾਣੀ ਇਸ ਤਰ੍ਹਾਂ ਹੈ ਕਿ ਪੁਸ਼ਪਾਵਤੀ ਦੇ ਰਾਜੇ ਗੋਬਿੰਦ ਚੰਦ ਕੋਲ ਅਨੇਕਾਂ ਪੁਰਖ ਸ਼ਿਕਾਇਤ ਲੈ ਕੇ ਆਏ ਕਿ ਰਾਜ ਦਰਬਾਰ ਦੇ ਮੁਖੀ ਬ੍ਰਾਹਮਣ ਮਾਧਵਾਨਲ ਨੇ ਆਪਣੇ ਸੰਗੀਤ ਦੀ ਕਸ਼ਿਸ ਅਤੇ ਸੁੰਦਰ ਸਰੀਰ ਦੀ ਖਿੱਚ ਨਾਲ ਉਹਨਾਂ ਦੀਆਂ ਪਤਨੀਆਂ ਨੂੰ ਆਪਣੇ ਵੱਸ ਵਿੱਚ ਕਰ ਰੱਖਿਆ ਹੈ। ਮਾਧਵ ਨੂੰ ਰਾਜੇ ਨੇ ਦੋਸ਼ੀ ਪਾਇਆ। ਬ੍ਰਾਹਮਣ ਹੋਣ ਕਾਰਨ ਸਜ਼ਾ ਨੂੰ ਨਰਮ ਕੀਤਾ ਗਿਆ ਅਤੇ ਮਾਧਵ ਨੂੰ

ਕੇਵਲ ਦੇਸ਼ ਨਿਕਾਲੇ ਦੀ ਸਜ਼ਾ ਦਿੱਤੀ ਗਈ। ਮਾਧਵ ਪੁਸ਼ਪਾਵਤੀ ਨਗਰੀ ਨੂੰ ਛੱਡ ਕੇ ਰਾਜਾ ਕਾਮਸੈਨ ਦੀ ਨਗਰੀ ਕਾਮਵਤੀ ਵਿੱਚ ਜਾ ਪੁੱਜਾ ਅਤੇ ਆਪਣੀ ਕਲਾ ਸਦਕਾ ਕਾਮਵਤੀ ਨਗਰੀ ਦੇ ਰਾਜ ਦਰਬਾਰ ਵਿੱਚ ਵੱਡੇ ਮਾਣ ਸਤਿਕਾਰ ਦਾ ਅਧਿਕਾਰੀ ਬਣ ਗਿਆ। ਰਾਜੇ ਨੇ ਵੱਡਤ ਮਾਣ ਦੇ ਕੇ ਉਸ ਨੂੰ ਵੱਡੇ ਅਧਿਕਾਰੀ ਬ੍ਰਾਹਮਣ ਦੇ ਤੌਰ ਤੇ ਸਥਾਪਿਤ ਕਰ ਦਿੱਤਾ। ਮਾਧਵਾਨਲ ਅਤੇ ਕਾਮਕੰਦਲਾ ਆਪਣੀ ਨੱਚਣ-ਗਾਉਣ ਦੀ ਕਲਾ ਅਤੇ ਰੂਪ ਦੀ ਕਸ਼ਿਸ ਕਰਕੇ ਇੱਕ ਦੂਜੇ ਵੱਲ ਖਿੱਚੇ ਗਏ। ਕਾਮਕੰਦਲਾ ਦੀਆਂ ਅਦਾਵਾਂ ਉਪਰ ਮੋਹਿਤ ਹੋ ਕੇ ਮਾਧਵਾਨਲ ਨੇ ਰਾਜੇ ਵੱਲੋਂ ਦਿੱਤੀ ਦੋ ਕਰੋੜ ਟਕਿਆਂ ਦੀ ਰਕਮ ਅਤੇ ਹੋਰ ਬੇਸ਼ਕੀਮਤੀ ਗਹਿਣੇ ਕਾਮਕੰਦਲਾ ਨੂੰ ਅਰਪਿਤ ਕਰ ਦਿੱਤੇ। ਰਾਜ ਦਰਬਾਰ ਵਿੱਚ ਕੀਤੀ ਇਸ ਹਰਕਤ ਨੂੰ ਰਾਜਾ ਕਾਮਸੈਨ ਨੇ ਵੱਡੀ ਹੱਤਕ ਮਹਿਸੂਸ ਕੀਤਾ ਅਤੇ ਮਾਧਵਾਨਲ ਨੂੰ ਇਥੋਂ ਵੀ ਦੇਸ਼ ਨਿਕਾਲਾ ਦੇ ਦਿੱਤਾ। ਇਥੋਂ ਨਿਕਲ ਕੇ ਮਾਧਵਾਨਲ ਭਟਕਦਾ ਭਟਕਦਾ ਉਜੈਨ ਦੇ ਰਾਜੇ ਬਿਕ੍ਰਮਾਜੀਤ ਕੋਲ ਜਾ ਪੁੱਜਾ ਅਤੇ ਬਿਕ੍ਰਮਾਜੀਤ ਨੇ ਬ੍ਰਾਹਮਣ ਜਾਣ ਕੇ ਰਾਜ-ਸਰਣ ਦੇ ਦਿੱਤੀ। ਕੇਵਲ ਸਰਣ ਹੀ ਨਹੀ ਦਿੱਤੀ ਬਲਕਿ ਇਸ ਬ੍ਰਾਹਮਣ ਦੇ ਆਖੇ ਲਗ ਕੇ ਕਾਮਕੰਦਲਾ ਨੂੰ ਛੁਡਵਾਉਣ ਲਈ ਕਾਮਸੈਨ ਉਪਰ ਹਮਲਾ ਵੀ ਕੀਤਾ। ਇਸ ਤਰ੍ਹਾਂ ਮੱਖੀ ਤੇ ਮੱਖੀ ਮਾਰਨ ਵਾਲੇ ਲਿਖਾਰੀਆਂ ਨੇ ਪੂਰੇ ਇਸ਼ਕੀਆ ਕਿੱਸੇ ਵਿਚੋਂ 63 ਤੋਂ 72ਵੇਂ ਬੰਦ ਦਾ ਦੇਖਾ-ਦੇਖੀ ਉਤਾਰਾ ਲਿਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਤਿਮ ਖ਼ਾਲੀ ਵਰਕਿਆਂ ਉਪਰ "ਰਾਗਮਾਲਾ" ਦਾ ਬੇਤੁਕਾ ਸਿਰਲੇਖ ਦੇ ਕਰ ਦਰਜ਼ ਕਰ ਦਿੱਤੀ।

"ਮਾਧਵਾਨਲ ਕਾਮਕੰਦਲਾ"ਦੇ ਇਸ਼ਕੀਆ ਕਿੱਸੇ ਦੀ ਕਹਾਣੀ ਤਿਯ੍ਰਾ ਚਰਿਤ੍ਰਾਂ ਦੇ 91 ਨੰਬਰ ਚਰਿਤ੍ਰ ਵਿੱਚ ਵੀ ਆਈ ਹੈ। ਜੋ ਅਨਜਾਣ ਲਿਖਾਰੀ ਹੁਣ ਤੱਕ ਗੁਰੂ ਦਸ਼ਮੇਸ਼ ਦੀ ਰਚਨਾ ਕਹਿ ਕੇ ਪ੍ਰਚਾਰਦੇ ਰਹੇ ਸਨ, ਪਰ ਗੁਰਮਤਿ ਦੇ ਸੂਝਵਾਨ ਪ੍ਰਚਾਰਕਾਂ ਨੇ ਤੇ ਲਿਖਾਰੀਆਂ ਨੇ ਹੁਣ ਇਸ ਇਸ਼ਕੀਆ ਕਿੱਸੇ ਦੇ ਨਾਲ-ਨਾਲ ਉਸ ਸਾਕਤ ਮੱਤੀਏ ਲਿਖਾਰੀ ਦੀ ਵੀ ਪਛਾਣ ਦੇਹੀ ਕਰ ਲਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰੰਤ ਜਦ ਅਸੀਂ ਇਹ ਪੰਕਤੀਆਂ ਸੁਣਦੇ ਹਾਂ ਤਾਂ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿਉਂਕਿ ਇਹ ਰਾਗਮਾਲਾ ਸੁਤੰਤਰ ਰਚਨਾ ਨਹੀਂ ਬਲਕਿ ਕਿਸੇ ਪਹਿਲੇ ਬਿਆਨੀ ਜਾ ਰਹੀ ਕਹਿਣੀ ਦਾ ਮਗਰਲਾ ਹਿੱਸਾ ਹੈ।

ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ॥

ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ॥ (1430)

"ਉਨ੍ਹਾਂ ਨੇ" ਛੇ ਰਾਗ, ਤੀਹ ਰਾਗਣੀਆਂ ਅਤੇ ਅਠਤਾਲੀ ਰਾਗ ਪੁੱਤਰਾਂ ਨੂੰ ਮਿਲ ਕੇ ਗਾਇਆ; ਇਥੇ ਗਾਉਣ ਦੀ ਕ੍ਰਿਆ ਕਰਨ ਵਾਲੇ ਕਰਤਿਆਂ ਦੀ ਪਛਾਣ ਦੇਹੀ ਦਾ ਸਵਾਲ ਸੁਭਾਵਕ ਹੀ ਉੱਠ ਖੜੋਂਦਾ ਹੈ ਕਿ ਗਾਉਣ ਵਾਲੇ ਕੌਣ ਹਨ।

ਉਂਝ ਪਹਿਲੇ ਬੰਦ ਦੀ ਹੇਠ ਲਿਖੀ ਵਿੱਚ ਆਏ "ਵੈ" ਪੜਨਾਉਂ ਦੀ ਪਛਾਣ-ਦੇਹੀ ਵੀ ਲਾਜ਼ਮੀ ਬਣਦੀ ਹੈ। ਉਹ ਸਭ ਤੋਂ ਪਹਿਲਾਂ ਭੈਰਉ ਰਾਗ ਗਾਉਂਦੀਆਂ ਹਨ। ਸੁਆਲ ਸਾਫ਼ ਹੈ ਭੈਰਉ ਰਾਗ ਕੌਣ ਗਾਉਂਦੀਆਂ ਹਨ? ਇਹਨਾਂ 12 ਬੰਦਾਂ ਵਿੱਚੋਂ ਕੁਝ ਵੀ ਪਤਾ ਨਹੀਂ ਲਗ ਰਿਹਾ।

"ਪ੍ਰਥਮ ਰਾਗ ਭੈਰਉ "ਵੈ" ਕਰਹੀ ॥"

ਸਾਰੀ ਗੁਰਬਾਣੀ ਅੰਦਰ ਗੁਰੂ ਨਾਨਕ ਸਾਹਿਬ ਦੇ ਅੱਡ-ਅੱਡ ਜਾਮਿਆਂ ਨੂੰ ਰਚਣਹਾਰ ਦੇ ਤੌਰ ਤੇ ਮਹਲਾ 1, ਮਹਲਾ 2, ਮਹਲਾ 3, ਮਹਲਾ 4, ਮਹਲਾ 5, ਮਹਲਾ 9 ਕਰਕੇ ਲਿਖਿਆ ਗਿਆ ਹੈ। ਕਬੀਰ, ਨਾਮਦੇਵ, ਰਵਿਦਾਸ ਅਤੇ ਹੋਰ ਭਗਤਾਂ ਦੇ ਨਾਵਾਂ ਨੂੰ ਰਚਣਹਾਰ ਦੇ ਤੌਰ ਤੇ ਅੰਕਿਤ ਕੀਤਾ ਗਿਆ ਹੈ। ਸਵੱਈਆਂ ਅੰਦਰ ਹੀ ਰਚਨਹਾਰ ਭੱਟਾਂ ਦੇ ਨਾਮ ਕਲ੍ਯ, ਮਥੁਰਾ, ਆਦਿਕ ਅੰਕਿਤ ਕੀਤੇ ਗਏ ਹਨ। ਪਰ ਰਾਗਮਾਲਾ ਦੇ ਰਚਣਹਾਰ ਸਬੰਧੀ ਕੋਈ ਜ਼ਿਕਰ ਨਹੀ ਅਤੇ ਨਾ ਹੀ ਕੋਈ ਹੋਰ ਸੰਕੇਤ ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਪੜ੍ਹਨ ਸਮੇਂ ਸਾਨੂੰ ਜਪੁ, ਸੋਦਰੁ ਅਤੇ ਸੋਹਿਲਾ ਬਾਣੀਆਂ ਪਿੱਛੋਂ ਸਰਬ-ਪ੍ਰਥਮ ਸਿਰੀਰਾਗ ਵਿੱਚ ਲਿਖੀ ਬਾਣੀ ਦੇ ਦਰਸ਼ਨ ਹੁੰਦੇ ਹਨ। ਸਾਡੀ ਸਮਝ ਤੋਂ ਬਾਹਰ ਹੈ ਕਿ ਭੈਰਉ ਕਿਹੜੀ ਗ੍ਰੰਥ ਰਚਨਾ ਦਾ ਪਹਿਲਾ ਭਾਗ ਹੈ। ਪਰ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਨੇ ਸਿਰੀਰਾਗ ਨੂੰ ਪ੍ਰਮੁੱਖ ਦਿੱਤੀ ਹੈ।

ਕਿੱਸੇ ਵਿੱਚ ਆਏ ਬੰਦ "ਸਭੈ ਪੁਤ੍ਰ ਰਾਗੰਨ ਕੇ ਗਾਏ" ਵਿੱਚੋਂ "ਸਭੈ ਪੁਤ੍ਰ ਰਾਗਨ ਕੇ" ਕਰਕੇ "ਗਾਏ" ਕ੍ਰਿਆ ਗਾਇਬ ਕਰਨ ਨਾਲ ਬੰਦ ਦਾ ਨਾਸ ਮਾਰ ਛੱਡਿਆ। ਉਤਾਰਾ ਕਰਨ ਸਮੇਂ ਉਤਾਰਾ ਕਰਨ ਵਾਲੇ ਨਕਲ-ਨਵੀਸ ਨੇ ਰਾਗਮਾਲਾ ਦੇ ਅੰਤਿਮ ਬੰਦ ਦੀ ਆਖ਼ਰੀ ਪੰਕਤੀ ਵਿੱਚ ਕਿਰਿਆ "ਗਾਏ" ਨੂੰ ਉਤਾਰਿਆ ਹੀ ਨਹੀਂ, ਜਿਸ ਕਾਰਨ ਵਾਕ ਬਿਲਕੁਲ ਅਧੂਰਾ ਅਤੇ ਦੋਸ਼-ਪੂਰਨ ਬਣ ਗਿਆ ਹੈ।

ਗੁਰਬਾਣੀ ਸੰਪਾਦਨਾ :

ਸਾਹਿਬ ਸਤਿਗੁਰੂ ਅਰਜੁਨ ਪਾਤਿਸ਼ਾਹ ਨੇ ਭਾਈ ਗੁਰਦਾਸ ਜੀ ਕੋਲੋਂ ਗੁਰੂ ਨਾਨਕ ਸਾਹਿਬ ਅਤੇ ਬਾਕੀ ਮਹਾਪੁਰਖਾਂ ਦੀ ਬਾਣੀ ਨੂੰ "ਪੋਥੀ ਸਾਹਿਬ" ਦੇ ਰੂਪ ਵਿੱਚ ਜੁਲਾਈ 1604 ਤੱਕ ਲਿਖਵਾ ਲਿਆ ਸੀ। 1604 ਈ: ਤੋਂ ਹੀ "ਪੋਥੀ ਸਾਹਿਬ" ਦੇ ਉਤਾਰੇ ਸ਼ੁਰੂ ਹੋ ਚੁੱਕੇ ਸਨ ਅਤੇ ਇਹਨ੍ਹਾਂ ਉਤਾਰਿਆਂ ਤੋਂ ਹੋਰ ਅੱਗੇ ਤੋਂ ਅੱਗੇ ਨਕਲਾਂ ਸਿੱਖ ਕਾਤਬਾਂ ਵੱਲੋਂ ਤਿਆਰ ਹੋ ਰਹੀਆਂ ਸਨ ।"ਪੋਥੀ ਸਾਹਿਬ" ਦੇ ਉਤਾਰਿਆਂ ਵਿੱਚੋਂ ਭਾਈ ਬੰਨ੍ਹੋ ਵੱਲੋਂ ਜ਼ਿਲਦ ਬੰਨ੍ਹਾਉਣ ਦੌਰਾਨ ਕੀਤੇ ਉਤਾਰੇ ਦਾ ਵੀ ਜ਼ਿਕਰ ਮਿਲਦਾ ਹੈ। ਜੋ ਕਿ ਸਭ ਤੋਂ ਪਹਿਲਾ ਉਤਾਰਾ ਵੀ ਕਿਹਾ ਜਾ ਸਕਦਾ ਹੈ। ਇਸ ਸਰੂਪ ਵਿੱਚ ਭਾਈ ਬੰਨ੍ਹੋ ਨੇ ਆਪਣੀ ਮਨਮਰਜ਼ੀ ਨਾਲ ਕਈ ਕੱਚੀਆਂ ਰਚਨਾਵਾਂ ਵੀ ਜੋੜ ਲਈਆਂ ਸਨ ਜਿਵੇਂ ਜਿਤ ਦਰ ਲਖ ਮੁੰਹਮਦਾ, ਰਤਨ ਮਾਲਾ, ਬਾਇ ਆਤਿਸ਼ ਆਬ ਖ਼ਾਕ, ਰਾਹ ਮੁਕਾਮ ਆਦਿ ਅਤੇ ਇਸ ਸਰੂਪ ਨੇ ਪ੍ਰਵਾਨ ਕਰਨ ਤੋਂ ਪੂਰੀ ਤਰ੍ਹਾਂ ਨਾਂਹ ਕਰ ਦਿੱਤੀ ਸੀ। ਗੁਰੂ ਅਰਜੁਨ ਸਾਹਿਬ ਵੱਲੋਂ ਭਾਈ ਗੁਰਦਾਸ ਜੀ ਤੋਂ ਲਿਖਵਾਇਆ ਸਰੂਪ ਬਹੁਤ ਅਰਸਾ ਕਰਤਾਰਪੁਰ ਵਿਖੇ ਹੀ ਰਿਹਾ ਸੀ ਅਤੇ ਇਤਿਹਾਸ ਦੱਸ ਪਾਉਂਦਾ ਹੈ ਕਿ ਇਸ ਸਰੂਪ ਦੇ ਉਤਾਰੇ ਛੇਵੇਂ, ਸੱਤਵੇਂ, ਅੱਠਵੇਂ ਅਤੇ ਨੌਂਵੇਂ ਗੁਰੂ ਜਾਮਿਆਂ ਸਮੇਂ ਗੁਰੂ ਦਰਬਾਰ ਵਿੱਚ ਮੌਜੂਦ ਰਹੇ ਸਨ ਅਤੇ ਉਹਨਾਂ ਨੂੰ ਗੁਰਮਤਿ ਵਿਚਾਰਧਾਰਾ ਦਾ ਮੂਲ ਅਧਾਰ ਮੰਨਿਆ ਜਾਂਦਾ ਸੀ। ਇਤਿਹਾਸ ਦੱਸਦਾ ਹੈ ਕਿ ਜੀਵਨ ਅਤੇ ਮੌਤ ਦੀ ਬਾਜ਼ੀ ਵਾਲੀ ਲੰਬੀ ਜੱਦੋ-ਜਹਿਦ ਦੌਰਾਨ ਸੰਨ 1757 ਈ: ਨੂੰ ਮੂਲ ਸਰੂਪ ਜਲੰਧਰ ਦੇ ਨਵਾਬ ਵੱਲੋਂ ਕਰਤਾਰਪੁਰ ਅਤੇ ਗੁਰਦੁਆਰਾ ਥੰਮ ਸਾਹਿਬ ਨੂੰ ਲਗਾਈਆਂ ਗਈਆਂ ਅੱਗਾਂ ਦੌਰਾਨ ਸਿੱਖਾਂ ਜੱਥੋਂ ਜਾਂਦਾ ਰਿਹਾ ।

ਪੋਥੀ ਸਾਹਿਬ (ਆਦਿ ਗ੍ਰੰਥ ਦੇ ਕਰਤਾਰਪੁਰੀ ਸਰੂਪ) ਬਾਰੇ "ਭਾਈ ਕਾਹਨ ਸਿੰਘ ਨਾਭਾ" ਵੱਲੋਂ 23 ਜਨਵਰੀ 1918 ਨੂੰ "ਪੰਥ ਸੇਵਕ" ਅਖ਼ਬਾਰ ਵਿੱਚ ਇੱਕ ਚਿੱਠੀ ਛਪਵਾਈ ਗਈ।

ਆਪ ਦੀ ਖੋਜ ਮੁਤਾਬਕ ਆਪਨੇ ਕਰਤਾਰਪੁਰੀ ਸਰੂਪ ਵਿੱਚ "ਰਾਗਮਾਲਾ ਤੋਂ ਇਲਾਵਾ ਰਤਨਮਾਲਾ, ਸਾਖੀ ਰਾਹ ਮੁਕਾਮ, ਜਹਾਂਗੀਰ ਦੀ ਕਰਤਾਰਪੁਰ ਫੇਰੀ (ਸੰਨ 1598) ਗੁਰੂ ਅਰਜੁਨ ਸਾਹਿਬ, ਗੁਰੂ ਹਰਗੋਬਿੰਦ ਸਾਹਿਬ ਅਤੇ ਬਾਬਾ ਗੁਰਦਿੱਤਾ ਜੀ ਦੇ ਜੋਤੀ-ਜੋਤ ਸਮਾਉਣ ਪ੍ਰਸੰਗ, ਤਿੱਥਾਂ ਅਤੇ ਸੰਮਤ, ਨਿੰਰਜਨ ਰਾਏ (ਧੀਰਮਲ ਦੇ ਪੜੋਤੇ) ਦੀ ਉਸਤਤਿ, ਕਰਤਾਰਪੁਰ ਨੂੰ ਦੁਸ਼ਮਣ ਵੱਲੋਂ ਲਗਾਈਆਂ ਅੱਗਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਕਰਤਾਰਪੁਰ ਫੇਰੀ ਦੇ ਵਾਕਿਆਤ ਲਿਖੇ ਹੋਏ ਦੱਸੇ ਹਨ। ਆਪ ਨੇ ਕਰਤਾਰਪੁਰੀ ਉਤਾਰੇ ਦੇ ਤਤਕਰੇ ਦੇ ਅੰਤ ਵਿੱਚ ਇਹ ਲਿਖਿਆ ਵੇਖਿਆ ਹੈ ਕਿ "ਸਾਰੇ ਪੱਤਰੇ ਗੁਰੂ ਬਾਬੇ ਦੇ 974 ਹਨ।ਆਪ ਦੀ ਪੜਤਾਲ ਇਹ ਵੀ ਪ੍ਰਗਟ ਕਰਦੀ ਹੈ ਕਿ 973ਵੇਂ ਪੱਤਰੇ ਉੱਤੇ ਮੁੰਦਾਵਣੀ ਸੀ ਅਤੇ 974ਵਾਂ ਪੱਤਰਾ ਕੋਰਾ ਸੀ।

ਕਵੀ ਆਲਮ ਦੁਆਰਾ ਰਚੀ ਇਸ ਕੱਚੀ ਰਚਨਾ "ਰਾਗਮਾਲਾ" ਵਾਲੀ ਬਿਪਤਾ ਦਾ ਮੂਲ ਸੋਮਾ ਸਾਡਾ ਉਹ ਭੁਲੇਖਾ ਹੈ ਜਿਸਦੇ ਆਧਾਰ ਤੇ ਅਸੀਂ ਪੋਥੀ ਸਾਹਿਬ (ਕਰਤਾਰਪੁਰੀ ਸਰੂਪ) ਦੇ ਉਸ ਉਤਾਰੇ ਜਾਂ ਨਕਲ ਨੂੰ ਪੋਥੀ ਸਾਹਿਬ ਦਾ ਅਸਲ ਸਰੂਪ ਸਮਝਦੇ ਰਹੇ ਹਾਂ, ਜਿਸ ਨੂੰ ਗੁਰੂ ਅਰਜਨ ਪਾਤਸ਼ਾਹ ਦੇ ਭਾਈ ਗੁਰਦਾਸ ਜੀ ਕੋਲੋਂ 1604 ਈ: ਵਿੱਚ ਲਿਖਵਾਇਆ ਸੀ। ਦਰਅਸਲ ਪੋਥੀ ਸਾਹਿਬ ਦੇ ਮੂਲ ਸਰੂਪ ਦੀਆਂ ਕੇਵਲ ਨਕਲਾਂ ਹੀ ਇਸ ਸਮੇਂ ਕਰਤਾਰਪੁਰ ਸਾਹਿਬ ਦੇ ਸੋਢੀਆਂ ਕੋਲ ਪਈਆਂ ਸਨ, ਜੋ ਅਸਲ ਵਿੱਚ ਮੂਲ ਸਰੂਪ ਨਹੀਂ ਹਨ।

ਆਮ ਲੋਕਾਂ ਨੂੰ ਇਹ ਵੱਡਾ ਭੁਲੇਖਾ ਲੱਗਦਾ ਹੈ ਕਿ ਦਸ਼ਮੇਸ ਪਿਤਾ ਵੱਲੋਂ ਨਵ-ਸੰਪਾਦਿਤ ਬੀੜ ਸ਼ਾਇਦ ਸਾਬੋ ਕੀ ਤਲਵੰਡੀ ਵਾਲੇ ਦਮਦਮਾ ਸਾਹਿਬ ਵਿਖੇ ਸਿਰਜੀ ਗਈ ਸੀ ਜਦ ਕਿ ਇਹ ਸਬੂਤਾਂ ਸਹਿਤ ਕਿਹਾ ਜਾ ਸਕਦਾ ਹੈ ਕਿ ਦਸ਼ਮੇਸ ਪਿਤਾ ਵੱਲੋਂ ਸੰਪਾਦਿਤ ਬੀੜ ਅਨੰਦਪੁਰ ਸਾਹਿਬ ਦੇ ਦਮਦਮਾ ਸਾਹਿਬ ਵਿਖੇ ਗੁਰਤਾ-ਗੱਦੀ ਦੀ ਜ਼ਿੰਮੇਵਾਰੀ ਲੈਣ ਦੇ ਆਰੰਭਲੇ ਸਾਲਾਂ ਵਿੱਚ ਸਿਰਜੀ ਗਈ ਸੀ। ਇਸ ਸਰੂਪ ਦੀ ਸੰਪਾਦਨਾ ਸਮੇਂ ਗੁਰੂ ਜੀ ਨੇ ਭਾਈ ਬੰਨ੍ਹੋ ਅਤੇ ਹੋਰ ਕਾਤਬਾਂ ਵੱਲੋਂ ਮੁੰਦਾਵਣੀ ਤੋਂ ਪਹਿਲਾ ਅਤੇ ਬਾਅਦ ਵਿੱਚ ਵਾੜੀਆਂ ਗਈਆਂ ਸਭ ਕੱਚੀਆਂ ਰਚਨਾਵਾਂ ਖ਼ਾਰਿਜ ਕਰ ਦਿੱਤੀਆਂ ਸਨ ਅਤੇ ਇਸੇ ਨਿਯਮ ਅਧੀਨ ਕਵੀ ਆਲਮ ਕ੍ਰਿਤ "ਰਾਗਮਾਲਾ" ਦਾ ਕੰਡਾ ਵੀ ਕੱਢ ਦਿੱਤਾ ਸੀ। ਸਾਬੋ ਕੀ ਤਲਵੰਡੀ ਵਾਲੇ ਦਮਦਮੀ ਸਰੂਪ ਦੇ ਉਤਾਰੇ ਵਿੱਚ ਜੋ "ਰਾਗਮਾਲਾ" ਚੜ੍ਹਾਈ ਗਈ ਹੈ ਉਹ ਸਪੱਸ਼ਟ ਤੌਰ ਤੇ ਵੱਖਰੀ ਸਿਆਹੀ ਤੇ ਵੱਖਰੀ ਲਿਖਾਈ ਨਾਲ ਕਈ ਬਰਸ ਪਿੱਛੋਂ ਕਿਸੇ ਜ਼ਿਆਦਾ ਗਿਆਨਵਾਨ ਬਣਕੇ ਦੱਸਣ ਵਾਲੇ ਪ੍ਰੇਮੀ ਦਾ ਕਰਤਬ ਹੈ ਜੋ ਉਸਨੇ ਗੁਰਮਤਿ ਦੀ ਜਾਣਕਾਰੀ ਦੀ ਘਾਟ ਕਾਰਨ ਜਾਂ ਜਾਣ ਬੁਝ ਕੇ ਉਂਝ ਹੀ ਦਿਖਾਇਆ ਹੈ। ਪੰਡਿਤ ਕਰਤਾਰ ਸਿੰਘ ਦਾਖਾ ਨੇ ਦਮਦਮਾ ਸਾਹਿਬ ਵਿਖੇ ਮੌਜੂਦ ਤਤਕਾਲੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇ ਅੰਤਲੇ ਹਿੱਸੇ ਨੂੰ ਦੂਜੀ

ਸਿਆਹੀ ਨਾਲ ਤੇ ਲਿਖਾਈ ਵਿੱਚ ਹੀ ਨਹੀਂ ਸੀ ਪਾਇਆ ਬਲਕਿ ਰਾਗਮਾਲਾ ਵਾਲਾ ਵਰਕਾ ਨਵੇਂ ਸਿਰੇ ਤੋਂ ਹੀ ਜੋੜਿਆ, ਦੇਖਿਆ ਅਤੇ ਦੱਸਿਆ ਸੀ।

ਮੂਲ ਪੋਥੀ ਸਾਹਿਬ ਦਾ ਰੋਜ਼ਾਨਾ ਪ੍ਰਕਾਸ਼ ਸ਼ੁਰੂ ਹੋ ਜਾਣ ਕਾਰਨ ਅੱਗੇ ਹੋਰ ਉਤਾਰੇ ਕਰਨ ਲਈ ਇਹ ਸਰੂਪ ਬਹੁਤਾ ਸੁਲੱਭ ਨਹੀਂ ਸੀ। ਲਿਖਾਰੀ ਸੱਜਣਾਂ ਨੂੰ ਭਾਈ ਬੰਨ੍ਹੇ ਦਾ ਉਤਾਰਾ ਜ਼ਿਆਦਾ ਸੌਖੇ ਰੂਪ ਵਿੱਚ ਉਪਲਬਧ ਸੀ। ਇਸ ਕਾਰਨ ਉਹਨ੍ਹਾਂ ਜ਼ਿਆਦਾ ਉਤਾਰੇ ਭਾਈ ਬੰਨ੍ਹੇ ਵਾਲੇ ਸਰੂਪ ਤੋਂ ਕਰਨੇ ਆਰੰਭ ਦਿੱਤੇ। ਸਮਾਂ ਪਾ ਕੇ ਮੂਲ ਪੋਥੀ ਸਾਹਿਬ ਦਾ ਸਰੂਪ ਧੀਰ ਮੱਲੀਏ ਸੋਢੀਆਂ ਕੋਲ ਆ ਜਾਣ ਕਾਰਨ ਵੀ ਅੱਗੇ ਤੋਂ ਅੱਗੇ ਹੋਰ ਉਤਾਰੇ ਕਰਨ ਲਈ ਭਾਈ ਬੰਨ੍ਹੇ ਵਾਲਾ ਸਰੂਪ ਜਾਂ ਉਸ ਤੋਂ ਤਿਆਰ ਉਤਾਰਿਆਂ ਵਾਲੇ ਸਰੂਪ ਹੀ ਸੌਖੇ ਤਰੀਕੇ ਪ੍ਰਾਪਤ ਹੋ ਰਹੇ ਸਨ। ਇਸੇ ਕਾਰਨ ਮੂਲ ਸਰੂਪ ਦੇ ਉਤਾਰੇ ਭਾਈ ਬੰਨ੍ਹੇ ਵਾਲੇ ਸਰੂਪ ਦੇ ਮੁਕਾਬਲੇ ਬਹੁਤ ਘੱਟ ਹੋਏ ਹਨ।

ਇੱਕ ਵਿਦਵਾਨ ਸ: ਸ਼ੋਭਾ ਸਿੰਘ ਦਿਲਵਾਲੀ ਨੇ "ਮਾਧਵਾਨਲ ਕਾਮਕੰਦਲਾ"ਦੀ ਸਮੁੱਚੀ ਪ੍ਰੇਮ ਕਥਾ ਨੂੰ ਪੜ੍ਹਨ ਪਿੱਛੋਂ ਇਸਦੇ 63 ਵੇਂ 72ਵੇਂ ਬੰਦਾਂ ਨੂੰ ਕੁੱਝ ਨਕਲ-ਨਵੀਸਾਂ ਵਲੋਂ "ਰਾਗਮਾਲਾ"ਦੇ ਸਿਰਲੇਖ ਹੇਠ ਗੁਰੂ ਗ੍ਰੰਥ ਸਾਹਿਬ ਵਿੱਚ ਅੰਤਲੇ ਹਿੱਸੇ ਵਿੱਚ ਸ਼ਾਮਲ ਕਰਦਿਆਂ ਪੂਰੀ ਤਰ੍ਹਾਂ ਪਰਖ ਕੇ ਜਾਂਚ ਲਿਆ ਸੀ। ਵਿਵੇਕ ਦੀ ਪਾਰਖੂ ਕਸਵੱਟੀ ਨਾਲ ਉਸਨੇ ਆਲਮ-ਕ੍ਰਿਤ ਇਸ ਕੱਚੀ ਰਚਨਾ ਨੂੰ ਕੇਵਲ ਨਕਾਰਿਆ ਹੀ ਨਹੀਂ ਬਲਕਿ ਪ੍ਰਸਿੱਧ ਕਵੀ ਸੰਤੋਖ ਸਿੰਘ ਨਾਲ ਡੂੰਘੀ ਵਿਚਾਰ ਕਰਕੇ ਉਹਨਾਂ ਪਾਸੋਂ ਸੰਨ 1843 ਈ: ਵਿੱਚ ਨਿਰਣਾ ਕਰਵਾ ਦਿੱਤਾ ਸੀ ਕਿ;

"ਰਾਗਮਾਲਾ ਸ੍ਰੀ ਗੁਰੂ ਕ੍ਰਿਤ ਨਾਹਿ, ਹੈਂ ਮੁੰਦਾਵਣੀ ਲਗਿ ਗੁਰ ਬੈਨ"

ਪੰਡਿਤ ਤਾਰਾ ਸਿੰਘ ਨਰੋਤਮ, ਸੰਤ ਚੰਦਾ ਸਿੰਘ, ਪੰਡਿਤ ਗਿਆਨੀ ਹਜ਼ਾਰਾ ਸਿੰਘ, ਡਾ: ਚਰਨ ਸਿੰਘ ਆਦਿਕ ਦੇ ਟੀਕਿਆਂ, ਕੋਸ਼ਾਂ ਤੇ ਲਿਖਤਾਂ ਨੇ ਹੀ "ਰਾਗਮਾਲਾ" ਨੂੰ ਨਹੀਂ ਨਕਾਰਿਆ ਬਲਕਿ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਦੀ ਕਲਮ ਨੇ ਵੀ ਇਸੇ ਤੱਥ ਦੀ ਤਸਦੀਕ ਕੀਤੀ ਹੈ ਕਿ:

"ਮਾਨ ਗਏ ਸਭ ਸਹੀ ਯਹੀ ਹੈ, ਰਾਗਮਾਲਾ ਗੁਰਵਾਕ ਨਹੀਂ ਹੈ"

1920 ਤੋਂ 1925 ਤੱਕ ਗੁਰੂਦੁਆਰਾ ਸੁਧਾਰ ਲਹਿਰ ਦੇ ਮੋਰਚਿਆਂ ਦੌਰਾਨ ਪਾਠਾਂ ਦੇ ਭੋਗਾਂ ਸਮੇਂ ਸੰਗਤਾਂ "ਰਾਗਮਾਲਾ" ਨਹੀ ਪੜ੍ਹਨ ਦਿੰਦੀਆਂ ਸਨ। ਨਾਭਾ ਐਜੀਟੇਸ਼ਨ ਦੌਰਾਨ ਜੈਤੋ ਦੇ ਮੋਰਚਿਆਂ ਸਮੇਂ ਵੀ ਸਿੰਘਾਂ ਨੇ ਰਾਗਮਾਲਾ ਨੂੰ ਗੁਰੂ-ਕ੍ਰਿਤ ਨ ਹੋਣ ਕਾਰਨ ਮੂੰਹ ਨਹੀਂ ਸੀ ਲਾਇਆ ।

1936 ਵਿੱਚ ਛਪੀ ਸਿੱਖ ਰਹਿਤ ਮਰਿਯਾਦਾ ਵਿੱਚ ਵੀ ਇਹ ਗੱਲ ਸਾਫ਼-ਸਾਫ਼ ਅੰਕਿਤ ਕੀਤੀ ਗਈ ਸੀ;

"ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਧਾਰਨ ਜਾਂ ਅਖੰਡ ਪਾਠ) ਦਾ ਭੋਗ ਮੁੰਦਾਵਣੀ ਉਤੇ ਪਾਇਆ ਜਾਵੇ"

ਪਰ ਚੀਫ਼ ਖ਼ਾਲਸਾ ਦੀਵਾਨ ਤੇ ਭਾਈ ਵੀਰ ਸਿੰਘ ਨੇ 1917 ਵਿੱਚ ਬਿਨ੍ਹਾਂ ਕਿਸੇ ਠੋਸ ਕਾਰਨ ਦੇ ਆਪਣਾ ਸਟੈਂਡ ਬਦਲ ਲਿਆ ਅਤੇ "ਰਾਗਮਾਲਾ" ਦੇ ਹੱਕ ਵਿੱਚ ਗੱਲ ਕਰਨ ਲੱਗੇ। ਇਦਾਂ ਹੀ ਭਾਈ ਜੋਧ ਸਿੰਘ ਨੇ ਆਪਣਾ ਸਟੈਂਡ ਬਦਲ ਲਿਆ। ਪਰ ਇਹਨਾਂ ਦੋਹਾਂ ਸ਼ਖਸੀਅਤਾਂ ਦਾ ਸਿਆਸੀ ਮਸਲਹਤਾਂ ਵਿੱਚ ਜ਼ੋਰ ਹੋਣ ਕਾਰਨ ਮਗਰਲੀਆਂ ਸਿੱਖ ਰਹਿਤ ਮਰਿਯਾਦਾ ਦੀਆਂ ਐਡੀਸ਼ਨਾਂ ਵਿੱਚ ਪਾਠ ਦਾ ਭੋਗ ਮੁੰਦਾਵਣੀ ਜਾਂ ਰਾਗਮਾਲਾ ਪੜ੍ਹ ਕੇ ਪਾਉਣ ਦੀ ਗੱਲ ਦਾ ਪ੍ਰਚਾਰ ਕਰ ਦਿੱਤਾ ਗਿਆ। -0-

ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ...

-ਰਮੇਸ਼ ਬੱਗਾ ਚੋਹਲਾ 9463132719

ਰਾਜਿਆਂ-ਮਹਾਂਰਾਜਿਆਂ ਦੇ ਸ਼ਹਿਰ ਵਿਚ ਡਾਕਟਰੀ ਦੀ ਪੜ੍ਹਾਈ ਕਰ ਰਹੇ ਵੱਡੇ ਫ਼ਰਜ਼ੰਦ ਦਾ ਇੱਕ ਦਿਨ ਫੋਨ ਆਇਆ ਕਿ ਪਾਪਾ- "ਦੂਸਰੇ ਸਾਲ ਦੀ ਪੜ੍ਹਾਈ ਦੀ ਫੀਸ (90000 ਰੁਪਏ) ਭਰਨੀ ਹੈ।" "ਭਰਦੇ ਪੁੱਤਰ ਮੈਂ ਤੇਰੇ ਖਾਤੇ ਵਿਚ ਅੱਜ ਹੀ ਪੈਸੇ ਜਮ੍ਹਾਂ ਕਰਵਾ ਦਿਆਗਾਂ।"

ਮੈਂ ਬੇਟੇ ਦਾ ਆਰਥਿਕ ਭਾਰ ਵੰਡਾਉਂਦਿਆਂ ਕਿਹਾ। 'ਪਾਪਾ ਇਹ ਫੀਸ ਬੈਂਕ ਡਰਾਫਟ ਰਾਹੀਂ ਜਮ੍ਹਾਂ ਕਰਵਾਉਣੀ ਹੈ।' ਬਿਗਾਨੇ ਸ਼ਹਿਰ ਦੇ ਮੈਡੀਕਲ ਕਾਲਜ ਵਿਚ ਨਵਪ੍ਰਵੇਸ਼ਿਤ ਹੋਏ ਬੇਟੇ ਨੇ ਕਾਲਜ ਦੇ ਲੈਣਦਾਰੀ ਪ੍ਰਬੰਧ ਬਾਬਤ ਜਾਣਕਾਰੀ ਦਿੰਦਿਆਂ ਕਿਹਾ। 'ਕੋਈ ਗੱਲ ਨਹੀਂ ਪੁੱਤਰਾ ਨੇੜਲੇ ਕਿਸੇ ਵੀ ਬੈਂਕ ਵਿਚ ਜਾ ਕੇ ਡਰਾਫਟ ਬਣਵਾ ਲੈ ਸੌ-ਪੰਜਾਹ ਰੁਪਏ ਕਮੀਸ਼ਨ ਵਜੋਂ ਉਹ ਵੱਧ ਲੈਣਗੇ ਅਤੇ ਡਰਾਫਟ ਤਿਆਰ ਕਰ ਦੇਣਗੇ।'

ਮੈਂ ਉਸ ਦੇ ਕਦਮ ਆਤਮਨਿਰਭਰਤਾ ਵੱਲ ਮੋੜਦਿਆਂ ਕਿਹਾ। 'ਪਾਪਾ ਬੈਂਕ ਤਾਂ ਮੈਂ ਜਾ ਆਇਆ ਹਾਂ,ਪਰ ਉਹ ਪੰਜ ਰੁਪਏ ਪ੍ਰਤੀ ਹਜ਼ਾਰ ਦੇ ਹਿਸਾਬ ਚਾਰ ਸੌ ਪੰਜਾਹ ਰੁਪਏ ਕਮੀਸ਼ਨ ਦੇ ਰੂਪ ਵਿਚ ਮੰਗਦੇ ਹਨ।'

'ਪੁੱਤਰ ਦੇ ਮੂੰਹੋਂ ਕਮੀਸ਼ਨ ਦੀ ਮੋਟੀ ਰਕਮ ਸੁਣ ਕੇ ਇੱਕ ਜੋਰਦਾਰ ਝਟਕਾ ਧੀਰੇ ਸੇ ਲਗਾ ਜਿਹੜਾ ਬੈਂਕਾਂ ਦੀ ਕਮਾਊ ਪਹੁੰਚ ਬਾਬਤ ਗਿਆਤ ਕਰਵਾ ਗਿਆ।

. ਡਰਾਫਟ ਭਾਵੇਂ ਸੌ ਦਾ ਹੋਵੇ ਜਾਂ ਲੱਖ ਦਾ ਉਸ ਦਾ ਕਾਗਜ ਅਤੇ ਉਸ ਉਪਰ ਕੀਤੀ ਜਾਣ ਵਾਲੀ ਲਿਖਤੀ ਕਰਵਾਈ/ਸਿਆਹੀ ਤਕਰੀਬਨ ਬਰਾਬਰ ਦੀ ਰਹਿੰਦੀ ਹੈ ਪਰ ਕਮੀਸ਼ਨ ਦੇ ਰੂਪ ਵਿਚ ਗਾਹਕ ਦੀ ਜੇਬ੍ਹ 'ਤੇ ਭਾਰ,ਗੱਲ ਹੈ ਸਮਝ ਤੋਂ ਬਾਹਰ,ਪਰ ਰਾਣੀ ਨੂੰ ਕੌਣ ਕਹੇ ਕਿ .....।

. ਇਧਰ ਕਾਲਜ ਵਾਲਿਆਂ ਵਲੋਂ ਪੱਕੀ ਹਦਾਇਤ ਸੀ ਕਿ ਫੀਸ ਦੀ ਵਸੂਲੀ ਸਿਰਫ਼ ਤੇ ਸਿਰਫ ਬੈਂਕ ਡਰਾਫਟ ਰਾਹੀਂ ਹੀ ਕੀਤੀ ਜਾਵੇਗੀ। ਮਿਹਨਤ ਦੀ ਕਮਾਈ ਉਪਰ ਵੱਜਣ ਵਾਲੇ ਡਾਕੇ ਤੋਂ ਬਚਾਅ ਹਿੱਤ ਮੈਂ ਕਾਲਜ ਦੇ ਪ੍ਰਿੰਸੀਪਲ ਸਾਹਿਬ ਦੇ ਚਰਨਾਂ ਵਿਚ ਬੇਨਤੀ ਕੀਤੀ। ਆਪਣੇ ਅਤੇ ਕਾਲਜ ਦੇ ਬਾਕੀ ਵਿਦਿਆਰਥੀਆਂ ਦੀ ਆਰਥਿਕ ਪੀੜ ਨੂੰ ਬਿਆਨ ਕਰਦਿਆਂ ਮੈਂ ਉਨ੍ਹਾਂ ਨੂੰ ਕਿਹਾ ਕਿ ਜੇਕਰ ਕਾਲਜ ਵੱਲੋਂ ਇਹ ਫੀਸ ਆਨ ਲਾਈਨ ਜਾਂ ਚੈੱਕ ਦੇ ਰੂਪ ਵਿਚ ਲੈ ਲਈ ਜਾਵੇ ਤਾਂ ਕਾਲਜ ਦੇ ਪਾੜ੍ਹੇ-ਪਾੜ੍ਹੀਆਂ ਨੂੰ ਕਮੀਸ਼ਨ ਦੀ ਮਾਰ ਤੋਂ ਬਚਾਇਆ ਜਾ ਸਕਦਾ ਹੈ। ਪ੍ਰਿੰਸੀਪਲ ਸਾਹਿਬ ਸਿਧਾਂਤਕ ਰੂਪ ਵਿਚ ਤਾਂ ਸਹਿਮਤ ਹੋ ਗਏ ਪਰ ਅਮਲੀ ਰੂਪ ਦੇਣ ਲਈ ਉਨ੍ਹਾਂ ਨੇ ਕਾਲਜ ਦੇ ਕੈਸ਼ੀਅਰ ਸਾਹਿਬ ਦਾ ਕੁੰਡਾ ਖੜਕਾਉਣ ਲਈ ਕਹਿ ਦਿੱਤਾ। ਜਦੋਂ ਮੈਂ ਕੈਸ਼ੀਅਰ ਤੱਕ ਪਹੁੰਚ ਕੀਤੀ ਤਾਂ ਉਨ੍ਹਾਂ ਵੱਲੋਂ ਉੱਚ-ਅਧਿਕਾਰੀਆਂ (ਡਾਇਰੈਕਟੋਰੇਟ) ਵੱਲੋਂ ਅਜਿਹੀ ਆਗਿਆ ਨਾ ਹੋਣ ਦਾ ਕਹਿ ਕੇ ਆਪਣੇ ਹੱਥ ਖੜ੍ਹੇ ਕਰ ਲਏ।

. ਆਸ ਨੂੰ ਬੂਰ ਨਾ ਪੈਂਦਾ ਦੇਖ ਕੇ ਮੈਂ ਆਪਣੀ ਫਰਿਆਦ ਉੱਚ-ਅਧਿਕਾਰੀਆਂ ਦੇ ਕੰਨਾਂ ਤੱਕ ਪਹੁੰਚਾਉਣ ਬਾਰੇ ਸੋਚਿਆ ਅਤੇ ਇਸੇ ਸੋਚ ਤਹਿਤ ਉਸ ਦਫ਼ਤਰ ਵਿਚ ਫੋਨ ਕਰ ਦਿੱਤਾ ਜਿਥੋਂ ਸੂਬੇ ਦੀ ਸਮੁੱਚੀ ਮੈਡੀਕਲ ਸਿੱਖਿਆ ਅਤੇ ਖੋਜ ਸਬੰਧੀ ਸੰਚਾਲਨ ਕੀਤਾ ਜਾਂਦਾ ਹੈ। ਸਿਖਰ ਦਾ ਪੜਾਅ ਹੋਣ ਕਰਕੇ ਇਥੋਂ ਕਿਸੇ ਸੁਖਾਵੇਂ ਹੱਲ ਦੀ ਪੂਰਨ ਉਮੀਦ ਸੀ ਪਰ ਜਦੋਂ ਨਿਰਦੇਸ਼ਕ ਸਾਹਿਬ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਵੀ 'ਮੈਂ ਦੇਖ ਲੈਣਾ' ਕਹਿ ਕੇ ਦੂਜੀ-ਤੀਜੀ ਵਾਰ ਫੋਨ ਚੁੱਕਣਾ ਹੀ ਬੰਦ ਕਰ ਦਿੱਤਾ।

. ਆਪਣੇ ਪੁੱਤਰ ਅਤੇ ਉਸ ਦੇ ਵਰਗੇ ਬਹੁਤ ਸਾਰੇ ਹੋਰ ਵਿਦਿਆਰਥੀਆਂ ਉਪਰ ਕੋਈ ਰਹਿਮਤ ਨਾ ਹੁੰਦੀ ਦੇਖ ਕੇ ਮਨ ਡਾਢਾ ਦੁਖੀ ਹੋਇਆ ਪਰ ਹੌਂਸਲਾ ਨਾ ਹਾਰਦੇ ਹੋਏ ਮੈਂ ਆਪਣਾ ਰੁੱਖ ਲੋਕਾਂ ਦੇ ਪ੍ਰਤੀਨਿਧ ਦੇ ਤੌਰ 'ਤੇ ਜਾਣੇ ਜਾਂਦੇ ਮੌਜੂਦਾ ਸਿਹਤ ਮੰਤਰੀ ਸਾਹਿਬ ਦੇ ਦਫ਼ਤਰ ਵੱਲ ਕਰ ਲਿਆ। ਜਦੋਂ ਦਿੱਤੇ ਹੋਏ ਨੰਬਰ ਤੇ ਫੋਨ ਮਿਲਾਇਆ ਤਾਂ ਪੀ.ਏ ਸਾਹਿਬ ਨੇ ਫੋਨ ਉਠਾ ਲਿਆ। ਜਦੋਂ ਮੈਂ ਪੀ.ਏ ਸਾਹਿਬ ਨੂੰ ਆਪਣੀ ਵਿਥਿਆ ਸੁਣਾਈ ਤਾਂ ਉਨ੍ਹਾਂ ਨੇ ਪੁਛਿਆ ਕਿ ਕੀ ਮੈਂ ਮੰਤਰੀ ਸਾਹਿਬ ਦੇ ਹਲਕੇ ਤੋਂ ਬੋਲ ਰਿਹਾ ਹਾਂ।

. 'ਮੰਤਰੀ ਸਾਹਿਬ ਦੇ ਹਲਕੇ ਤੋਂ ਤਾਂ ਨਹੀਂ ਬੋਲ ਰਿਹਾ ਸਰ ਪਰ ਜਿਸ ਮੈਡੀਕਲ ਕਾਲਜ ਨਾਲ ਜੁੜੀ ਹੋਈ ਸਮੱਸਿਆ ਤੋਂ ਮੈਂ ਭਵਿੱਖ ਦੇ ਡਾਕਟਰਾਂ ਨੂੰ ਨਿਜਾਤ ਦਿਵਾਉਣੀ ਚਾਹੁੰਦਾ ਹਾਂ ਉਹ ਜ਼ਰੂਰ ਮੰਤਰੀ ਸਾਹਿਬ ਦੇ ਹਲਕੇ ਵਿਚ ਪੈਂਦਾ ਹੈ।'

. 'ਪਰ ਇਸ ਵਿਚ ਮੰਤਰੀ ਸਾਹਿਬ ਨੇ ਤਾਂ ਕੁੱਝ ਨਹੀਂ ਕਰਨਾ ਜੋ ਕੁੱਝ ਵੀ ਕਰਨਾ ਹੈ ਉਹ ਕਾਲਜ ਵਾਲਿਆਂ ਨੇ ਹੀ ਕਰਨਾ ਹੈ।'

. 'ਪਰ ਕਾਲਜ ਵਾਲੇ ਤਾਂ ਆਪਣੇ ਇੱਕ ਨੁਕਤੀ (ਡਰਾਫਟੀ ਭੁਗਤਾਨ) ਪ੍ਰੋਗਰਾਮ 'ਤੇ ਹੀ ਬਜਿੱਦ ਹਨ ਸਰ।'

. 'ਕੋਈ ਗੱਲ ਨਹੀਂ ਤੁਸੀਂ ਉਨ੍ਹਾਂ ਨੂੰ ਦੁਬਾਰਾ ਰਿਕਵੈਸਟ ਕਰਕੇ ਦੇਖ ਲਓ।' ਇਹ ਸਲਾਹ ਦੇ ਕੇ ਪੀ.ਏ. ਸਾਹਿਬ ਨੇ ਆਪਣਾ ਫੋਨ ਹੇਠਾਂ ਰੱਖ ਦਿੱਤਾ ਅਤੇ ਮੈਂ 'ਹੈਲੋ! ਹੈਲੋ!' ਕਰਦਾ ਹੀ ਰਹਿ ਗਿਆ।

. ਜਦੋਂ ਚਾਰੇ ਪਾਸਿਉਂ ਪਿੜ ਪੱਲੇ ਕੁੱਝ ਨਾ ਪਿਆ ਤਾਂ ਅਖੀਰ ਬੈਂਕ ਵਾਲਿਆਂ ਅੱਗੇ ਹਥਿਆਰ ਸੁੱਟ ਦਿੱਤੇ ਅਤੇ ਉਨ੍ਹਾਂ ਦੀ ਮਰਜ਼ੀ ਦਾ ਕਮੀਸ਼ਨ ਦੇ ਕੇ ਡਰਾਫਟ ਬਣਾ ਲਿਆ।

. ਕੌੜਾ ਘੁੱਟ ਕਰਕੇ ਕਾਲਜ (ਡਰਾਫ਼ਟੀ) ਦੀ ਫੀਸ ਤਾਂ ਤਾਰ ਦਿੱਤੀ ਪਰ ਸਾਡੇ ਸਰਵਣੀ-ਸਿਸਟਮ ਵਿਚ ਬਾਬੇ ਆਲਮ ਲੁਹਾਰ ਦਾ ਉਹ ਗੀਤ ਕਈ ਦਿਨਾਂ ਤੱਕ ਗੂੰਜਦਾ ਰਿਹਾ ਜਿਸ ਦੇ ਬੋਲ ਹਨ 'ਵਾਜ਼ਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ ਕਿਸੇ ਨੇ ਮੇਰੀ ਗੱਲ ਨਾ ਸੁਣੀ।' .

-0-

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ:

ਫਰੰਟੀਅਰ ਦੇ ਜ਼ਿਲ੍ਹਾ ਹਜ਼ਾਰਾ ਦੇ ਫ਼ਸਾਦ

ਕਬਾਇਲੀ ਹਮਲਾ ਅਤੇ ਫਿਰਕੂ ਫਸਾਦਾਂ ਦਾ ਭੜਕਣਾ

ਜ਼ਿਲ੍ਹਾ ਹਜ਼ਾਰਾ ਵਿਚ ਫ਼ਿਰਕੂ ਫ਼ਸਾਦਾਂ ਦੀ ਅੱਗ ਨੇ ਸੂਬਾ ਸਰਹੱਦ ਦੀ ਕਾਂਗਰਸ ਸਰਕਾਰ ਨੂੰ ਬਹੁਤ ਬਦਨਾਮ ਕੀਤਾ। ਜਦੋਂ ਤੋਂ ਸਰਹੱਦ ਵਿਚ ਕਾਂਗਰਸ ਸਰਕਾਰ ਬਣੀ ਸੀ ਉਸ ਵੇਲੇ (ਫ਼ਰਵਰੀ 1946) ਤੋਂ ਹੀ ਲੀਗੀ ਰੌਲਾ ਪਾ ਰਹੇ ਸਨ ਕਿ ਚੋਣਾਂ ਵਿਚ ਖ਼ੁਦਾਏ ਖ਼ਿਦਮਤਗਾਰ ਦੀ ਜਿੱਤ ਹਿੰਦੂਆਂ ਸਿੱਖਾਂ ਦੀ ਮਦਦ ਕਰਕੇ ਹੋਈ ਹੈ। ਆਰਜ਼ੀ ਸਰਕਾਰ ਬਣਾਉਣ ਪਿਛੋਂ ਲੀਗੀ ਪ੍ਰਾਪੇਗੰਡਾ ਕਰ ਰਹੇ ਸਨ ਕਿ ਵਜ਼ੀਰੀਆਂ ਤੇ 'ਬੰਬ' ਹਿੰਦੂ ਨਹਿਰੂ ਨੇ ਸੁਟਵਾਏ ਹਨ। ਅਕਤੂਬਰ 1946 ਵਿਚ ਨਹਿਰੂ ਜੀ ਨੇ ਸੂਬਾ ਸਰਹੱਦ ਵਿਚ ਜਾਣਾ ਸੀ। ਮੁਸਲਿਮ ਲੀਗ ਨੇ ਬੜਾ ਜ਼ੋਰਦਾਰ ਪ੍ਰਾਪੇਗੰਡਾ ਕੀਤਾ ਕਿ ਪੰਡਿਤ ਨਹਿਰੂ ਨੇ ਹੀ ਕਲਕੱਤੇ ਵਿਚ ਮੁਸਲਮਾਨਾਂ ਨੂੰ ਮਰਵਾਇਆ ਹੈ। ਇਸੇ ਹੀ ਸਮੇਂ ਪੀਰ ਮਾਣਕੀ ਸ਼ਰੀਫ਼ ਨੇ ਜਮਰੌਦ ਵਿਚ ਤਕਰੀਰ ਕਰਦਿਆਂ ਅਫ਼ਰੀਦੀਆਂ ਨੂੰ ਕਿਹਾ ਕਿ "ਜੇ ਮੁਸਲਮਾਨਾਂ ਦਾ ਕਾਤਲ ਖੈਬਰ ਏਜੰਸੀ ਵਿਚ ਆਇਆ ਤਾਂ ਉਸ ਨੂੰ ਜਿਊਂਦਾ ਵਾਪਸ ਨਹੀਂ ਜਾਣ ਦਿੱਤਾ ਜਾਵੇਗਾ। ਹਜ਼ਾਰਾਂ ਦੇ ਫ਼ਸਾਦ ਡਾਕਟਰ ਖ਼ਾਨ ਸਾਹਿਬ ਦੀ ਸਰਕਾਰ'ਤੇ ਇਕ ਧੱਬਾ ਸੀ, ਕਿਉਂਕਿ ਇਹ ਫ਼ਸਾਦ ਲੀਗੀਆਂ ਦੇ ਫ਼ਿਰਕੂ ਪ੍ਰਾਪੇਗੰਡੇ ਦਾ ਸਿੱਟਾ ਸਨ; ਪਰ ਸੂਬਾ ਸਰਹੱਦ ਦੀ ਸਰਕਾਰ ਨੇ ਇਸ ਸਪਸ਼ੱਟ ਗੱਲ ਨੂੰ ਵੀ ਝੁਠਿਆਉਣ ਦਾ ਯਤਨ ਕੀਤਾ ਤੇ ਕਿਹਾ ਕਿ ਉਘੀ ਤੇ ਬੱਟਲ ਦੇ ਫ਼ਸਾਦ ਫ਼ਿਰਕੂ ਨਹੀਂ, ਸਗੋਂ ਕਬਾਇਲੀਆਂ ਦੇ ਹਮਲੇ ਦਾ ਸਿੱਟਾ ਹਨ।

ਡਾਕਟਰ ਖ਼ਾਨ ਸਾਹਿਬ ਦੇ ਅਰਥ ਮੰਤਰੀ ਸ੍ਰੀ ਮਿਹਰ ਚੰਦ ਖੰਨਾ ਸਨ। ਹਿੰਦੂਆਂ ਤੇ ਸਿੱਖਾਂ ਦੇ ਪ੍ਰਤਿਨਿਧ ਹੋਣ ਕਰਕੇ ਉਹਨਾਂ 6 ਜਨਵਰੀ ਨੂੰ ਇਕ ਅਪੀਲ ਅਖ਼ਬਾਰਾਂ ਵਿਚ ਛਪਾਈ, ਜਿਸ ਵਿਚ ਉਹਨਾਂ ਹਜ਼ਾਰਾ ਵਿਚ ਫ਼ਸਾਦਾਂ ਦਾ ਕਾਰਨ ਦਸਦਿਆਂ ਇਹ ਸਪਸ਼ਟ ਕੀਤਾ ਕਿ ਮੁਸਲਿਮ ਲੀਗ ਦੀਆਂ ਬੇ-ਲਗਾਮ ਤੇ ਭੜਕਾਊ ਤਕਰੀਰਾਂ ਹਜ਼ਾਰੇ ਵਿਚ ਫ਼ਸਾਦਾਂ ਦਾ ਕਾਰਨ ਬਣੀਆਂ ਹਨ। ਬਿਹਾਰ ਦੇ ਫ਼ਿਰਕੂ ਫ਼ਸਾਦਾਂ ਦਾ ਹਾਲ ਬਹੁਤ ਵਧਾਅ ਚੜ੍ਹਾਅ ਕੇ ਦੱਸਿਆ ਹੈ ਤੇ ਕੁਰਾਨ ਸ਼ਰੀਫ਼ ਦੇ ਪਾੜੇ ਹੋਏ ਵਰਕੇ ਅਤੇ ਆਦਮੀਆਂ ਦੀਆਂ ਖੋਪਰੀਆਂ ਵਿਖਾ ਕੇ ਲੋਕਾਂ ਨੂੰ ਭੜਕਾਇਆ ਹੈ।

ਹਜ਼ਾਰਾ ਦੇ ਫ਼ਸਾਦਾਂ ਦੇ ਕਾਰਨਾਂ ਦਾ ਵੇਰਵਾ ਦੇਂਦਿਆਂ ਟ੍ਰਿਬਿਊਨ ਦੇ ਐਡੀਟਰ ਨੇ 10 ਜਨਵਰੀ 1947 ਨੂੰ ਲਿਖਿਆ ਕਿ ਹਜ਼ਾਰਾ ਦੇ ਅਫ਼ਸਰ ਅਤੇ ਪੁਲਿਸ ਕਾਂਗਰਸ ਦੇ ਵਿਰੋਧੀ ਤੇ ਮੁਸਲਿਮ ਲੀਗ ਦੇ ਹਿਮਾਇਤੀ ਹਨ। ਇਹ ਹੀ ਕਾਰਨ ਸੀ ਕਿ ਫ਼ਸਾਦ ਬਜਾਏ ਰੁਕਣ ਦੇ ਦਿਨ-ਬਦਿਨ ਤੇਜ਼ ਹੁੰਦੇ ਗਏ। ਜੇਕਰ ਇਹ ਫ਼ਸਾਦ ਕਬਾਇਲੀਆਂ ਦੇ ਹੱਲੇ ਕਰਕੇ ਹੁੰਦੇ ਤਾਂ ਥੋੜ੍ਹੇ ਚਿਰ ਵਿਚ ਖ਼ਤਮ ਹੋ ਜਾਂਦੇ, ਪਰ ਇਹ ਫ਼ਸਾਦ ਕਿਸੇ ਵਿਉਂਤ ਨਾਲ ਹੋ ਰਹੇ ਸਨ। ਇਸ ਲਈ ਇਹ ਜੰਗਲ ਦੀ ਅੱਗ ਵਾਂਗ ਦਿਨੋਂ ਦਿਨ ਵਧਦੇ ਗਏ ਅਤੇ ਐਬਟਾਬਾਦ ਦੀ ਤਹਿਸੀਲ ਵਿਚ ਵੀ ਸ਼ੁਰੂ ਹੋ ਗਏ। ਐਬਟਾਬਾਦ ਤੋਂ 28 ਮੀਲ ਤੇ ਬੱਕਟ ਥਾਣੇ ਅਧੀਨ ਪਟਨ ਕਲਾਂ ਨਗਰ ਤੇ ਮੁਸਲਮਾਨਾਂ ਨੇ ਹਮਲਾ ਕਰ ਦਿੱਤਾ। ਹਿੰਦੂਆਂ ਦੀਆਂ ਦੁਕਾਨਾਂ ਲੁੱਟ ਲਈਆਂ ਤੇ ਕਈਆਂ ਨੂੰ ਮੁਸਲਮਾਨ ਬਣਨ ਲਈ

ਮਜਬੂਰ ਕੀਤਾ। ਮਲਾਛ-ਹਜ਼ਾਰਾ ਵਿਚ ਫ਼ਸਾਦਾਂ ਦਾ ਦੂਜਾ ਵੱਡਾ ਕੇਂਦਰ ਮਲਾਛ ਸੀ, ਜਿਥੇ ਸਿੱਖ ਜ਼ਿਮੀਂਦਾਰਾਂ ਉਪਰ ਹੱਲਾ ਬੋਲ ਕੇ ਉਹਨਾਂ ਨੂੰ ਬੇ-ਘਰ ਕੀਤਾ ਗਿਆ। ਦਸੰਬਰ ਦੇ ਆਖ਼ਰੀ ਹਫ਼ਤੇ ਮੁਸਲਿਮ ਲੀਗੀਆਂ ਨੇ ਤਹਿਸੀਲ ਐਬਟਾਬਾਦ ਦੇ ਇਸ ਇਲਾਕੇ ਵਿੱਚੋਂ ਸਿਖ ਵੱਸੋਂ ਨੂੰ ਖ਼ਤਮ ਕਰਨਾ ਆਰੰਭ ਦਿੱਤਾ। ਇਸ ਇਲਾਕੇ ਵਿਚ ਸਿਖ ਹੀ ਜ਼ਮੀਨਾਂ ਦੇ ਮਾਲਕ ਸਨ। ਲੀਗੀਆਂ ਦਾ ਪ੍ਰਾਪੇਗੰਡਾ ਸੀ ਕਿ ਸਿੱਖਾਂ ਕੋਲੋਂ ਜ਼ਮੀਨਾਂ ਖੋਹ ਕੇ ਹੀ ਪਾਕਿਸਤਾਨ ਬਣ ਸਕਦਾ ਹੈ। ਸੂਬਾ ਸਰਹੱਦ ਦੇ ਕਾਂਗਰਸੀ ਮੁੱਖ ਮੰਤਰੀ ਡਾਕਟਰ ਖ਼ਾਨ ਸਾਹਿਬ ਨੇ ਆਪਣੇ 11 ਜਨਵਰੀ 1947 ਦੇ ਬਿਆਨ ਵਿਚ ਮਲਾਛ ਦੇ ਇਲਾਕੇ ਵਿਚ ਫ਼ਸਾਦਾਂ ਦੇ ਕਾਰਨਾਂ ਨੂੰ ਸਪਸ਼ਟ ਕਰਦਿਆਂ ਕਿਹਾ, "ਇਹ ਹਮਲਾ ਮੁਸਲਿਮ ਲੀਗ ਦੇ ਗਲਤ ਪ੍ਰਾਪੇਗੰਡੇ ਦਾ ਸਿੱਟਾ ਸੀ, ਜਿਸ ਰਾਹੀਂ ਦੱਸਿਆ ਗਿਆ ਸੀ ਕਿ ਸਿੱਖਾਂ ਕੋਲੋਂ ਜ਼ਮੀਨ ਜ਼ਬਰਦਸਤੀ ਖੋਹੀ ਜਾ ਸਕਦੀ ਹੈ। ਇਹ ਲੁੱਟ - ਮਾਰ ਦਾ ਖ਼ਿਆਲ ਹੋਰ ਵੱਖਰੇ ਤੇ ਇਕੱਲੇ ਇਕੱਲੇ ਪਿੰਡਾਂ 'ਤੇ ਹਮਲਾ ਕਰਨ ਤੇ ਘਰਾਂ ਨੂੰ ਅੱਗਾਂ ਲਾਉਣ ਦਾ ਕਾਰਨ ਬਣਿਆ।

24 ਦਸੰਬਰ 1946 ਨੂੰ ਧਣਕ ਪਿੰਡ ਦਾ ਰਹਿਣ ਵਾਲਾ ਭਾਈ ਕਾਹਨ ਸਿੰਘ ਆਪਣੇ ਸਹੁਰੇ, ਕਸਬਾ ਮਲਾਛ ਤੋਂ ਲੜਕੀ ਲੈਣ ਗਿਆ। ਜਦੋਂ ਉਹ ਆਪਣੇ ਸਾਲੇ ਲਹਿਣਾ ਸਿੰਘ ਅਤੇ ਲੜਕੀ ਬਲਬੀਰ ਕੌਰ ਨੂੰ ਨਾਲ ਲਈ ਆ ਰਿਹਾ ਸੀ ਤਾਂ ਦਸ ਕੁ ਮੁਸਲਮਾਨ ਸਮੁੰਦਰ ਨਦੀ ਕੋਲ ਮਿਲੇ ਪਰ ਅੱਗੇ ਲੰਘ ਗਏ; ਤੇ ਜਾ ਕੇ ਰਸਤੇ ਵਿਚ ਕਿਸੇ ਥਾਂ ਤੇ ਲੁਕ ਗਏ। ਜਦੋਂ ਇਹ ਤਿੰਨੇ ਜੀਅ ਉਥੋਂ ਲੰਘੇ ਤਾਂ ਇਹਨਾਂ ਉੱਤੇ ਹਮਲਾ ਕਰ ਕੇ ਤਿੰਨਾਂ ਨੂੰ ਮਾਰ ਦਿੱਤਾ।

ਇਸ ਭਿਆਨਕ ਸਾਕੇ ਨਾਲ ਇਲਾਕੇ ਦੇ ਹਿੰਦੂ ਸਿੱਖ ਬਹੁਤ ਭੈ-ਭੀਤ ਹੋ ਗਏ ਤੇ ਬਹੁਤ ਘਬਰਾ ਗਏ। ਤਹਿਸੀਲ ਐਬਟਾਬਾਦ ਵਿਚ ਹਿੰਦੂਆਂ ਸਿੱਖਾਂ ਉੱਤੇ ਹਮਲੇ ਦਾ ਆਰੰਭ ' ਹਵੇਲੀਆਂ ਤੇ ਪਿੰਡ ' ਮੋਹਰੀ ਵਡਭੈਣ 'ਤੋਂ ਹੋਇਆ। "ਹਵੇਲੀਆਂ ਟੈਕਸਿਲਾ - ਹਵੇਲੀਆਂ, ਗੱਡੀ ਦੀ ਲਾਈਨ ਤੇ ਆਖ਼ਰੀ ਸਟੇਸ਼ਨ ਸੀ। 28 ਦਸੰਬਰ 1946 ਨੂੰ ਕੁਝ ਕੁ ਹਜ਼ਾਰ ਮੁਸਲਮਾਨ ਨਾਅਰੇ ਲਾਉਂਦੇ ਹਵੇਲੀਆਂ" ਤੇ ਆ ਪਏ। ਵੇਲੇ ਸਿਰ ਖ਼ਬਰ ਹੋ ਜਾਣ ਕਰਕੇ ਅਤੇ ਮਿਲਟਰੀ ਪੁੱਜ ਜਾਣ ਕਾਰਨ ਹਜੂਮ ਖਿੰਡ ਪੁੰਡ ਗਿਆ। 28 ਦਸੰਬਰ 1946 ਨੂੰ ਹਵੇਲੀਆਂ ਤੋਂ ਕਾਫ਼ੀ ਹਿੰਦੂ ਸਿੱਖ ਪੰਜਾ ਸਾਹਿਬ, ਰਾਵਲਪਿੰਡੀ ਤੇ ਹੋਰ ਇਲਾਕਿਆਂ ਵਿਚ ਚਲੇ ਗਏ।

'ਮੋਹਰੀ ਵਡਭੈਣ' ਵਿਚ ਚਾਰ ਹਿੰਦੂਆਂ ਦੇ ਘਰ ਸਨ। ਜਿਸ ਵੇਲੇ ਇਥੇ ਹਮਲਾ ਹੋਇਆ ਤਾਂ ਉਹ ਕਹਿਣ ਲੱਗੇ ਕਿ ਇਹ ਹਮਲਾ ਕੇਵਲ ਸਿੱਖਾਂ ਨੂੰ ਮਾਰਨ ਲਈ ਹੀ ਹੋਇਆ ਹੈ, ਇਸ ਭੁਲੇਖੇ ਕਾਰਨ ਉਹ ਗੁਰਦੁਆਰੇ ਵਿਚ ਨਾ ਆਏ ਅਤੇ ਮਾਰੇ ਗਏ।

ਜਾਬੇ ਦੇ ਨਾਲ ਦਾ ਪਿੰਡ 'ਧਨਕ' ਸੀ। ਫੇਰ ਇਸ ਪਿੰਡ ਦੀ ਵਾਰੀ ਆ ਗਈ। ਇਥੇ ਮੁਸਲਮਾਨਾਂ ਨੇ ਸ਼ਾਮ ਦੇ ਚਾਰ ਵਜੇ ਹਮਲਾ ਕਰ ਦਿੱਤਾ। ਜਦੋਂ ਹਜੂਮ ਦੇ ਆਉਣ ਦਾ ਪਤਾ ਪਿੰਡ ਵਾਲਿਆਂ ਨੂੰ ਲੱਗਾ ਤਾਂ ਸਿਖ ਸਾਰੇ ਥਾਣੇ ਵਲ ਭੱਜੇ, ਜਿਹੜਾ ਉਥੋਂ ਪਹਾੜੀ 'ਤੇ ਦੋ ਤਿੰਨ ਮੀਲ ਤੇ ਸੀ। ਕੁਝ ਜੰਗਲ ਵਿਚ ਲੁਕ ਗਏ ਤੇ ਜਾਨ ਬਚਾਈ। ਜਿਹੜੇ ਥਾਣੇ ਪੁੱਜੇ, ਉਹ ਉਥੇ ਭੁੱਖੇ ਭਾਣੇ ਬੈਠੇ ਰਹੇ। ਜਦੋਂ ਸੁਪ੍ਰਿੰਟੈਂਡੈਂਟ ਪੁਲਿਸ ਐਬਟਾਬਾਦ ਤੋਂ ਆਇਆ ਤਾਂ ਉਹਨਾਂ ਨੂੰ ਨਾਲ ਲੈ ਗਏ। ਧਨਕ ' ਵਿੱਚੋਂ ਰਵੇਲ ਸਿੰਘ ਤੇ ਕਾਲਾ ਸਿੰਘ ਦੋਵੇਂ ਭਰਾ ਨਹੀਂ ਨਿਕਲ ਸਕੇ

ਸਨ ਤੇ ਉਹ ਹਮਲਾਵਰਾਂ ਦੇ ਕਾਬੂ ਆ ਗਏ। ਉਹਨਾਂ ਨੂੰ 'ਕੜਛਾ' ਪਿੰਡ ਦੀ ਮਸੀਤ ਵਿਚ ਲਿਜਾ ਕੇ ਮੁਸਲਮਾਨ ਬਣਨ ਲਈ ਕਿਹਾ ਗਿਆ ਪਰ ਗੁਰੂ ਕੇ ਸਿੰਘਾਂ ਨੇ ਇਨਕਾਰ ਕਰ ਦਿੱਤਾ। ਫੇਰ ਉਹ ਕਿਸੇ ਤਰੀਕੇ ਨਾਲ ਨੱਸ ਕੇ ਪਹਾੜੀ ਸਿੱਖਾਂ ਦੇ ਪਿੰਡ ਆ ਨਿਕਲੇ, ਪਰ ਇਥੇ ਸਿਖ ਅੱਗੇ ਹੀ ਪਿੰਡ ਖ਼ਾਲੀ ਕਰ ਕੇ ਚਲੇ ਗਏ ਸਨ। ਇਕ ਖ਼ਾਲੀ ਮਕਾਨ ਵਿਚ ਵੜ ਗਏ ਤੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ। ਹਮਲਾਵਰਾਂ ਨੇ ਦਰਵਾਜ਼ਾ ਭੰਨ ਦਿੱਤਾ ਤੇ ਕਾਲਾ ਸਿੰਘ ਨੂੰ ਬਰਛਾ ਮਾਰ ਕੇ ਸ਼ਹੀਦ ਕਰ ਦਿੱਤਾ ਤੇ ਉਸ ਦੇ ਭਰਾ ਰਵੇਲ ਸਿੰਘ ਨੂੰ ਬਾਹਰ ਖੇਤਾਂ ਵਿਚ ਲਿਜਾ ਕੇ ਕਤਲ ਕਰ ਦਿੱਤਾ।

ਧਨਕ ਦੇ ਨਾਲ ਲਗਦਾ ਪਿੰਡ ਮੁਹਾੜੀ ਸੀ। ਧਨਕ ਦੀ ਲੁੱਟ – ਮਾਰ ਕਰ ਕੇ ਹਜੂਮ ਮੁਹਾੜੀ ' ਤੇ ਜਾ ਪਿਆ। ਪਿੰਡਾਂ ਦੇ ਮੁਸਲਮਾਨਾਂ ਨੇ ਸਿੱਖਾਂ ਨੂੰ ਮੁਸਲਮਾਨ ਹੋਣ ਲਈ ਕਿਹਾ ਪਰ ਸਿਖ ਨਾ ਮੰਨੇ ਤਾਂ ਉਹਨਾਂ ਨੇ ਗੁਰਦੁਆਰੇ ਨੂੰ ਅੱਗ ਲਾ ਦਿੱਤੀ। ਕੁਝ ਸਿੰਘਾਂ ਨੇ ਟਾਕਰਾ ਕੀਤਾ, ਜਿਨ੍ਹਾਂ ਵਿਚ ਮਲਿਕ ਕਾਲਾ ਸਿੰਘ ਤੇ ਉਹਨਾਂ ਦੇ ਭਰਾ ਸਨ। ਇਹ ਬਹੁਤ ਬਹਾਦਰੀ ਨਾਲ ਲੜੇ ਤੇ ਕਈਆਂ ਹਮਲਾਵਰਾਂ ਨੂੰ ਮਾਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ।

'ਮਲਾਛ' ਤੋਂ ਮੀਲ ਕੁ ਦੀ ਵਿੱਥ ਤੇ ਤਹਿਸੀਲ 'ਐਬਟਾਬਾਦ' ਵਿਚ 'ਅਖਰੋਟਾ' ਨਾਮ ਦਾ ਇਕ ਘੁੱਗ ਵਸਦਾ ਪਿੰਡ ਸੀ। ਸਾਰੀ ਵਸੋਂ ਅੱਠ – ਨੌ ਸੌ ਦੀ ਸੀ, ਜਿਨ੍ਹਾਂ ਵਿਚ 150 ਦੇ ਕਰੀਬ ਸਿਖ ਸਨ। ਇਸ ਪਿੰਡ ਦਾ ਵਾਸੀ ਕਾਲਾ ਸਿੰਘ ਸਪੁੱਤਰ ਸ਼ੇਰ ਸਿੰਘ ਰੇਲਵੇ ਵਿਚ ਨੌਕਰ ਸੀ। 30 ਦਸੰਬਰ 1946 ਨੂੰ ਇਹ ਛੁੱਟੀ ਲੈ ਕੇ ਆਪਣੇ ਟੱਬਰ ਨੂੰ ਲੈਣ ਲਈ ਗਿਆ। ਰਸਤੇ ਵਿਚ 'ਦੀਵਾਨ' ਪਿੰਡ ਵਿਚ ਪੁਲਿਸ ਕਪਤਾਨ ਨੂੰ ਮਿਲਿਆ ਤੇ ਪੁਲਿਸ ਦੀ ਇਮਦਾਦ ਮੰਗੀ। ਇਮਦਾਦ ਲੈ ਕੇ ਜਦ 1 ਜਨਵਰੀ 1947 ਨੂੰ " ਅਖਰੋਟੇ ' ਪੁੱਜਾ ਤਾਂ ਅੱਗੇ ਮੋਹਰੀ ਵਡਭੈਣ ਦੇ ਮਕਾਨਾਂ ਨੂੰ ਅੱਗਾਂ ਲੱਗੀਆਂ ਦਿੱਸਦੀਆਂ ਸਨ। ਅਖਰੋਟੇ ' ਤੇ ਹਮਲਾ ਹੋਣ ਵਾਲਾ ਸੀ। ਦੋ ਤਾਰੀਖ਼ ਦਿਨ ਦੇ ਬਾਰਾਂ ਵਜੇ ਲਾਗਲੇ ਪਿੰਡਾਂ ਦੇ ਲੋਕਾਂ ਨੇ ਹਮਲਾ ਬੋਲ ਦਿੱਤਾ। ਪਿੰਡ ਦੇ ਸਾਰੇ ਹਿੰਦੂ ਸਿਖ, ਚਾਰ ਸਿਪਾਹੀਆਂ ਸਮੇਤ, ਜਿਹੜੇ ਕਾਲਾ ਸਿੰਘ ਦੇ ਨਾਲ ਆਏ ਸਨ, ਤੇਜਾ ਸਿੰਘ ਦੇ ਘਰ ਵਿਚ ਇਕੱਠੇ ਹੋ ਗਏ। ਸਾਰੇ ਬਾਲ ਬੱਚੇ ਤੇ ਜ਼ਨਾਨੀਆਂ ਰਾਮ ਸਿੰਘ ਦੇ ਘਰ ਇਕੱਠੀਆਂ ਕਰ ਦਿੱਤੀਆਂ। ਮੁਸਲਮਾਨਾਂ ਨੇ ਮਕਾਨਾਂ ਨੂੰ ਲੁੱਟਣਾ ਤੇ ਅੱਗਾਂ ਲਾਉਣੀਆਂ ਆਰੰਭ ਕਰ ਦਿੱਤੀਆਂ। ਰਾਤ ਦੇ ਨੌਂ ਵਜੇ ਤਕ ਹਿੰਦੂ ਸਿਖ ਮੁਕਾਬਲਾ ਕਰਦੇ ਰਹੇ ਤੇ ਗੋਲੀ ਦਾ ਜਵਾਬ ਗੋਲੀ ਵਿਚ ਦੇਂਦੇ ਰਹੇ। ਇਸੇ ਘਮਸਾਣ ਵਿਚ ਸਪੁੱਤਰ ਕਿਸ਼ਨ ਸਿੰਘ ਤੇ ਗੁਲਾਬ ਸਿੰਘ ਸਪੁੱਤਰ ਰਤਨ ਸਿੰਘ ਸ਼ਹੀਦੀਆਂ ਪਾ ਗਏ। ਸਿਆਲੇ ਦੀ ਰੁੱਤ ਸੀ, ਬਰਫ਼ ਪੈਣੀ ਆਰੰਭ ਹੋ ਗਈ ਤਾਂ ਹਮਲਾਵਰ ਨੱਸ ਗਏ।

"ਹਵੇਲੀ ਦੇ ਇਲਾਕੇ ਵਿਚ 'ਪਿੱਪਲ ਪਿੰਡ' ਤੇ ਸ਼ਾਮ ਦੇ ਪੰਜ ਵਜੇ ਕੋਈ 200 ਮੁਸਲਮਾਨਾਂ ਨੇ ਹੱਲਾ ਬੋਲ ਦਿੱਤਾ। ਹਿੰਦੂ ਤੇ ਸਿਖ ਬਾਲ ਬੱਚੇ ਸਮੇਤ ਨਾਲ ਦੇ ਪਹਾੜ 'ਤੇ ਚੜ੍ਹ ਗਏ ਤੇ ਰਾਤੋ ਰਾਤ 'ਹਵੇਲੀਆਂ' ਪੁੱਜਕੇ ਜਾਨ ਬਚਾਈ। ਉਹਨਾਂ ਦੇ ਘਰ ਮੁਸਲਮਾਨਾਂ ਨੇ ਲੁੱਟ ਲਏ ਤੇ ਘਰਾਂ ਨੂੰ ਅੱਗਾਂ ਲਾ ਦਿੱਤੀਆਂ। ਹਮਲਾਵਰਾਂ ਦਾ ਲੀਡਰ ਯਾਕੂਬ ਖ਼ਾ ਸੀ।

ਗੋਹੜਾ ਪਿੰਡ ਰੋਜ਼ੀਆਂ ਕੋਲ ਹੈ ਅਤੇ ' ਹਵੇਲੀਆਂ ' ਤੋਂ 6 ਮੀਲ ਦੂਰ ਹੈ। ਜਦੋਂ ਮੋਹਰੀ ਅਤੇ ਅਖਰੋਟੇ ਦੇ ਪਿੰਡ ਸੜ ਗਏ ਤਾਂ ਗੋਹੜੇ ਦੇ ਸਿਖ ਰਾਤੋ ਰਾਤ ਹਵੇਲੀਆਂ ਪੁੱਜ ਗਏ। ਬਾਕੀ ਜਿਹੜੇ ਰਹਿ ਗਏ ਸਨ, ਉਹਨਾਂ ਨੂੰ ਹਵੇਲੀਆਂ ਤੋਂ ਪੁਲਿਸ ਜਾ ਕੇ ਕੱਢ ਲਿਆਈ। ਇਸੇ ਤਰ੍ਹਾਂ ਜਦੋਂ ਧਨਕ ਪਿੰਡ ਲੁੱਟਿਆ ਤੇ ਸਾੜਿਆ ਗਿਆ ਓਦੋਂ ਪਿੰਡ ਕੜਛਾ ਦੀ ਹਿੰਦੂ ਸਿਖ ਵੱਸੋਂ ਨੇ ਆਪਣੇ ਬਾਲ ਬੱਚਿਆਂ ਨੂੰ ਪਹਾੜ ' ਤੇ ਚੜ੍ਹਾਅ ਦਿੱਤਾ ਤੇ ਮੁਸਲਮਾਨਾਂ ਨੇ ਪਿੰਡ ਲੁੱਟ ਲਿਆ, ਗੁਰਦੁਆਰਿਆਂ ਨੂੰ ਅੱਗਾਂ ਲਾ ਦਿੱਤੀਆਂ।

ਮਲਾਛ ਦੇ ਪਿੰਡਾਂ ਵਿਚ ਜ਼ਮੀਨਾਂ ਦੇ ਮਾਲਕ ਸਿੱਖ ਸਨ। ਮਲਾਛ ਦੇ ਇਲਾਕੇ ਵਿਚ ਸਿੱਖਾਂ ਦੇ ਪਿੰਡ ਧਰਾੜੀ, ਤਰਾਜੀ, ਜਾਸਾ, ਖੂਹੀ ਤੇ ਭਾਟਾ ਸਨ। ਤਰਾਜੀ ਤੇ ਜਾਸਾ ਦੇ ਸਿੰਘਾਂ ਨੇ ਤਿੰਨ ਦਿਨ ਹਮਲਾਵਰਾਂ ਦਾ ਟਾਕਰਾ ਕੀਤਾ ਤੇ ਅਖ਼ੀਰ ਡੀ.ਸੀ. ਦੇ ਆਉਣ ' ਤੇ ਇਹਨਾਂ ਪਿੰਡਾਂ ਦੇ ਸਿੱਖਾਂ ਨੂੰ ਕੱਢਿਆ ਗਿਆ।

ਪਿੰਡ ਭਾਟਾ ਵਿਚ ਬਹੁਤ ਭਿਆਨਕ ਸਾਕਾ ਹੋਇਆ। ਇਥੇ 2 ਜਨਵਰੀ 1947 ਨੂੰ ਹਮਲਾ ਹੋਇਆ, ਪਰ ਅਹਿਮਦ ਖ਼ਾਂ ਤੇ ਖ਼ਾਨ ਜ਼ਮਾਨ ਕੜਨਾਲ ਨੇ ਹਮਲਾਵਰਾਂ ਨੂੰ ਰੋਕ ਦਿੱਤਾ ਤੇ ਸਿੱਖਾਂ ਨੂੰ ਕਿਹਾ ਕਿ ਇਕ ਮਕਾਨ ਵਿਚ ਇਕੱਠੇ ਹੋ ਜਾਓ ਤਾਂ ਉਹ ਸਿੱਖਾਂ ਦੀ ਰਾਖੀ ਕਰਨਗੇ। ਸਿੱਖ ਓਥੇ ਇਕ ਮਕਾਨ ਵਿਚ ਇਕੱਠੇ ਹੋ ਗਏ, ਪਰ ਰਾਤੀਂ ਮੁਸਲਮਾਨਾਂ ਨੇ ਉਸ ਮਕਾਨ ਨੂੰ ਅੱਗ ਲਾ ਦਿੱਤੀ, ਜਿਸ ਵਿਚ ਸਿੱਖਾਂ ਨੂੰ ਇਕੱਠਾ ਕੀਤਾ ਗਿਆ ਸੀ। ਮਕਾਨ ਵਿਚ ਇਕ ਸੌ ਹਿੰਦੂ ਤੇ ਸਿਖ ਸਨ। ਬਾਹਰੋਂ ਅੱਗ ਲਗਾਉਣ ਪਿਛੋਂ ਛੱਤ ਪਾੜ ਕੇ ਮਿੱਟੀ ਦਾ ਤੇਲ ਸੁੱਟ ਕੇ ਅੰਦਰ ਵੀ ਅੱਗ ਲਾ ਦਿੱਤੀ। ਸਾਰੇ ਜਿਉਂਦੇ ਸਾੜ ਦਿੱਤੇ ਤੇ ਕਿਸੇ ਨੂੰ ਬਾਹਰ ਨਾ ਨਿਕਲਣ ਦਿੱਤਾ। ਬਾਰਾਂ ਸੁੰਦਰ ਲੜਕੀਆਂ ਨੂੰ ਫੜ ਕੇ ਲੈ ਗਏ। ਇਨ੍ਹਾਂ ਵਿੱਚੋਂ ਇਕ ਮੈਨਾਵੰਤੀ ਸਿਖ ਬੀਬੀ ਸੀ, ਜਿਸ ਦੇ ਕੁੱਛੜ ਇਕ ਵਰ੍ਹੇ ਦਾ ਬੱਚਾ ਸੀ। ਖ਼ਾਨ ਜ਼ਮਾਨ ਨੇ ਉਸ ਨੂੰ ਆਪਣੇ ਨਾਲ ਨਿਕਾਹ ਕਰਨ ਲਈ ਬੜਾ ਜ਼ੋਰ ਲਾਇਆ। ਸਿੰਘਣੀ ਹਤਿਆਰੇ ਦੇ ਪੰਜੇ ਵਿਚ ਫਸ ਗਈ। ਜਦ ਉਸ ਨੇ ਆਪਣਾ ਸਤਿ ਧਰਮ ਭੰਗ ਹੁੰਦਾ ਵੇਖਿਆ ਤਾਂ ਖ਼ਾਨ ਜ਼ਮਾਨ ਨੂੰ ਕਿਹਾ, " ਹੁਣ ਸਿੰਘ ਤਾਂ ਸੜ ਗਏ ਹਨ, ਮੈਂ ਕਿਥੇ ਜਾਣਾ ਹੈ ? ਕੇਵਲ ਮੈਂ ਇਕ ਵਾਰੀ ਉਸ ਜਗ੍ਹਾ ਨੂੰ ਵੇਖ ਆਵਾਂ ਜਿਥੇ ਸਿਖ ਬਲਦੀ ਅੱਗ ਵਿਚ ਸੜ ਰਹੇ ਹਨ, ਫੇਰ ਆ ਕੇ ਤੇਰੇ ਨਾਲ ਨਿਕਾਹ ਕਰ ਲਵਾਂਗੀ। " ਮੈਨਾਵੰਤੀ ਆਪਣੇ ਇਕ ਸਾਲ ਦੇ ਬੱਚੇ ਨੂੰ ਨਾਲ ਲੈ ਕੇ ਉਸ ਮਕਾਨ ਕੋਲ ਆਈ, ਜਿਥੇ ਸਿੰਘਾਂ ਤੇ ਹਿੰਦੂਆਂ ਦੇ ਸਰੀਰ ਸੜ ਰਹੇ ਸਨ। ਉਥੇ ਆ ਕੇ ਉਸ ਨੇ ਅੱਗ ਦੀਆਂ ਪ੍ਰਬਲ ਲਾਟਾਂ ਵਿਚ ਆਪਣੇ ਆਪ ਨੂੰ ਤੇ ਮਾਸੂਮ ਬੱਚੇ ਨੂੰ ਸੁੱਟ ਦਿੱਤਾ। ਵਾਹ ! ਕੈਸੀ ਸਿੱਖੀ ਨਿਭੀ ਤੇ ਸਤਿ ਧਰਮ ਬਚਾਇਆ। ਮੈਨਾਵੰਤੀ ਦੀ ਇਕ ਸਾਥਣ ' ਸੂਰਤੀ ' ਸੀ। ਉਸ ਦਾ ਪਤੀ ਤੇ ਲੜਕੀ ਸ਼ਹੀਦ ਹੋ ਗਏ ਤੇ ਉਸ ਨੇ ਬੜੀ ਮੁਸ਼ਕਲ ਨਾਲ ਜਾਨ ਬਚਾਈ। ਅੱਗ ਵਿਚ ਸੜਨ ਵਾਲਿਆਂ ਦੇ ਕੁਝ ਨਾਮ ਇਹ ਹਨ : ਬੂਟਾ ਸਿੰਘ ਪਰਵਾਰ, ਖੇਮ ਸਿੰਘ, ਸੰਤ ਸਿੰਘ, ਤੀਰਥ ਸਿੰਘ, ਕੇਹਰ ਸਿੰਘ, ਪ੍ਰੇਮ ਸਿੰਘ, ਕੇਸਰ ਕੌਰ ਤੇ ਉਹਨਾਂ ਦੇ ਪਰਵਾਰ।

ਇਸ ਇਲਾਕੇ ਦਾ ਸਭ ਤੋਂ ਉੱਘਾ ਨਗਰ ਨਥੀਆ ਗਲੀ ਤੇ ਦੂਨਾ ਗਲੀ ਵਿਚਕਾਰ ਸਥਿਤ ' ਮਲਾਛ ' ਸੀ। ਇਥੇ ਹਿੰਦੂਆਂ ਸਿੱਖਾਂ ਦੀ ਚੰਗੀ ਵਸੋਂ ਸੀ ਤੇ ਉਹਨਾਂ ਦੇ 400 ਦੇ ਕਰੀਬ ਘਰ ਸਨ। 2 ਜਨਵਰੀ 1947 ਨੂੰ ਮੁਸਲਮਾਨਾਂ ਨੇ ਪਿੰਡ ' ਤੇ ਹਮਲਾ ਕਰ ਦਿੱਤਾ। ਪਹਿਲਾਂ ਮਾਲ ਡੰਗਰਾਂ ਨੂੰ ਹਿਕ ਕੇ ਲੈ ਗਏ, ਫਿਰ ਘਰ ਲੁੱਟ ਲਏ ਤੇ ਅੱਗਾਂ ਲਾ ਦਿੱਤੀਆਂ। ਕਈ ਘਰਾਂ ਵਿੱਚੋਂ ਹਿੰਦੂਆਂ ਤੇ ਸਿੱਖਾਂ ਦੇ ਬਾਲ ਬੱਚਿਆਂ ਨੂੰ ਨਿਕਲਣ ਨਾ ਦਿੱਤਾ ਤੇ ਉਹਨਾਂ ਨੂੰ ਜਿਉਂਦਿਆਂ ਹੀ ਸਾੜ ਦਿੱਤਾ। ਭਾਈ ਅਰਜਨ ਸਿੰਘ ਤੇ ਉਸ ਦੇ ਭਰਾ ਬਲਦੇਵ ਸਿੰਘ ਦਾ ਸਾਰਾ ਪਰਵਾਰ ਅਗ ਵਿਚ ਭਸਮ ਹੋ ਗਿਆ। ਉਨ੍ਹਾਂ ਦੋਹਾਂ ਭਰਾਵਾਂ ਨੇ ਬਰਫ਼ ਤੇ ਸਫ਼ਰ ਕਰਕੇ ਜਾਨ ਬਚਾਈ। ਜਦੋਂ ਹੱਲਾ ਹੋਇਆ, ਇਹ ਦੋਨੋਂ ਘਰੋਂ ਬਾਹਰ ਸਨ। ਅਰਜਨ ਸਿੰਘ ਦੇ ਛੇ ਪੁੱਤਰ, ਇਸਤ੍ਰੀ ਤੇ ਇਸਦੇ ਭਰਾ ਦੇ ਬੱਚੇ ਤੇ ਇਸਤ੍ਰੀ ਅਤੇ ਇਸ ਦੇ ਚਾਚੇ ਦੇ ਸਾਰੇ ਪਰਵਾਰ ਨੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਮਲਾਛ ਵਿਚ ਸਰਦਾਰ ਰਾਜਾ ਸਿੰਘ ਦੇ ਟੱਬਰ ਦੇ 27 ਜੀਅ ਸ਼ਹੀਦ ਹੋਏ, ਜਿਨ੍ਹਾਂ ਵਿਚ ਉਸਦੀ ਮਾਂ, ਸੁਪਤਨੀ, ਤਿੰਨ ਭਰਾ ਤੇ ਉਨ੍ਹਾਂ ਦੀ ਸੁਪਤਨੀਆਂ ਅਤੇ 19 ਬੱਚੇ ਸ਼ਾਮਲ ਸਨ। ਰਾਜਾ ਸਿੰਘ ਪਿੰਡ ' ਤੇ ਹੋਣ ਵਾਲੇ ਹਮਲੇ ਦੀ ਖ਼ਬਰ ਦੇਣ ਲਈ ਥਾਣੇ ਗਏ ਸਨ। ਆਉਂਦਿਆਂ ਭਾਣਾ ਵਰਤ ਗਿਆ ਤੇ ਉਨ੍ਹਾਂ ਇਹ ਖ਼ੂਨੀ ਸਾਕਾ ਅੱਖੀਂ ਦੇਖਿਆ।

ਜਦੋਂ ਹਜ਼ਾਰਾ ਜ਼ਿਲ੍ਹੇ ਦੇ ਪਹਾੜੀ ਇਲਾਕੇ ਦੀ ਸਿੱਖ ਹਿੰਦੂ ਵੱਸੋਂ ਨੂੰ ਖ਼ਤਮ ਕੀਤਾ ਜਾ ਚੁੱਕਾ ਸੀ, ਬੇਗੁਨਾਹ ਲੋਕਾਂ ਦੇ ਖ਼ੂਨ ਦੀਆਂ ਨਦੀਆਂ ਵਗ ਚੁੱਕੀਆਂ ਸਨ ਤਾਂ 4 ਜਨਵਰੀ 1947 ਨੂੰ ਸਾਰੇ ਜ਼ਿਲ੍ਹੇ ਵਿਚ ਮਾਰਸ਼ਲ ਲਾਅ ਲਾ ਦਿੱਤਾ ਗਿਆ ਤੇ ਥਾਂ ਥਾਂ ' ਤੇ ਫ਼ੌਜ ਨਿਯੁਕਤ ਕਰ ਦਿੱਤੀ, ਜਿਸ ਨਾਲ ਕੁਝ ਸਮੇਂ ਲਈ ਫ਼ਸਾਦ ਰੁਕ ਗਏ।

(...ਚੱਲਦਾ)

84 ਦਾ ਘੱਲੂਘਾਰਾ

-ਪਰਵਿੰਦਰ ਕੌਰ ਸੁੱਖ

ਘੱਲੂਘਾਰਾ 84 ਦਾ ਹੋਣ ਲੱਗਾ
ਦਿਲੀਓ ਆਈਆਂ ਫੌਜਾ ਭਾਰੀਆਂ ਸੀ
ਹਥਿਆਰਾਂ ਨਾਲ ਸੀ ਫੌਜ ਨੇ ਭਰ ਲਈਆਂ
ਆਪਣੀਆਂ ਸਭ ਫੌਜੀ ਲਾਰੀਆਂ ਸੀ
ਅਕਾਲ ਤਖਤ ਵਿਚ ਸੀ ਸਿੰਘ ਬੈਠੇ
ਕਰਕੇ ਆਪਣੀਆਂ ਖੂਬ ਤਿਆਰੀਆਂ ਸੀ
ਇੰਦਰਾ ਗਾਂਧੀ ਦਾ ਸੁਣ ਆਦੇਸ਼ ਉਦੋਂ
ਫੌਜਾਂ ਪੰਜਾਬ ਵੱਲ ਵਧੀਆ ਸਾਰੀਆਂ ਸੀ
3 ਜੂਨ ਦਾ ਜਦੋਂ ਸੀ ਦਿਨ ਆਇਆ
ਅਕਾਲ ਤਖਤ 'ਤੇ ਫੌਜਾਂ ਚਾੜੀਆਂ ਸੀ
ਫੌਜ ਵੜੀ ਜਦੋਂ ਸੀ ਤਖਤ ਅੰਦਰ
ਸਿੰਘਾਂ ਨੇ ਗੋਲੀਆਂ ਚੁਣ ਚੁਣ ਮਾਰੀਆਂ ਸੀ
ਬਿਜਲੀ ਪਾਣੀ ਗੁਰੂ ਘਰ ਦਾ ਬੰਦ ਕੀਤਾ
ਰੂਹਾਂ ਬੈਠੀਆਂ ਪਿਆਸੀਆਂ ਸਾਰੀਆਂ ਸੀ
ਤੋਪਾਂ ਟੈਂਕਾਂ ਨਾਲ ਫੌਜ ਨੇ ਵਾਰ ਕਰਕੇ
ਅਕਾਲ ਤਖਤ ਦੀਆਂ ਇੱਟਾਂ ਖਿਲਾਰੀਆਂ ਸੀ
ਮੋਹਨ ਸਿੰਘ ਕੀਤੀ ਕੁਰਬਾਨ ਜ਼ਿੰਦਗੀ ਸੀ
ਧੀਆਂ ਚੁੱਕ ਚੁੱਕ ਟੈਂਕਾ ਦੇ ਉੱਤੇ ਮਾਰੀਆਂ ਸੀ
ਟੈਂਕ ਉਡਾ ਦਿਤੇ ਫੌਜਾਂ ਦੇ, ਮੋਹਨ ਸਿੰਘ ਨੇ
ਦਿੱਤੀਆਂ ਕੁਰਬਾਨੀਆਂ ਪਰਿਵਾਰ ਨੇ ਭਾਰੀਆਂ ਸੀ
ਸਣੇ ਬੂਟਾਂ ਦੇ ਵੜੇ ਤਖਤ ਸਾਹਿਬ ਅੰਦਰ
ਬੇਅਦਬੀਆਂ ਕੀਤੀਆਂ ਫੌਜ ਨੇ ਭਾਰੀਆਂ ਸੀ
ਕੇ.ਐੱਸ ਬਰਾੜ ਨੇ ਦਿੱਤੇ ਸੀ ਹੁਕਮ ਬਹੁਤੇ,
ਵਾਰੀ ਵਾਰੀ ਫੌਜਾਂ ਅੰਦਰ ਵਾੜੀਆ ਸੀ
ਜਨਰਲ ਸੁਬੇਗ ਸਿੰਘ ਬੈਠਾ ਸੀ ਘਾਤ ਲਾ ਕੇ
ਚੁਣ ਚੁਣ ਕੇ ਫੌਜਾਂ ਮਾਰੀਆਂ ਸੀ
ਪਾਣੀ ਵਾਲੀ ਸੀ ਟੈਂਕੀ ਫੌਜ ਨੇ ਤੋੜ ਸੁੱਟੀ
ਰੂਹਾਂ ਪਾਣੀ ਚ ਲਾਵਦੀਆਂ ਤਾਰੀਆਂ ਸੀ
ਸ਼ਹੀਦੀ ਦਿਹਾੜਾ ਮਨਾਉਣ ਲਈ ਸੀ ਚੱਲ ਆਈਆਂ
ਸੰਗਤਾਂ ਬਹੁਤ ਭਾਰੀਆਂ ਸੀ
ਫੌਜਾਂ ਕੀਤਾ ਨਾ ਤਰਸ ਸੀ ਭੋਰਾ ਉਥੇ
ਗੋਲੀਆਂ ਨਾਲ ਹੈ ਸੰਗਤਾਂ ਮਾਰੀਆਂ ਸੀ
ਲਹੂ ਨਾਲ ਸੀ ਪਰਕਰਮਾ ਲਾਲ ਹੋ ਗਈ
ਰੋਂਦੇ ਬੱਚਿਆਂ ਦੀਆਂ ਸੁਣਨ ਕਿਲਕਾਰੀਆਂ ਸੀ
ਤੋਪਾਂ ਟੈਂਕਾ ਨਾਲ ਫੌਜ ਨੇ ਵਾਰ ਕੀਤਾ
ਛੱਡੇ ਬੱਚੇ ਬੁੱਢੇ ਨਾ ਨਾਰੀਆਂ ਸੀ
ਕਰਫਿਊ ਲਾ ਦਿੱਤਾ ਸਾਰੇ ਪੰਜਾਬ ਵਿੱਚ
ਡੱਕੀਆ ਘਰਾਂ 'ਚ ਸੰਗਤਾਂ ਸਾਰੀਆਂ ਸੀ
ਗੋਦ ਚੋਂ ਖੋਹਕੇ ਮਾਵਾਂ ਦੇ ਲਾਲ ਫੌਜਾਂ
ਮਾਵਾਂ ਸਾਹਮਣੇ ਗੋਲੀਆਂ ਮਾਰੀਆਂ ਜੀ
ਦੁੱਧ ਪਾਣੀ ਨੂੰ ਵਿਲਕਦੇ ਰਹੇ ਬੱਚੇ
ਫੌਜਾਂ ਨੇ ਥਾਂ-ਥਾਂ ਲੋਥਾਂ ਖਿਲਾਰੀਆਂ ਸੀ
ਸੰਤ ਜਰਨੈਲ ਸਿੰਘ ਡਟ ਕੇ ਖੂਬ ਲੜੇ
ਅੰਤ ਪਾਈ ਸ਼ਹੀਦੀਆਂ ਭਾਰੀਆਂ ਸੀ
ਬੱਚੇ, ਸਿੰਘ ਜਿਹੜੇ ਲੈ ਗਈ ਫੌਜ ਫੜ੍ਹ ਕੇ
ਜੇਲਾਂ ਭਰ ਦਿੱਤੀਆਂ ਸਾਰੀਆਂ ਸੀ
ਸਿੰਘਾਂ ਨਾਲ ਨਾ ਕਿਸੇ ਨੇ ਘੱਟ ਕੀਤੀ
ਜਵਾਨੀਆਂ ਜੇਲ੍ਹਾਂ ਵਿਚ ਗੁਜਾਰੀਆਂ ਸੀ
ਨੀਲਾ ਤਾਰਾ ਸਾਕਾ ਕਦੇ ਨਹੀਂ ਭੁੱਲ ਸਕਦਾ
ਬਣੀਆਂ ਦਿਲਾਂ 'ਚ ਜਖਮੀ ਕਿਆਰੀਆਂ ਸੀ
'ਪਰਵਿੰਦਰ' ਮਾਰ ਨਾ ਕਦੇ ਵੀ ਸਿੰਘ ਖਾਂਦੇ
ਜੇ ਨਾ ਕਰਦੇ ਕਈ ਗਦਾਰੀਆ ਸੀ। -0-

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਗਿਆਨੀ ਕੇਵਲ ਸਿੰਘ ਨਿਰਦੋਸ਼ 604-860-0555

ਪੰਜਵੇਂ ਪਾਤਸ਼ਾਹ ਸ਼ਹਿਰ ਲਾਹੌਰ ਅੰਦਰ,
ਤੱਤੀ ਤਵੀ'ਤੇ ਚੌਕੜਾ ਲਾਈ ਬੈਠੇ।
ਬਲਣ ਲੱਕੜਾਂ ਭੱਠੀ'ਚੋਂ ਸੇਕ ਆਵੇ,
ਜ਼ਾਲਮ ਕਹਿਰ ਦੀ ਅੱਗ ਮਚਾਈ ਬੈਠੇ।
ਚੰਦ ਚੰਦੂ ਦੇ ਚੰਦਰੇ ਚਤਰ ਸਾਥੀ,
ਚੰਦਰੀ ਮਨਾ ਵਿੱਚ ਬਣਤ ਬਣਾਈ ਬੈਠੇ।
ਮਨ ਜਿਨ੍ਹਾਂ ਦੇ ਹੋਏ ਮਨੂਰ ਸੜ ਕੇ,
ਵਾਂਗ ਕਿਰਲਿਆਂ ਧੌਣਾਂ ਅਕੜਾਈ ਬੈਠੇ।
ਜਿਹੜਾ ਪਿਆਰ ਮੁਹੱਬਤਾਂ ਵੰਡਦਾ ਏ,
ਨਾਲ ਓਸੇ ਦੇ ਨਫ਼ਰਤਾਂ ਪਾਈ ਬੈਠੇ।
ਫੁਕਣ ਵਾਸਤੇ ਅਮਨ ਦੇ ਆਲ੍ਹਣੇ ਨੂੰ,
ਹੱਥਾਂ ਵਿੱਚ ਚੁਆਤੀਆਂ ਚਾਈ ਬੈਠੇ।
ਚੰਦੂ ਆਖਦਾ ਮੁਰਤਜ਼ਾ ਖ਼ਾਨ ਤਾਈਂ,
ਅਰਜਨ ਗੁਰੂ ਨੂੰ ਸਬਕ ਸਿਖਾਲਣਾ ਮੈਂ।
ਮੇਰੀ ਧੀ ਦਾ ਮੋੜਿਆ ਸਾਕ ਉਸਨੇ,
ਮਜ਼ਾ ਏਸਦਾ ਉਹਨੂੰ ਚਖਾਲਣਾ ਮੈਂ।
ਮਨ ਉਬਲਦਾ ਮੇਰਾ ਤਦ ਸ਼ਾਂਤ ਹੋਣਾ,
ਜਦੋਂ ਦੇਗ ਦੇ ਵਿੱਚ ਉਬਾਲਣਾ ਮੈਂ।
ਹਰੀ ਮੰਦਰ ਵਿੱਚ ਗੱਦੀ 'ਤੇ ਬੈਠਦਾ ਜੋ,
ਤੱਤੀ ਤਵੀ 'ਤੇ ਉਹਨੂੰ ਬਹਾਲਣਾ ਮੈਂ।
ਉਹਨੇ ਖੁਸਰੋ ਦੇ ਮੱਥੇ'ਤੇ ਤਿਲਕ ਲਾ ਕੇ,
ਡੇਰੇ ਆਪਣੇ ਵਿੱਚ ਪਨਾਹ ਦਿੱਤੀ।
ਮੰਨੀ ਈਨ ਨਾ ਬਾਦਸ਼ਾਹ ਪਿਤਾ ਦੀ ਤੂੰ,
ਬਾਗ਼ੀ ਪੁੱਤ ਦੇ ਤਾਈਂ ਸਲਾਹ ਦਿੱਤੀ।
ਜਿਹੜੀ ਸ਼ੇਖ਼ ਸਰਹੰਦੀ ਨੇ ਚਾਲ ਚੱਲੀ,
ਉਹਦਾ ਸਾਥ ਦੇ ਅਸੀਂ ਪੁਗਾ ਦਿੱਤੀ।
ਆਪ ਨਿਕਲੇ ਮੱਖਣ'ਚੋਂ ਵਾਲ ਵਾਗੂੰ,
ਜਹਾਂਗੀਰ ਨਾਲ ਕੁੰਡੀ ਅੜਾ ਦਿੱਤੀ।
ਐਪਰ ਸਬਰ ਤੇ ਜ਼ਬਰ ਦੀ ਜੰਗ ਵਿਚੋਂ,
ਗੁਰੂ ਜਿੱਤਿਆ ਬਾਦਸ਼ਾਹ ਹਾਰਿਆ ਏ।
ਜਹਾਂਗੀਰ ਤੇ ਚੰਦੂ ਨੂੰ ਜੱਗ ਅੰਦਰ,
ਰੱਜ ਰੱਜ ਕੇ ਗਿਆ ਫਿਟਕਾਰਿਆ ਏ।
ਹੱਕ ਸੱਚ ਲਈ ਜਿਹੜਾ ਕੁਰਬਾਨ ਹੋਵੇ,
ਸਦਾ ਲੋਕਾਂ ਨੇ ਉਹਨੂੰ ਸਤਿਕਾਰਿਆ ਏ।
ਅਮਰ ਰਹਿਣ 'ਨਿਰਦੋਸ਼' ਇਤਿਹਾਸ ਅੰਦਰ,
ਆਪਾ ਜਿਨ੍ਹਾਂ ਅਸੂਲ ਲਈ ਵਾਰਿਆ ਏ। -0-

ਕੱਟੀ ਚੱਲੀ ਸੀ ਚੌਰਾਸੀ

-ਐਸ.ਪੀ. ਬਲਰਾਜ ਸਿੰਘ ਪੰਡੋਰੀ ਸਿੱਧਵਾਂ 9501100062

ਸਾਡੇ ਦੇਸ਼ ਵਿੱਚ ਸਾਧਾਂ, ਬਾਬਿਆਂ ਅਤੇ ਤਾਂਤਰਿਕਾਂ ਕੋਲ ਲੋਕਾਂ ਨੂੰ ਬੇਵਕੂਫ ਬਣਾਉਣ ਦਾ ਸਭ ਤੋਂ ਵੱਡਾ ਹਥਿਆਰ ਹੈ ਚੌਰਾਸੀ ਕੱਟਣ ਦਾ ਝਾਂਸਾ ਦੇਣਾ। ਜਿਸ ਵਿਅਕਤੀ ਨੇ ਸਾਰੀ ਉਮਰ ਭੁੱਖ ਨੰਗ ਨਾਲ ਘੁਲਦਿਆਂ, ਔਲਾਦ ਤੋਂ ਬੇਇੱਜ਼ਤੀ ਕਰਵਾਉਂਦਿਆਂ ਜਾਂ ਹੋਰ ਦੁੱਖਾਂ ਬਿਮਾਰੀਆਂ ਨਾਲ ਲੜਦਿਆਂ ਕੱਟੀ ਹੋਵੇ, ਉਹ ਵੀ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿੱਚ ਪੈਣ ਦੀ ਬਜਾਏ ਸ਼ਾਰਟ ਕੱਟ ਨਾਲ ਦੁਬਾਰਾ ਮਨੁੱਖਾ ਜਨਮ ਲੈਣ ਲਈ ਤਤਪਰ ਹੋਇਆ ਪਿਆ ਹੈ। ਵੈਸੇ ਚੌਰਾਸੀ ਲੱਖ ਜੂਨਾਂ ਵਿੱਚ ਸਿਰਫ ਭਾਰਤੀ ਹੀ ਪੈਂਦੇ ਹਨ, ਬਾਕੀ ਧਰਮਾਂ ਦੀ ਫਿਲਾਸਫੀ ਵਿੱਚ ਅਜਿਹਾ ਕੋਈ ਵਿਸ਼ਵਾਸ਼ ਨਹੀਂ ਹੈ ਤੇ ਨਾ ਹੀ ਉਹ ਕਰਮ ਸਿਧਾਂਤ ਜਾਂ ਪੁਨਰ ਜਨਮ ਨੂੰ ਮੰਨਦੇ ਹਨ। ਸਾਡੇ ਇਥੇ ਕੋਈ ਨਾ ਕੋਈ ਅਜਿਹਾ ਅਲੌਕਿਕ ਬੱਚਾ ਪੈਦਾ ਹੁੰਦਾ ਹੀ ਰਹਿੰਦਾ ਹੈ ਜੋ ਆਪਣੇ ਪਿਛਲੇ ਜਨਮ ਬਾਰੇ ਜਾਣਦਾ ਹੈ। ਮਿੰਟਾਂ ਵਿੱਚ ਮੱਥਾ ਟੇਕਣ ਵਾਲਿਆਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ, ਭਾਵੇਂ ਉਹ ਵਿਚਾਰਾ ਮਾਨਸਿਕ ਰੋਗੀ ਹੀ ਕਿਉਂ ਨਾ ਹੋਵੇ। ਹੈਰਾਨੀ ਵਾਲੀ ਗੱਲ ਹੈ ਕਿ ਬੱਚੇ ਦਾ ਪਿਛਲਾ ਜਨਮ ਵੀ ਉਸੇ ਦੀ ਭਾਸ਼ਾ ਬੋਲਣ ਵਾਲੇ ਕਿਸੇ ਨੇੜੇ ਤੇੜੇ ਰਹਿਣ ਵਾਲੇ ਪਰਿਵਾਰ ਵਿੱਚ ਹੀ ਹੋਇਆ ਹੁੰਦਾ ਹੈ।

ਹਿੰਦੀ ਜਾਂ ਪੰਜਾਬੀ ਭਾਸ਼ੀ ਬੱਚਾ ਕਦੇ ਵੀ ਪਿਛਲੇ ਜਨਮ ਵਿੱਚ ਕੰਨੜ ਜਾਂ ਤੈਲਗੂ ਪਰਿਵਾਰ ਵਿੱਚ ਪੈਦਾ ਨਹੀਂ ਹੋਇਆ ਹੁੰਦਾ, ਕਿਉਂਕਿ ਵਿਚਾਰੇ ਨੂੰ ਉਹ ਭਾਸ਼ਾ ਸਮਝ ਨਹੀਂ ਸੀ ਆਉਣੀ। ਵੈਸੇ ਭਾਰਤ ਦੁਨੀਆਂ ਦਾ ਇੱਕੋ ਇੱਕ ਅਜਿਹਾ ਦੇਸ਼ ਹੈ ਜਿੱਥੇ ਮੂਤ ਪੀਤਾ ਜਾਂਦਾ ਹੈ, ਘਿਉ ਅੱਗ ਵਿੱਚ ਸਾੜਿਆ ਜਾਂਦਾ ਹੈ ਤੇ ਦੁੱਧ ਪੱਥਰਾਂ 'ਤੇ ਵਹਾਇਆ ਜਾਂਦਾ ਹੈ।

ਕੀ ਸੱਚ ਵਿੱਚ ਚੌਰਾਸੀ ਲੱਖ ਜੂਨ ਹੁੰਦੀ ਹੈ? ਜੇ ਹੁੰਦੀ ਹੈ ਤਾਂ ਕੀ ਇਹ ਸਿਰਫ ਭਾਰਤੀਆਂ ਵਾਸਤੇ ਰਿਜ਼ਰਵ ਹੈ ਜਾਂ ਪੱਛਮੀ ਦੇਸ਼ਾਂ ਦੇ ਲੋਕ ਵੀ ਮਰਨ ਤੋਂ ਬਾਅਦ ਇਸ ਚੱਕਰ ਵਿੱਚ ਪੈਂਦੇ ਹਨ? ਵੈਸੇ ਚੌਰਾਸੀ ਲੱਖ ਜੂਨ ਬਾਰੇ ਸਾਡੇ ਸਿਆਣਿਆਂ ਦਾ ਅੰਦਾਜ਼ਾ ਕਰੀਬ ਕਰੀਬ ਠੀਕ ਹੈ। ਸੰਸਾਰ ਵਿੱਚ ਧਰਤੀ ਅਤੇ ਪਾਣੀ ਦੇ ਜੀਵ ਮਿਲਾ ਕੇ ਹੁਣ ਤੱਕ ਕੁੱਲ 87 ਲੱਖ ਕਿਸਮਾਂ ਲੱਭੀਆਂ ਜਾ ਚੁੱਕੀਆਂ ਹਨ। ਇਹਨਾਂ ਵਿੱਚੋਂ 65 ਲੱਖ ਧਰਤੀ ਅਤੇ 22 ਲੱਖ ਪਾਣੀ ਵਿੱਚ ਨਿਵਾਸ ਕਰਦੇ ਹਨ। ਕਈਆਂ ਦੀ ਜ਼ਿੰਦਗੀ ਕੁਝ ਦਿਨਾਂ ਦੀ ਅਤੇ ਕੁਝ ਸੈਂਕੜੇ ਸਾਲ ਤੱਕ ਜ਼ਿੰਦਾ ਰਹਿੰਦੇ ਹਨ। ਧਰਤੀ ਉੱਪਰ ਸਭ ਤੋਂ ਘੱਟ ਸਮਾਂ ਜਿਉਣ ਵਾਲਾ ਜਾਨਵਰ ਮੇਫਲਾਈ ਨਾਮਕ ਕੀਟ ਹੈ ਜੋ ਚੌਵੀ ਘੰਟਿਆਂ ਵਿੱਚ ਹੀ ਆਪਣਾ ਜੀਵਨ ਚੱਕਰ ਪੂਰਾ ਕਰ ਲੈਂਦਾ ਹੈ ਤੇ ਸਭ ਤੋਂ ਤੋਂ ਲੰਬਾ ਜਿਉਣ ਵਾਲੇ ਸੀਸ਼ੈਲਸ ਨਸਲ ਦੇ ਸਮੁੰਦਰੀ ਕੱਛੂ ਹਨ ਜਿਹਨਾਂ ਦੀ ਉਮਰ 190 ਸਾਲ ਤੱਕ ਹੋ ਸਕਦੀ ਹੈ। ਪਾਣੀ ਵਿੱਚ ਸਭ ਤੋਂ ਘੱਟ ਉਮਰ ਜਿਉਣ ਵਾਲਾ ਗੈਸਟਰੋਟਰਿੱਚ ਨਾਮਕ ਇੱਕ ਸੂਖਮ ਜੀਵ ਹੈ ਜੋ ਕੁਝ ਘੰਟੇ ਹੀ ਜਿਊਂਦਾ ਹੈ ਤੇ ਸਭ ਤੋਂ ਲੰਬਾ ਸਮਾਂ ਜਿਉਣ ਵਾਲੀ ਬੋਹੈੱਡ ਵਹੇਲ ਮੱਛੀ ਹੈ ਜੋ 200 ਸਾਲ ਤੱਕ ਉਮਰ ਭੋਗਦੀ ਹੈ। ਜੇ ਇਹਨਾਂ ਵੱਧ ਘੱਟ ਜਿਊਣ ਵਾਲੇ ਸਾਰੇ ਜਾਨਵਰਾਂ ਦੀ ਔਸਤ ਉਮਰ ਦੋ ਸਾਲ ਮੰਨ ਲਈਏ ਤਾਂ ਸੱਤਾਸੀ ਲੱਖ ਜੂਨਾਂ ਮੁਕੰਮਲ ਕਰਨ ਲਈ ਇੱਕ ਆਤਮਾ ਨੂੰ ਘੱਟੋ ਘੱਟ 174 ਲੱਖ ਸਾਲ ਚਾਹੀਦੇ ਹਨ। ਧਰਤੀ ਉੱਪਰ ਥਣਧਾਰੀ ਜੀਵ 21 ਲੱਖ ਸਾਲ ਅਤੇ ਸਮਝਦਾਰ ਮਨੁੱਖ 2-3 ਲੱਖ ਸਾਲ ਪਹਿਲਾਂ ਪੈਦਾ ਹੋਏ ਸਨ। ਇਸ ਹਿਸਾਬ ਨਾਲ ਅਜੇ ਤਾਂ ਚੌਰਾਸੀ ਦਾ ਪਹਿਲਾ ਚੱਕਰ ਹੀ ਨਹੀਂ ਪੂਰਾ ਹੋਇਆ, ਕਿਉਂਕਿ ਸਿਆਣਿਆਂ ਮੁਤਾਬਕ ਚੌਰਾਸੀ ਲੱਖ ਜੂਨ ਕੱਟ ਕੇ ਹੀ ਇਨਸਾਨੀ ਜਾਮਾ ਮਿਲਦਾ ਹੈ। ਮਨੁੱਖੀ ਜਾਮਾ 174 ਲੱਖ ਸਾਲ ਬਾਅਦ ਮਿਲਣਾ ਚਾਹੀਦਾ ਸੀ ਪਰ ਇਨਸਾਨਾਂ ਨੂੰ ਤਾਂ ਇਹ ਥਣਧਾਰੀ ਜੀਵਾਂ ਦੇ ਪੈਦਾ ਹੋਣ ਤੋਂ 19 ਲੱਖ ਸਾਲ ਬਾਅਦ ਹੀ ਪ੍ਰਾਪਤ ਹੋ ਗਿਆ। ਇਸ ਲਈ ਦੁਬਾਰਾ ਇਨਸਾਨੀ ਜਾਮਾ ਧਾਰਨ ਕਰਨ ਲਈ ਮਰਨ ਤੋਂ ਬਾਅਦ ਸਾਨੂੰ 174 ਲੱਖ ਸਾਲ ਹੋਰ ਇੰਤਜ਼ਾਰ ਕਰਨਾ ਪਏਗਾ। ਪਰ ਲੱਗਦਾ ਹੈ ਕਿ ਬਹੁਤਿਆਂ ਨੂੰ ਦੁਬਾਰਾ ਜਨਮ ਕਿਸੇ ਹੋਰ ਗ੍ਰਹਿ 'ਤੇ ਲੈਣਾ ਪਏਗਾ, ਕਿਉਂਕਿ ਧਰਤੀ ਦੇ ਜੋ ਹਾਲਾਤ ਅਸੀਂ ਪ੍ਰਦੂਸ਼ਣ ਨਾਲ ਕਰ ਦਿੱਤੇ ਹਨ, ਤਦ ਤੱਕ ਇਹ ਵੈਸੇ ਹੀ ਤਬਾਹ ਹੋ ਜਾਣੀ ਹੈ।

ਅੱਜ ਤੋਂ ਤਕਰੀਬਨ 45-46 ਸਾਲ ਪਹਿਲਾਂ ਦੀ ਗੱਲ ਹੈ, ਹਰਿਮੰਦਰ ਸਾਹਿਬ (ਅੰਮ੍ਰਿਤਸਰ) ਵਿਖੇ ਸਰੋਵਰ ਦੀ ਸਫਾਈ ਵਾਸਤੇ ਕਾਰ ਸੇਵਾ ਚੱਲ ਰਹੀ ਸੀ। ਗਾਰ ਕਾਫੀ ਹੱਦ ਤੱਕ ਸਾਫ ਹੋ ਚੁੱਕੀ ਸੀ ਪਰ ਸਰੋਵਰ ਵਿੱਚ ਅਜੇ ਦੁਬਾਰਾ ਪਾਣੀ ਨਹੀਂ ਸੀ ਭਰਿਆ ਗਿਆ। ਪਾਣੀ ਸੁੱਕਣ ਕਾਰਨ ਦਰਬਾਰ ਸਾਹਿਬ ਦਾ ਪਾਣੀ ਹੇਠਲਾ ਹਿੱਸਾ ਦਿਸਣ ਲੱਗ ਪਿਆ ਸੀ। ਪੁਰਾਤਨ ਕਾਰੀਗਰਾਂ ਨੇ ਦਰਬਾਰ ਸਾਹਿਬ ਦੀ ਉਸਾਰੀ ਕਰਦੇ ਸਮੇਂ ਇਸ ਹੇਠਲੇ ਹਿੱਸੇ ਵਿੱਚ ਸੁਰੰਗਾਂ ਵਰਗਾ ਸਿਸਟਮ ਬਣਾਇਆ ਹੋਇਆ ਸੀ ਤਾਂ ਜੋ ਪਾਣੀ ਅਸਾਨੀ ਨਾਲ ਆਰ ਪਾਰ ਜਾਂਦਾ ਰਹੇ। ਜਦੋਂ ਉਹ ਸੁਰੰਗਾਂ ਵੀ ਨੰਗੀਆਂ ਹੋ ਗਈਆਂ ਤਾਂ ਕੁਝ ਵਹਿਮੀਆਂ ਨੇ ਰੌਲਾ ਮਚਾ ਦਿੱਤਾ ਕਿ ਜੋ ਵੀ ਵਿਅਕਤੀ ਇਹਨਾਂ ਸੁਰੰਗਾਂ ਵਿੱਚੋਂ ਗੁਜ਼ਰਦਾ ਹੈ, ਉਸ ਦੀ ਚੌਰਾਸੀ ਕੱਟੀ ਜਾਂਦੀ ਹੈ।

ਚਿੱਕੜ ਕਾਰਨ ਸੁਰੰਗਾਂ ਵਿੱਚੋਂ ਗੁਜ਼ਰਨਾ ਔਖਾ ਸੀ ਤੇ ਰਸਤਾ ਬਹੁਤ ਭੀੜਾ ਸੀ, ਪਰ ਚੌਰਾਸੀ ਕੱਟਣ ਦੇ ਚਾਹਵਾਨ ਧੜਾਧੜ ਲੰਘ ਰਹੇ ਸਨ। ਮੈਂ ਉਦੋਂ 8-10 ਸਾਲ ਦਾ ਸੀ ਤੇ ਮਾਤਾ ਜੀ ਨਾਲ ਪਰਿਕਰਮਾ ਵਿੱਚ ਬੈਠਾ ਹੋਇਆ ਚੌਰਾਸੀ ਕੱਟਣ ਲਈ ਭੀੜ ਘਟਣ ਦਾ ਇੰਤਜ਼ਾਰ ਕਰ ਰਿਹਾ ਸੀ। ਕੁਦਰਤੀ ਮੇਰਾ ਧਿਆਨ ਇੱਕ ਨੌਜਵਾਨ ਔਰਤ ਵੱਲ ਗਿਆ ਜੋ ਆਪਣੀ ਬਜ਼ੁਰਗ ਸੱਸ ਸਮੇਤ, 6-7 ਮਹੀਨੇ ਦੇ ਦੁੱਧ ਚੁੰਘਦੇ ਬੱਚੇ ਨੂੰ ਕੁੱਛੜ ਚੁੱਕੀ ਘਿਸਰ ਘਿਸਰ ਕੇ ਭੀੜੇ ਰਸਤੇ ਤੋਂ ਚੌਰਾਸੀ ਕੱਟੂ ਸੁਰੰਗ ਵੱਲ ਵਧ ਰਹੀ ਸੀ। ਅਚਾਨਕ ਬੱਚਾ ਉੱਛਲਿਆ ਤੇ ਮਾਂ ਹੱਥੋਂ ਛੁੱਟ ਕੇ ਹੇਠਾਂ ਇੱਕ ਖੱਡੇ ਵਿੱਚ ਖੜ੍ਹੇ ਪਾਣੀ ਵਿੱਚ ਡਿੱਗ ਕੇ ਗੋਤੇ ਖਾਣ ਲੱਗਿਆ। ਔਰਤਾਂ ਉਸ ਦੇ ਪਿੱਛੇ ਛਾਲ ਮਾਰਨ ਦੀ ਬਜਾਏ ਉੱਚੀ ਉੱਚੀ ਚੀਕਾਂ ਮਾਰ ਕੇ ਬਚਾਉ ਬਚਾਉ ਪੁਕਾਰਨ ਲੱਗ ਪਈਆਂ। ਥੋੜ੍ਹੀ ਹੀ ਦੂਰ ਗਾਰ ਕੱਢ ਰਹੇ ਕਾਰ ਸੇਵਕਾਂ ਨੇ ਭੱਜ ਕੇ ਬੱਚੇ ਨੂੰ ਮਰਨੋਂ ਬਚਾਇਆ ਤੇ ਚੁੱਕ ਕੇ ਮਾਂ ਦੇ ਹਵਾਲੇ ਕੀਤਾ। ਸਾਰਿਆਂ ਨੇ ਉਹਨਾਂ ਔਰਤਾਂ ਨੂੰ ਫਿਟਕਾਰਾਂ ਪਾਈਆਂ ਕਿ ਤੁਹਾਡੀ ਤਾਂ ਅੱਜ ਚੌਰਾਸੀ ਕੱਟੀ ਚੱਲੀ ਸੀ, ਬੱਚਾ ਵੀ ਮਰਵਾ ਬਹਿਣਾ ਸੀ ਤੇ ਘਰਦਿਆਂ ਕੋਲੋਂ ਜਿਹੜੀ ਸੇਵਾ ਹੋਣੀ ਸੀ ਉਹ ਅਲੱਗ। ਵਿਚਾਰੀਆਂ ਸ਼ਰਮਸ਼ਾਰ ਹੋਈਆਂ ਬੱਚੇ ਨੂੰ ਗਲ ਨਾਲ ਘੁੱਟ ਕੇ ਉਥੋਂ ਹੀ ਵਾਪਸ ਮੁੜ ਗਈਆਂ। ਉਹਨਾਂ ਦੀ ਹਾਲਤ ਵੇਖ ਕੇ ਡਰੇ ਹੋਏ ਮੇਰੀ ਮਾਤਾ ਤੇ ਮੈਂ ਬਿਨਾਂ ਚੌਰਾਸੀ ਕੱਟੇ ਹੀ ਵਾਪਸ ਆ ਗਏ। -0-

ਮੈਂ ਸਵਰਗ ਜਾਣੈ

-ਡਾ. ਹਰਸ਼ਿੰਦਰ ਕੌਰ, ਐਮ. ਡੀ.,
0175-2216783

ਜਦੋਂ ਉਸਦਾ ਵਿਆਹ ਹੋਇਆ ਸੀ ਤਾਂ ਸਭ ਕਹਿੰਦੇ ਸਨ ਕਿ ਉਹ ਬਹੁਤ ਸਾਊ ਕੁੜੀ ਸੀ। ਸਹੁਰੇ ਘਰ ਜਾਂਦੇ ਸਾਰ ਉਸ ਨੇ ਸਭ ਦਾ ਮਨ ਮੋਹ ਲਿਆ ਸੀ। ਆਂਢੀ-ਗੁਆਂਢੀ ਵੀ ਉਸ ਦੀ ਸਿਫ਼ਤ ਕਰਦੇ ਨਹੀਂ ਸੀ ਥੱਕਦੇ। ਉਸ ਨੇ ਕਦੇ ਕਿਸੇ ਨਾਲ ਉੱਚਾ ਨਹੀਂ ਸੀ ਬੋਲਿਆ। ਸਭ ਦੀ ਹਰਮਨ ਪਿਆਰੀ ਹੋਣ ਸਦਕਾ ਜਦੋਂ ਉਸ ਘਰ ਪਹਿਲਾ ਪੁੱਤਰ ਜੰਮਿਆ ਤਾਂ ਸਾਰੀ ਕਲੋਨੀ ਹੀ ਵਧਾਈ ਦੇਣ ਪਹੁੰਚੀ। ਸਭ ਨੂੰ ਉਹ ਇੱਕੋ ਗੱਲ ਕਹਿੰਦੀ ਰਹੀ, ''ਚਲੋ ਮੇਰੇ ਸਵਰਗ ਜਾਣ ਦਾ ਰਾਹ ਖੁੱਲ ਗਿਆ।'' ਜਦੋਂ ਉਸ ਕੋਲੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਆਪਣੀ ਮਾਂ ਦੀ ਗੱਲ ਸੁਣਾਈ ਕਿ ਉਸ ਦੀ ਮਾਂ ਹਮੇਸ਼ਾ ਇਹੀ ਕਹਿੰਦੀ ਹੁੰਦੀ ਸੀ-ਮੇਰਾ ਪੁੱਤਰ ਹੀ ਮੇਰੀ ਚਿਤਾ ਨੂੰ ਅੱਗ ਲਾਏਗਾ, ਤਾਂ ਹੀ ਮੇਰਾ ਸਵਰਗ ਜਾਣ ਦਾ ਰਾਹ ਖੁੱਲੇਗਾ। ਸਾਰੇ ਉਸ ਦੀ ਗੱਲ ਸੁਣ ਕੇ ਮਜ਼ਾਕ ਉਡਾਉਣ ਲੱਗ ਪਏ ਕਿ ਕਿਹੜਾ ਸਵਰਗ ਤੇ ਕਿਹੜਾ ਨਰਕ! ਇਹ ਪੁਰਾਣੇ ਸਮੇਂ ਦੀਆਂ ਗੱਲਾਂ ਹਨ। ਅੱਜ ਕੱਲ ਕੌਣ ਇਸ ਨੂੰ ਮੰਨਦਾ ਹੈ। ਹੁਣ ਤਾਂ ਕੁੜੀਆਂ ਵੀ ਚਿਤਾ ਨੂੰ ਅੱਗ ਲਾ ਦਿੰਦੀਆਂ ਹਨ।

ਉਸ ਦੀ ਸੱਸ ਨੂੰ ਇਹ ਗੱਲ ਸੁਣ ਕੇ ਬੜਾ ਮਾੜਾ ਲੱਗਿਆ ਕਿ ਏਨੀ ਖ਼ੁਸ਼ੀ ਦੇ ਮੌਕੇ ਮਰਨ ਦੀਆਂ ਗੱਲਾਂ ਕਿਉਂ ਕੀਤੀਆਂ ਜਾ ਰਹੀਆਂ ਹਨ? ਕੁੜੀ ਹੋਵੇ ਭਾਵੇਂ ਮੁੰਡਾ, ਸਿਹਤਮੰਦ ਤੇ ਬੀਬਾ ਹੋਣਾ ਚਾਹੀਦਾ ਹੈ।

ਸਮਾਂ ਲੰਘਿਆ ਤਾਂ ਉਸ ਦੇ ਇੱਕ ਹੋਰ ਮੁੰਡਾ ਤੇ ਇਕ ਕੁੜੀ ਵੀ ਜੰਮ ਪਏ। ਤਿੰਨੋ ਬੱਚੇ ਬੜੇ ਆਗਿਆਕਾਰੀ ਸਨ। ਪਰ, ਉਹ ਵੀ ਤਾਂ ਸਭ ਤੇ ਜਾਨ ਛਿੜਕਦੀ ਸੀ। ਪੂਰੇ ਮੁਹੱਲੇ ਵਿਚ ਕਿਸੇ ਨੂੰ ਲੋੜ ਹੁੰਦੀ ਤਾਂ ਸਭ ਤੋਂ ਪਹਿਲਾਂ ਉਸੇ ਕੋਲ ਪਹੁੰਚਦੇ ਤੇ ਉਹ ਵਿੱਤੋਂ ਬਾਹਰ ਜਾ ਕੇ ਹਰ ਕਿਸੇ ਦੀ ਮਦਦ ਕਰਦੀ।

ਸਭ ਕਹਿੰਦੇ ਕਿ ਇਸ ਨੇ ਤਾਂ ਮੋਤੀ ਦਾਨ ਕੀਤੇ ਹੋਣੇ ਹਨ ਜੋ ਏਨਾ ਵਧੀਆ ਟੱਬਰ ਮਿਲਿਆ ਹੈ। ਬੱਚੇ ਵੀ ਹੌਲੀ-ਹੌਲੀ ਜਵਾਨ ਹੋਣ ਲੱਗੇ ਤੇ ਹਰ ਮਾਮਲੇ 'ਚ ਮਾਂ ਦੀ ਸਲਾਹ ਲੈਂਦੇ। ਕਾਰੋਬਾਰ ਚੰਗਾ ਚੱਲ ਪਿਆ ਸੀ। ਹੌਲੀ-ਹੌਲੀ ਤਿੰਨਾਂ ਦਾ ਵਿਆਹ ਵੀ ਹੋ ਗਿਆ। ਮਾਂ ਰਤਾ ਵਿਹਲੀ ਹੋ ਗਈ ਤਾਂ ਸਮਾਜਿਕ ਕੰਮਾਂ ਵੱਲ ਧਿਆਨ ਦੇਣ ਲੱਗੀ। ਉਸ ਦੀ ਇਕ ਬਚਪਨ ਦੀ ਸਹੇਲੀ ਲਾਵਾਰਿਸ ਲਾਸ਼ਾਂ ਨੂੰ ਚਿਤਾ ਦੇਣ ਦਾ ਕੰਮ ਕਰਦੀ ਸੀ। ਉਸ ਨੇ ਵੀ ਉਸ ਕੰਮ ਵਿਚ ਸਾਥ ਦੇਣ ਬਾਰੇ ਸੋਚਿਆ ਤਾਂ ਸਾਰੇ ਟੱਬਰ ਨੇ ਵਿਰੋਧ ਕੀਤਾ ਕਿ ਇਹ ਤਾਂ ਬਹੁਤ ਹੀ ਮਾੜਾ ਕੰਮ ਹੈ। ਪਤਾ ਨਹੀਂ ਕਿਸ ਕਿਸ ਦੀ ਅਣਪਛਾਤੀ ਲਾਵਾਰਿਸ ਲਾਸ਼ ਢੋਅ ਕੇ ਲਿਜਾਉਂਦੀ ਹੋਵੇਗੀ! ਇਹ ਕੰਮ ਤਾਂ ਕਿਸੇ ਹਾਲ ਨਹੀਂ ਕਰਨਾ!

ਫੇਰ ਉਸ ਘਰ ਪਹਿਲਾ ਪੋਤਰਾ ਆਇਆ। ਉਸ ਦਿਨ ਉਹ ਫੇਰ ਬੋਲ ਪਈ, "ਹੁਣ ਤਾਂ ਸਵਰਗ ਜਾਣਾ ਪੱਕਾ ਹੋ ਗਿਆ। ਪੁੱਤਰ ਤੇ ਪੋਤਰਾ, ਦੋਵੇਂ ਰਲ ਕੇ ਮੇਰੀ ਚਿਤਾ ਨੂੰ ਅੱਗ ਲਾਉਣਗੇ। ਇਹ ਤਾਂ ਕਿਸਮਤ ਵਾਲਿਆਂ ਨੂੰ ਨਸੀਬ ਹੁੰਦਾ ਹੈ।"

ਸਾਰੇ ਫਿਰ ਉਸ ਨੂੰ ਕੁੱਦ ਕੇ ਪੈ ਗਏ ਕਿ ਏਨੇ ਸ਼ੁਭ ਮੌਕੇ ਉੱਤੇ ਕਿਉਂ ਮਰਨ ਦੀਆਂ ਗੱਲਾਂ ਕਰਦੀ ਹੈਂ? ਉਹ ਵਿਚਾਰੀ ਸਭ ਦਾ ਕਿਹਾ ਮੰਨ ਕੇ ਚੁੱਪ ਹੋ ਗਈ ਪਰ ਕਦੇ ਕਦਾਈਂ ਰਬ ਦਾ ਸ਼ੁਕਰ ਕਰਦੀ ਫਿਰ ਉਸ ਦੇ ਮੂੰਹੋਂ ਨਿਕਲ ਹੀ ਜਾਂਦਾ, ''ਵਿਚਾਰੇ ਕਿੰਨੇ ਬਦਨਸੀਬ ਹੁੰਦੇ ਹਨ ਜਿਨ੍ਹਾਂ ਦੀ ਚਿਤਾ ਨੂੰ ਕੋਈ ਅੱਗ ਲਾਉਣ ਵਾਲਾ ਵੀ ਨਹੀਂ ਹੁੰਦਾ। ਮੇਰਾ ਦਿਲ ਉਨ੍ਹਾਂ ਲਈ ਬੜਾ ਤੜਫਦੈ। ਮੇਰੇ ਉੱਤੇ ਤਾਂ ਰਬ ਨੇ ਏਨੀ ਮਿਹਰ ਕੀਤੀ ਹੈ ਕਿ ਕਈ ਜਨਮਾਂ ਤੱਕ ਸ਼ੁਕਰ ਕਰਦੀ ਰਹਾਂ ਤਾਂ ਵੀ ਘੱਟ ਹੈ!

ਇਕ ਦਿਨ ਛੋਟਾ ਮੁੰਡਾ ਬਹਿਸ ਕਰਨ ਲੱਗ ਪਿਆ, ''ਮੰਮੀ ਤੂੰ ਕਿਉਂ ਸਵਰਗ ਨਰਕ ਦੀ ਰੱਟ ਲਾਉਂਦੀ ਰਹਿੰਦੀ ਹੈਂ? ਭਰਿਆ ਪੂਰਾ ਘਰ ਹੈ। ਆਰਾਮ ਨਾਲ ਬਹਿ। ਤੇਰੀ ਸੇਵਾ ਕਰਨ ਨੂੰ ਦੋ-ਦੋ ਨੂੰਹਾਂ ਹਨ।''

ਉਸ ਬੜੇ ਤਰਲੇ ਲਏ ਪਰ ਕਿਸੇ ਨੇ ਉਸ ਨੂੰ ਆਪਣੀ ਸਹੇਲੀ, ਜੋ ਲਾਵਾਰਿਸ ਲਾਸ਼ਾਂ ਸਾਂਭਦੀ ਸੀ, ਨੂੰ ਮਿਲਣ ਨਾ ਦਿੱਤਾ ਕਿ ਖ਼ੌਰੇ ਉਸ ਨੂੰ ਮਿਲ ਕੇ ਉਸ ਨਾਲ ਕੰਮ ਨਾ ਕਰਨ ਲੱਗ ਜਾਵੇ।

ਨਿੱਕੇ ਪੋਤਰੇ ਨਾਲ ਦਿਨ-ਰਾਤ ਜਾਗ ਕੇ, ਬਾਹਰ ਘੁਮਾਉਂਦਿਆਂ, ਉਸ ਨੂੰ ਖੁਆਉਂਦਿਆਂ ਪਤਾ ਹੀ ਨਹੀਂ ਲੱਗਿਆ ਕਦੋਂ ਵਕਤ ਲੰਘ ਗਿਆ। ਫੇਰ ਦੂਜੇ ਪੁੱਤਰ ਦੇ ਘਰ ਧੀ ਜੰਮ ਪਈ। ਘਰ ਰੌਣਕਾਂ ਨਾਲ ਭਰ ਗਿਆ। ਸਾਰੇ ਇਕੱਠੇ ਘੁੰਮਣ ਲੰਘ ਜਾਂਦੇ ਤਾਂ ਪੋਤਰਾ ਪੋਤਰੀ ਦਾਦੀ ਕੋਲ ਛੱਡ ਜਾਂਦੇ। ਉਹ ਵੀ ਇਨ੍ਹਾਂ ਨੂੰ ਸਾਂਭਦੀ ਭੁੱਲ ਹੀ ਜਾਂਦੀ ਕਿ ਉਸ ਦੇ ਪਤੀ ਨੂੰ ਮਰਿਆਂ 8 ਸਾਲ ਲੰਘ ਚੁੱਕੇ ਸਨ।

ਪੁੱਤਰਾਂ ਨੇ ਨਵਾਂ ਬਿਜ਼ਨੈਸ ਖੋਲ੍ਹਣ ਦੀ ਗੱਲ ਕੀਤੀ ਤਾਂ ਉਸ ਨੇ ਸਾਰੀ ਜਮਾਂ ਪੂੰਜੀ ਉਨ੍ਹਾਂ ਨੂੰ ਦੇ ਦਿੱਤੀ ਤੇ ਆਪ ਸਵੇਰੇ ਸ਼ਾਮ ਰਬ ਦੀ ਭਗਤੀ 'ਚ ਸਮਾਂ ਬਿਤਾਉਣ ਲੱਗ ਪਈ। ਬਾਕੀ ਸਾਰਾ ਦਿਨ ਤਾਂ ਪੋਤਰੇ ਪੋਤਰੀ ਨੂੰ ਸਾਂਭਦਿਆਂ ਹੀ ਲੰਘ ਜਾਂਦਾ ਸੀ!

ਇੱਕ ਦਿਨ ਛੋਟਾ ਪੁੱਤਰ ਆਪਣੀ ਵਹੁਟੀ ਨਾਲ ਘਰ ਮੁੜਿਆ ਤਾਂ ਉਸ ਨੇ ਬਰਾਂਡੇ ਵਿਚ ਆਪਣੀ ਮਾਂ ਨੂੰ ਬੱਚਿਆਂ ਨਾਲ ਗੱਲ ਕਰਦਿਆਂ ਸੁਣ ਲਿਆ, "ਮੈਨੂੰ ਤਾਂ ਤੁਹਾਡਾ ਦਾਦਾ ਯਾਦ ਕਰਦਾ ਪਿਐ। ਕਿੰਨੇ ਸਾਲ ਹੋ ਗਏ ਉਸ ਨੂੰ ਗਿਆਂ। ਉਹ ਸਵਰਗ ਪਹੁੰਚਿਐ। ਮੈਂ ਵੀ ਉਸ ਕੋਲ ਤਾਂ ਹੀ ਪਹੁੰਚਾਂਗੀ ਜੇ ਤੁਸੀਂ ਆਪੋ ਆਪਣੇ ਪਾਪਾ ਨਾਲ ਮੇਰੀ ਚਿਤਾ ਨੂੰ ਅੱਗ ਲਾਓਗੇ। ਵੇਖਿਓ ਕਿਤੇ ਮੈਂ ਤੁਹਾਡੇ ਦਾਦਾ ਜੀ ਤੋਂ ਪਰ੍ਹਾਂ ਨਾ ਰਹਿ ਜਾਵਾਂ।"

ਛੋਟੇ ਪੁੱਤਰ ਨੂੰ ਉਸ ਦਿਨ ਬੜਾ ਕਹਿਰ ਚੜ੍ਹਿਆ। ਉਹ ਮਾਂ ਨੂੰ ਝਿੜਕ ਕੇ ਪਿਆ, "ਪੂਰੀ ਉਮਰ ਲੰਘ ਗਈ ਤੁਹਾਡੀ ਚਿਤਾ ਨੂੰ ਅੱਗ ਲਾਉਣ ਦੀ ਗੱਲ ਸੁਣਦਿਆਂ। ਏਨਾ ਵੀ ਕੀ ਸਵਰਗ ਦਾ ਝੱਲ ਹੋਇਆ। ਇਹ ਸਭ ਵਹਿਮ ਹਨ। ਬੱਚਿਆਂ ਨੂੰ ਇਸ ਵਹਿਮ ਵਿਚ ਨਾ ਫਸਾਓ। ਇਹ ਸਭ ਤੁਹਾਡੀ ਸਹੇਲੀ ਦਾ ਕੀਤਾ ਧਰਿਆ ਹੈ। ਉਹ ਲਾਵਾਰਿਸ ਲਾਸ਼ਾਂ ਸਾਂਭਦੀ ਹੈ। ਤੁਹਾਨੂੰ ਵੀ ਉਸ ਨੇ ਗਧੀ ਗੇੜ ਵਿਚ ਪਾ ਛੱਡਿਐ।"

ਵਿਚਾਰੀ ਚੁੱਪ ਹੋ ਗਈ। ਸਹੇਲੀ ਨੂੰ ਤਾਂ ਮਿਲਣ ਜਾਣ ਹੀ ਨਹੀਂ ਸੀ ਦਿੰਦੇ। ਉਹ ਵੀ ਤਾਂ ਉਸ ਵਾਂਗ ਬਿਰਧ ਹੋ ਗਈ ਸੀ। ਮਨ ਵਿਚ ਹਿਰਖ ਸੀ ਕਿ ਉਸ ਨੂੰ ਇੱਕ ਵਾਰ ਤਾਂ ਮਿਲ ਲੈਂਦੀ। ਛੋਟੇ ਹੁੰਦਿਆਂ ਉਸ ਨਾਲ ਲੁੱਕਣ ਮੀਟੀ ਖੇਡਣ ਦੀਆਂ ਯਾਦਾਂ ਹਾਲੇ ਤਕ ਧੁੰਧਲੀਆਂ ਨਹੀਂ ਸੀ ਹੋਈਆਂ। ਇਕ ਵਾਰ ਤਾਂ ਉਹ ਪਰਛੱਤੀ ਵਿਚ ਪਈ ਪੇਟੀ ਅੰਦਰ ਲੁੱਕ ਗਈ ਸੀ ਤਾਂ ਸਹੇਲੀ ਕੋਲੋਂ ਦੋ ਘੰਟੇ ਤੱਕ ਲੱਭੀ ਨਹੀਂ ਸੀ ਗਈ। ਜਦੋਂ ਉਹ ਤਰਲੇ ਕਰਨ ਲੱਗ ਗਈ ਸੀ, ਫੇਰ ਹੀ ਪੇਟੀ 'ਚੋਂ ਬਾਹਰ ਨਿਕਲੀ। ਕਿੰਨੀ ਘੁੱਟ ਕੇ ਫੇਰ ਉਨ੍ਹਾਂ ਜੱਫੀ ਪਾਈ ਸੀ।

ਪਰ, ਇਹ ਤਾਂ ਹੁਣ ਯਾਦਾਂ ਹੀ ਰਹਿ ਗਈਆਂ ਸਨ। ਮਿਲਣ ਦੀ ਆਸ ਤਾਂ ਮੁੱਕ ਹੀ ਗਈ ਸੀ। ਸਿਰਫ਼ ਇਕ ਵਾਰ ਲੁਕ ਕੇ ਨੂੰਹ ਦੇ ਫ਼ੋਨ ਤੋਂ ਉਸ ਸਹੇਲੀ ਨਾਲ ਗੱਲ ਕੀਤੀ ਸੀ ਤੇ ਪੂਰਾ ਅੱਧਾ ਘੰਟਾ ਯਾਦਾਂ ਤਾਜ਼ਾ ਕੀਤੀਆਂ। ਅਖ਼ੀਰ ਲੰਮਾ ਸਾਹ ਲੈਂਦਿਆਂ ਉਸ ਕਿਹਾ, "ਚੰਗਾ ਪ੍ਰੀਤੀਏ, ਪਤਾ ਨਹੀਂ ਇਸ ਜਨਮ 'ਚ ਕਦੇ ਆਪਾਂ ਮਿਲ ਵੀ ਸਕਣਾ ਹੈ ਕਿ ਨਹੀਂ। ਅਫ਼ਸੋਸ ਤਾਂ ਇਹ ਹੈ ਕਿ ਮੈਂ ਲਾਵਾਰਿਸ ਲਾਸ਼ ਬਣ ਕੇ ਵੀ ਤੇਰੇ ਕੋਲ ਕਦੇ ਨਹੀਂ ਆ ਸਕਣਾ। ਸੋ ਅਗਲੇ ਜਨਮ ਹੀ ਮਿਲਾਂਗੇ। ਮੈਂ ਤਾਂ ਸਵਰਗ ਤੇਰੇ ਜੀਜਾ ਜੀ ਕੋਲ ਜਾਣੈ। ਤੂੰ ਵੀ ਨੇਕ ਕੰਮ ਕਰਦੀ ਹੈਂ, ਉੱਥੇ ਹੀ ਮਿਲ ਲਵਾਂਗੇ।"

ਮਹੀਨੇ ਕੁ ਬਾਅਦ ਹੀ ਇਕ ਕੁਲਿਹਣੇ ਬੁਖ਼ਾਰ ਦਾ ਰੌਲਾ ਪੈ ਗਿਆ। ਚੁਫ਼ੇਰੇ ਕਰੋਨਾ ਕਰੋਨਾ ਕਰਦੇ ਫਿਰਦੇ ਸਨ। ਉਸ ਦਾ ਕੰਮ ਤਾਂ ਪੋਤਰੇ ਪੋਤਰੀ ਨੂੰ ਸਕੂਲੋਂ ਘਰ ਲਿਆਉਣਾ ਸੀ। ਵਾਪਸੀ ਤੇ ਸਬਜ਼ੀ ਫਲ ਵੀ ਨਾਲ ਹੀ ਲੈ ਆਉਂਦੀ ਸੀ। ਉਸ ਨੂੰ ਤਾਂ ਕਦੇ ਕੋਈ ਕਰੋਨਾ ਨਹੀਂ ਮਿਲਿਆ। ਫੇਰ ਬੱਚਿਆਂ ਦੇ ਸਕੂਲ ਵੀ ਬੰਦ ਹੋ ਗਏ। ਸਿਰਫ਼ ਸਬਜ਼ੀ ਫਲ ਲੈਣ ਉਹ ਇਕ ਵਾਰ ਘਰੋਂ ਬਾਹਰ ਜਾਂਦੀ ਸੀ। ਰਾਤ ਨੂੰ ਪੋਤਰੇ ਤੇ ਪੋਤਰੀ ਦੀਆਂ ਲੱਤਾਂ ਘੁੱਟ ਕੇ ਸੁਆ ਦਿੰਦੀ। ਬੱਚੇ ਵੀ ਤਾਂ ਸਾਰਾ ਦਿਨ ਘਰ ਅੰਦਰ ਟੱਪਦੇ ਦੌੜਦੇ ਥੱਕ ਜਾਂਦੇ ਸਨ। ਸਾਰਾ ਆਂਢ ਗੁਆਂਢ ਉਸ ਦਾ ਰੋਜ਼ ਹਾਲ ਚਾਲ ਪੁੱਛਦਾ।

ਇਕ ਦਿਨ ਸ਼ਾਮੀ ਉਸ ਨੂੰ ਹਲਕੀ ਖੰਘ ਹੋਈ ਤਾਂ ਸਾਰਾ ਮੁਹੱਲਾ ਠਠੰਬਰ ਗਿਆ। ਉਸ ਨੂੰ ਸਮਝ ਨਹੀਂ ਆਈ, ਕਿਉਂ? ਪਹਿਲਾਂ ਵੀ ਤਾਂ 50 ਵਾਰ ਉਸ ਨੂੰ ਖੰਘ ਜ਼ੁਕਾਮ ਹੋਇਆ ਸੀ। ਉਸ ਦਿਨ ਤਾ ਕਮਾਲ ਹੀ ਹੋ ਗਈ। ਕਿਸੇ ਨੇ ਉਸ ਨੂੰ ਰੋਟੀ ਨਹੀਂ ਪੁੱਛੀ। ਸਭ ਨੇ ਆਪੋ ਆਪਣੇ ਕਮਰੇ ਬੰਦ ਕਰ ਲਏ ਤੇ ਰਸੋਈ ਨੂੰ ਵੀ ਕੁੰਡਾ ਲਾ ਦਿੱਤਾ।

ਘਰੋਂ ਬਾਹਰ ਨਿਕਲੀ ਤਾਂ ਗੁਆਂਢੀ ਵੀ ਝੱਟ ਅੰਦਰ ਵੜ ਗਏ। ਗੱਲ ਸਮਝ ਨਹੀਂ ਆਈ। ਦੋ ਘੰਟਿਆਂ ਵਿਚ ਐਂਬੂਲੈਂਸ ਘਰ ਪਹੁੰਚ ਗਈ ਤੇ ਦੋ ਨਰਸਾਂ ਉਸ ਨੂੰ ਜਬਰੀ ਹਸਪਤਾਲ ਵੱਲ ਲੈ ਚੱਲੀਆਂ। ਉਸ ਬਥੇਰੀਆਂ ਆਪਣੇ ਪੁੱਤਰਾਂ ਨੂੰ ਵਾਜਾਂ ਮਾਰੀਆਂ, ਪੋਤਰੇ ਨੂੰ ਵੀ ਸੱਦਿਆ ਤੇ ਗਵਾਂਢੀਆਂ ਨੂੰ ਵੀ, ਪਰ ਕਿਸੇ ਨੇ ਵਾਪਸ ਆਵਾਜ਼ ਨਹੀਂ ਦਿੱਤੀ।

ਉਸ ਨੂੰ ਸਮਝ ਹੀ ਨਹੀਂ ਸੀ ਆ ਰਹੀ ਕਿ ਆਖ਼ਰ ਉਸ ਕੋਲੋਂ ਕੀ ਗੁਣਾਹ ਹੋ ਗਿਆ ਹੈ? ਉਸੇ ਰਾਤ ਉਸ ਨੂੰ ਬੁਖ਼ਾਰ ਹੋਣ ਲੱਗ ਪਿਆ। ਫੇਰ ਉਸ ਨੂੰ ਇੱਕ ਵੱਖ ਕਮਰੇ ਵਿਚ ਗੁਲੂਕੋਜ਼ ਤੇ ਟੀਕੇ ਲਾ ਕੇ ਤਾੜ ਦਿੱਤਾ ਗਿਆ। ਕੋਈ ਉਸ ਦੀ ਆਵਾਜ਼ ਸੁਣਨ ਵਾਲਾ ਨਹੀਂ ਸੀ। ਪੂਰੀ ਰਾਤ ਉਹ ਤੜਫਦੀ ਰਹੀ। ਸਾਹ ਔਖਾ ਆਉਣ ਲੱਗ ਪਿਆ। ਉਸ ਦੀਆਂ

ਉਸ ਨੂੰ ਸਮਝ ਹੀ ਨਹੀਂ ਸੀ ਆ ਰਹੀ ਕਿ ਆਖ਼ਰ ਉਸ ਕੋਲੋਂ ਕੀ ਗੁਣਾਹ ਹੋ ਗਿਆ ਹੈ? ਉਸੇ ਰਾਤ ਉਸ ਨੂੰ ਬੁਖ਼ਾਰ ਹੋਣ ਲੱਗ ਪਿਆ। ਫੇਰ ਉਸ ਨੂੰ ਇੱਕ ਵੱਖ ਕਮਰੇ ਵਿਚ ਗੁਲੂਕੋਜ਼ ਤੇ ਟੀਕੇ ਲਾ ਕੇ ਤਾੜ ਦਿੱਤਾ ਗਿਆ। ਕੋਈ ਉਸ ਦੀ ਆਵਾਜ਼ ਸੁਣਨ ਵਾਲਾ ਨਹੀਂ ਸੀ। ਪੂਰੀ ਰਾਤ ਉਹ ਤੜਫਦੀ ਰਹੀ। ਸਾਹ ਔਖਾ ਆਉਣ ਲੱਗ ਪਿਆ। ਉਸ ਦੀਆਂ ਅੱਖਾਂ ਦਰਵਾਜ਼ੇ ਵੱਲ ਲੱਗੀਆਂ ਰਹੀਆਂ ਕਿ ਉਸ ਦੇ ਪੁੱਤਰ, ਨੂੰਹਾਂ, ਪੋਤਰਾ, ਪੋਤਰੀ, ਗੁਆਂਢੀ, ਕੋਈ ਤਾਂ ਉਸ ਦਾ ਹਾਲ ਪੁੱਛਣ ਜ਼ਰੂਰ ਆਉਣਗੇ। ਉਹ ਵੀ ਤਾਂ ਰਾਤ-ਰਾਤ ਭਰ ਉਨ੍ਹਾਂ ਦੀ ਬੀਮਾਰੀ ਵੇਲੇ ਜਾਗਦੀ ਰਹੀ ਸੀ। ਪਰ ਕੋਈ ਨਾ ਦਿਸਿਆ। ਹੌਲੀ ਹੌਲੀ ਉਸ ਦੀ ਨਜ਼ਰ ਧੁੰਧਲੀ ਹੋਣ ਲੱਗ ਪਈ। ਉਸ ਨੂੰ ਮਹਿਸੂਸ ਹੋਣ ਲੱਗ ਪਿਆ ਕਿ ਆਪਣੇ ਪਤੀ ਕੋਲ ਸਵਰਗ ਜਾਣ ਦਾ ਸਮਾਂ ਆ ਗਿਆ ਹੈ।

ਅੱਖਾਂ ਦਰਵਾਜ਼ੇ ਵੱਲ ਲੱਗੀਆਂ ਰਹੀਆਂ ਕਿ ਉਸ ਦੇ ਪੁੱਤਰ, ਨੂੰਹਾਂ, ਪੋਤਰਾ, ਪੋਤਰੀ, ਗੁਆਂਢੀ, ਕੋਈ ਤਾਂ ਉਸ ਦਾ ਹਾਲ ਪੁੱਛਣ ਜ਼ਰੂਰ ਆਉਣਗੇ। ਉਹ ਵੀ ਤਾਂ

ਰਾਤ-ਰਾਤ ਭਰ ਉਨ੍ਹਾਂ ਦੀ ਬੀਮਾਰੀ ਵੇਲੇ ਜਾਗਦੀ ਰਹੀ ਸੀ। ਪਰ ਕੋਈ ਨਾ ਦਿਸਿਆ। ਹੌਲੀ ਹੌਲੀ ਉਸ ਦੀ ਨਜ਼ਰ ਧੁੰਧਲੀ ਹੋਣ ਲੱਗ ਪਈ। ਉਸ ਨੂੰ ਮਹਿਸੂਸ ਹੋਣ ਲੱਗ ਪਿਆ ਕਿ ਆਪਣੇ ਪਤੀ ਕੋਲ ਸਵਰਗ ਜਾਣ ਦਾ ਸਮਾਂ ਆ ਗਿਆ ਹੈ।

ਪਰ, ਇਹ ਕੀ? ਇਕਦਮ ਉਸ ਤਕ੍ਰਕ ਕੇ ਅੱਖਾਂ ਖੋਲ੍ਹੀਆਂ ਤੇ ਸੋਚਣ ਲੱਗੀ ਜੇ ਉਸ ਨੂੰ ਹਸਪਤਾਲ ਵਿਚ ਇਕੱਲੀ ਨੂੰ ਹੀ ਤਾੜੀ ਰੱਖਿਆ ਤਾਂ ਉਸ ਦੇ ਪੁੱਤਰਾਂ ਨੂੰ ਕਿਵੇਂ ਪਤਾ ਲੱਗੂ ਕਿ ਉਸ ਦੀ ਚਿਤਾ ਨੂੰ ਅੱਗ ਲਾਉਣੀ ਹੈ? ਕਿਤੇ ਸਵਰਗ ਜਾਣ ਤੋਂ ਰਹਿ ਹੀ ਨਾ ਜਾਵੇ! ਪਤਾ ਨਹੀਂ ਕਦੋਂ ਰਬ ਨੂੰ ਧਿਆਉਂਦੀ ਉਹ ਸਵੇਰੇ ਤਿੰਨ ਵਜੇ ਸੁਆਸ ਤਿਆਗ ਗਈ।

ਘਰ ਸੁਣੇਹਾ ਭੇਜਿਆ ਗਿਆ ਕਿ ਕੋਰੋਨਾ ਨਾਲ ਤੁਹਾਡੀ ਮਾਂ ਦੀ ਮੌਤ ਹੋ ਗਈ ਹੈ। ਇਸ ਦੇ ਸਰੀਰ ਨੂੰ ਪੂਰੀ ਤਰ੍ਹਾਂ ਪੈਕ ਕਰ ਕੇ ਭੇਜ ਰਹੇ ਹਾਂ। ਖੋਲ੍ਹਣਾ ਨਹੀਂ। ਸਿਰਫ਼ ਇੰਜ ਹੀ ਚਿਤਾ ਉੱਤੇ ਲਿਟਾ ਦੇਣਾ। ਕੋਈ ਖ਼ਤਰਾ ਨਹੀਂ ਹੈ।

ਕੋਈ ਨਾ ਬਹੁੜਿਆ! ਦੁਬਾਰਾ ਫਿਰ ਫ਼ੋਨ ਕੀਤਾ ਤਾਂ ਸਭ ਨੇ ਉਸ ਦਾ ਮੁਰਦਾ ਸਰੀਰ ਤੱਕ ਚੁੱਕਣ ਤੋਂ ਇਨਕਾਰ ਕਰ ਦਿੱਤਾ ਤੇ ਸਸਕਾਰ ਕਰਨ ਤੋਂ ਵੀ। ਬਥੇਰਾ ਸਮਝਾਇਆ ਗਿਆ ਕਿ ਉਹੀ ਮਾਂ ਹੈ ਜੋ ਕੱਲ ਤੱਕ ਤੁਹਾਨੂੰ ਗੋਦ ਵਿਚ ਖਿਡਾਉਂਦੀ ਸੀ, ਪਰ ਕੋਈ ਨਾ ਮੰਨਿਆ।

ਅਖ਼ੀਰ ਲਾਵਾਰਿਸ ਲਾਸ਼ ਮੰਨ ਕੇ ਹਸਪਤਾਲ ਵਾਲਿਆਂ ਨੇ ਉਸ ਦੀ ਸਹੇਲੀ ਨੂੰ ਫ਼ੋਨ ਕੀਤਾ ਤਾਂ ਉਹ ਦੁਹੱਥੜ ਮਾਰ ਕੇ ਰੋਂਦੀ ਝੱਟ ਉੱਥੇ ਪਹੁੰਚ ਗਈ।

ਹਉਕੇ ਲੈ ਲੈ ਕੇ ਉਸ ਹਸਪਤਾਲ ਦੇ ਸਟਾਫ਼ ਨੂੰ ਦੱਸਿਆ, "ਜਦੋਂ ਉਸ ਦੇ ਪਹਿਲੇ ਬੇਟੇ ਨੇ ਜੰਮਣਾ ਸੀ ਤਾਂ ਇਸ ਨੇ ਏਨੀਆਂ ਦਰਦਾਂ ਸਹੀਆਂ ਕਿ ਪੁੱਛੋ ਨਾ। ਅਖ਼ੀਰ ਡਾਕਟਰਾਂ ਨੇ ਇਹ ਵੀ ਕਹਿ ਦਿੱਤਾ ਸੀ ਕਿ ਬੱਚਾ ਬਚਾਇਆ ਨਹੀਂ ਜਾ ਸਕਦਾ। ਇਸ ਦੀ ਜ਼ਿੱਦ ਸੀ ਕਿ ਮੈਂ ਰਹਾਂ ਨਾ ਰਹਾਂ ਪਰ ਬੱਚਾ ਜ਼ਰੂਰ ਬਚਾਉਣਾ ਹੈ। ਲਗਾਤਾਰ ਅਰਦਾਸਾਂ ਬਾਅਦ ਹੀ ਉਹ ਬੱਚਾ ਜੰਮਿਆ ਤੇ ਫੇਰ ਦੋ ਮਹੀਨੇ ਇਹ ਮੰਜੇ 'ਤੇ ਪਈ ਰਹੀ ਪਰ ਬੱਚਾ ਬਚ ਗਿਆ। ਅਜਿਹੀ ਮਾਂ ਲਈ ਵੀ ਪੁੱਤਰ ਨਾ ਬਹੁੜਿਆ ਤਾਂ ਮਾਵਾਂ ਪੁੱਤਰ ਜੰਮਣੇ ਬੰਦ ਕਰ ਦੇਣਗੀਆਂ। ਸਚਮੁੱਚ ਕਲਯੁੱਗ ਆ ਗਿਐ। ਸਾਰੀ ਉਮਰ ਪੁੱਤਰਾਂ ਹੱਥੋਂ ਚਿਤਾ ਨੂੰ ਅੱਗ ਲੁਆਉਣ ਲਈ ਤੜਫਦੀ ਰਹੀ ਪਰ ਬਣ ਗਈ ਲਾਵਾਰਿਸ ਲਾਸ਼! ਮੈਨੂੰ ਅਗਲੇ ਜਨਮ ਵਿਚ ਮਿਲਣ ਦੀ ਗੱਲ ਕਰਦੀ ਸੀ। ਹੁਣ ਕਿਵੇਂ ਦੱਸਾਂ ਕਿ ਏਥੇ ਹੀ ਅਸਲੀ ਨਰਕ ਸੀ। ਸਵਰਗ ਤਾਂ ਹੁਣ ਆਪਣੀ ਸਹੇਲੀ ਹੱਥੋਂ ਹੀ ਜਾਵੇਗੀ। ਮੈਂ ਜ਼ਰੂਰ ਇਸ ਦੀ ਚਿਤਾ ਨੂੰ ਅੱਗ ਲਾਵਾਂਗੀ ਪਰ ਇਸ ਦੀ ਰੂਹ ਦਾ ਕੀ ਕਰਾਂ ਜੋ ਪੁੱਤਰਾਂ ਹੱਥੋਂ ਅਲਵਿਦਾ ਹੋਣਾ ਚਾਹੁੰਦੀ ਸੀ।"

ਅਗਲੇ ਦਿਨ ਇਹ ਖ਼ਬਰ ਅਖ਼ਬਾਰਾਂ ਦੀ ਸੁਰਖ਼ੀ ਵੀ ਬਣੀ ਤੇ ਹਰ ਚੈਨਲ ਉੱਤੇ ਸਾਰਾ ਦਿਨ ਚੱਲਦੀ ਰਹੀ- "ਕਲਯੁਗੀ ਪੁੱਤਰਾਂ ਨੇ ਕੋਰੋਨਾ ਤੋਂ ਡਰਦਿਆਂ ਮਾਂ ਦੀ ਲਾਸ਼ ਲੈਣ ਤੋਂ ਕੀਤੀ ਨਾ। ਲਾਵਾਰਿਸ ਲਾਸ਼ ਬਣ ਕੇ ਰਹਿ ਗਈ ਇਕ ਰੱਜੇ ਪੁੱਜੇ ਘਰ ਦੀ ਮਾਂ।"

-0-

जीवन वृत्तान्त– महाराजा रणजीत सिंघ

जीवन इतिहास, सिख साम्राजय और उपलब्धियां

महाराजा रणजीत सिंघ सिख साम्राज्य के राजा थे, जो उनके नेतृत्व में बना था और अंततः भारतीय उपमहादीप में प्रमुख शक्ति के रूप में उभरा। शेर–ए–पंजाब के शेर के रूप में लोकप्रिय, यह वीर राजा, अपने पिता की मृत्यु के बाद सुकेरचकिया मिस्ल का प्रमुख बन गया। उन्होने अफगानों को खदेड़ने के लिए कई युद्ध लड़े। सिख साम्राज्य का गठन लाहौर पर कब्जा करने के बाद शुरू हुआ, और फिर अफगान सिख युद्ध के बाद पंजाब से अफगानों को हटा दिया गया तथा अलग–अलग सिख मिस्लों को एक एकीकृत राजनीतिक राज्य में विलय कर दिया गया। 21 साल की उम्र में रणजीत सिंघ ने खुद को पंजाब का महाराजा घोशित किया। उन्होंने पंजाब में स्थित एक धर्मनिरपेक्ष साम्राज्य कर स्थापना की और 1839 में अपनी मृत्यु तक इसका विस्तार किया। उनके शासनकाल में सिख कला और संस्कृति में पुनर्जागरण के अलावा सेना और अन्य अग्रणी प्रयासों का आधुनिकीकरण देखा गया।

बचपन और प्रारंभिक जीवन

उनका जन्म 13 नवंबर 1780 को महां सिंघ सुकरचकिया और माता राज कौर के घर हुआ, जो संधावालिया जाट जाति से संबंधित थे, तथा उनका नाम पहले बौद्ध सिंघ था जो कि पूर्वज नाम था। 18वीं शताब्दी में भारतीय उपमहादीप के पंजाब क्षेत्र में उठने वाले सिख परिसंघ के सिख संप्रभु राज्यों में, सुकरचकिया मिस्ल सबसे शक्तिशाली थी। महा सिंघ की सेना ने मुस्लिम चैथा सरदार पीर मुहम्मद को पराजित करने के बाद, उन्होने अपने बेटे का नाम बौद्ध से रणजीत कर दिया, जिसका अर्थ था, युद्ध में एक विजेता।

अपनी शैशवावस्था के दौरान रणजीत सिंघ को चेचक का सामना करना पड़ा, जिसके उन्हें एक विकृत चेहरे के साथ छोड़ दिया और उनकी

बाईं आंख को भी प्रभावित किया, जिसके परिणाम स्वरूप उनकी दृश्टि नश्ट हो गई। एक बच्चे के रूप में वह कभी भी प्रशिक्षित नहीं थे और केवल गुरमुखी वर्णमाला पढ़ना और लिखना जानते थे, लेकिन उन्होंने मार्शल आर्ट, घुड़सवारी और संगीत प्रशिक्षण प्राप्त किया। वह सिर्फ 10 साल के थे, जब उन्होंने अपने पिता के साथ पहली लड़ाई लड़ी थी। अप्रैल 1792 में उनके पिता की मृत्यु के बाद, 12 साल की उम्र में सुकरचकिया मिस्ल सम्पदा विरासत में मिली और वह सुकरचकिया मिस्ल के प्रमुख बन गए। तत्पश्चात लखपत राय के साथ उनकी मां ने उन्हें पाला, दोनो ने सम्पदा का प्रवंधन किया। उन्होंने 18 साल की उम्र में उन दोनों को भी खो दिया, जिसके बाद उन्होंने, मेहताब कौर के साथ अपनी पहली शादी में अपनी सास रानी सदा कौर से मदद ली।

छोटे कद के व्यक्ति रणजीत सिंघ किशोर अवस्था में ही पीने लगे। हालांकि उन्होंने धुम्रपान और बीफ खाने से परहेज किया और यह भी नियम बनाया कि जो लोग किसी भी धर्म के होते हुए भी उनके दरबार में अधिकारी के रूप में काम करेंगे, उन्हें ऐसी आदतों से दूर रहना चाहिए।

सिख साम्राज्य की नींव, रणजीत सिंघ की प्रारंभिक विजय:

1707 में मुगल बादशाह औरंगजेब की मृत्यु के बाद मुगल साम्राज्य में लगातार गिरावट देखी गई। सिखों के अंतिम गुरू, गुरू गोबिन्द सिंघ द्वारा शुरू की गई खालसा नामक सिख योद्धा समुदाय की पुनस्थापना से दल खालसा के द्वारा पश्चिम में अफगानों के साथ साथ मुगल शक्ति के खिलाफ अभियान छेड़ा गया। आखिरकार सिख सेना मज़बूत हुई और कई संघियों या अर्ध–स्वतंत्र गुटों में विभाजित हो गई। इनमें से प्रत्येक घटक सेना द्वारा विभिन्न क्षेत्रों और शहरों को नियंत्रित किया गया था। बारहा सिख मिस्लों ने किसी भी बाहरी आक्रमण का सामना करने के लिए एकजुट होने का निर्णय लिया यघिम कई मुददों पर उनके आपस में मतभेद थे। रणजीत सिंघ शक्तिशाली सुकरचकिया मिस्ल से थे और उन्होंने अपनी शादी के माध्यम से दो अन्य शक्तिशाली सिख मिस्लों कन्हैया और नैकियों के साथ गठबंधन कर लिया था।

वह 17 साल की उम्र में प्रसिद्धि की

और बढ़ गये। यह 1797 में घटित हुआ, जब उनके द्वारा नियंत्रित मिस्ल के भीतर एक लड़ाई हुई, जहां अहमद शाह अब्दाली वंश के अफगान मुस्लिम शासक शाह जमां की हमलावर सेना ने शाह के क्षेत्र में कब्जा करने का प्रयास किया। रणजीत सिंघ ने अपनी क्षेत्रीय जागरूकता और युद्ध कौशल को लागू किया और अफगान आक्रमणकारियों का विरोध करने में सफल रहे और इस तरह सिखों की जीत सुनिच्शत की। उन्होंने अपनी प्रसिद्धि को आगे बढ़ाया, जब शाह जमां ने 1798 में एक और सेना भेजी। कुशल रणजीत सिंघ ने शुरू में अफगानों का सामना नहीं किया और उन्हें लाहौर में प्रवेश करने दिया, जिस के बाद उनकी सेना ने उन्हें घेर लिया, उनकी आपूर्ति में कटौती कर दी, जिसमें भोजन भी शामिल था तांकि उनमें से अधिकांश कमजोर हो जाएं और इनमें से अधिक्तर अफगानिस्तान वापिस लौट गए।

रणजीत सिंघ की पहली बड़ी जीत 1799 में हुई, जब उन्होंने लाहौर के आसपास केंद्रित भंगी सिखों के नियंत्रण वाले क्षेत्र पर हमला किया था। उनकी सेना को रानी सदा कौर के नेतृत्व वाली सेना का सर्मथन प्राप्त था। हिन्दूओं और सूफी मुसलमानों ने उन्हें शासक के रूप में स्वीकार कर लिया और पहले शासक भाग गए। 1800 में उसके शासक द्वारा जम्मू क्षेत्र पर नियंत्रण का भी हवाला दिया गया था।

पंजाब के महाराजा के रूप में घोशणा और साम्राज्य का विस्तारः उन्होंने खुद को 'पंजाब का महाराजा' घोशित किया और 12 अप्रैल, 1801 से सिख साम्राज्य के रूप में शासन करना शुरू किया। उन्होंने अपने शासन को 'सरकार खालसा' नाम दिया और अपने दरबार को 'दरबार खालसा' कहा। उन्होंने गुरू नानक देव जी के नाम पर नानकशाही के नाम से नए सिक्के जारी करने का निर्देश दिया। उन्होंने 1802 में भंगी सिख मिस्ल से अमृतसर ले लिया। उन्होंने ईस्ट इंडिया कंपनी के अधिकारियों के साथ एक संधि पर हस्ताक्षर किए, जो सतलुज नदी के दक्षिण में विस्तार नहीं करने पर सहमत हुए, जब कि बाद में आश्वासन दिया कि वह मिलिट्री को सतलुज नदी से आगे सिख साम्राराज्य तक नहीं लेकर जाएंगे। इसके बाद के वर्शों में रणजीत सिंघ ने सिख साम्राज्य का विस्तार किया। इनमें 1807 में अफगान प्रमुख कुतुब–उद–दीन को हराकर कसूर पर कब्जा करना शामिल था। 1818 में मुल्तान को ले जाने के कारण, उसने पूरे बड़ी दोआब को अपने साम्राज्य में जोड़ लिया और पंजाब में अफगान प्रभाव को समाप्त कर दिया और 1819 में श्री नगर और कश्मीर पर कब्जा करके अफगान सुन्नी मुस्लिम शासकों को हराया। उन्होंने 1823 में काबुल नदी के उत्तर में पश्तून लोगों की एक जनजाति, यूसफज़ई की एक बड़ी सेना पर अधिकार कर लिया और 1834 में 25000 खट्टक और यासुफज़ाई आदिवासीयों की सेना को हटा दिया। जमीर की लड़ाई अमीर इमाम मुहम्म्द खान के तहत अफगानिस्तान की अमीरात और महाराजा रणजीत सिंघ के अधीन सिख साम्राज्य के बीच 30 अप्रैल, 1837 को लड़ी गई। उन्होंने 1838 में अपनी सेना के साथ काबुल तक मार्च किया, जिस में ब्रिटिश शासकों द्वारा शाह शोजा की बहाली के बाद विजय परेड में भाग लिया। उनके शासन में आने वाले प्रमुख शहरों में लाहौर, मुल्तान, अमृतसर, रावलपिंडी, पेशावर, अटक, गुजरात और जम्मू शामिल हैं।

उनके शासनकाल में शासन, नीतियां, आधुनिकीकरण और सुधारः

रणजीत सिंघ ने एक धर्मनिरपेक्ष सिख शासन की स्थापना की, जहां उनकी सेना और सरकार में विभिन्न जाति और धर्म के लोग शामिल थे। उदाहरण के लिए, उनके पास डोगरा प्रधान मंत्री ध्यान सिंघ थे, एक ब्राहमण वित्त मंत्री दीना नाथ और एक मुस्लिम विदेश मंत्री फकीर अजीजुद्धीन, जबकि कई अफगान और पंजाबी मुसलमानों ने नादिर शाह और अजीम खान की अफगान सेना के खिलाफ, अपने शासन के तहत लड़ाई लड़ी। उनके साथ मियां गौसा जैसे मुस्लिम तोपखाने के कमांडर भी थे। उनकी सेना में फ्रांसीसी, स्पेनिश, रूसी, प्रश्याई अधिकारी भी थे। यद्यपि उन्होंने अंग्रेज़ों के साथ मैत्रीपूर्ण संबंध बनाए रखा, परन्तु उन्होंने अपने शासन में किसी भी ब्रिटिश पुरूश को शामिल नहीं किया, सिवाय एक उदाहरण के, जिसमें उन्होंने 1835 में ब्रिटिश अधिकारी फुलकेस को काम पर रखा था।

उनके सुधारक उपाय उनकी सेना को बढ़ाने और उनके साम्राज्य की सुरक्षा सुनिशचित करने पर केंद्रित था। उन्होंने अपनी सेना के प्रशिक्षण और संगठन में बदलाव किया और युद्ध विधियों तथा उपकरणों को बेहतर बनाया। उन्होंने पुरानी और नई अवधारणाओं दोनों को मिलाकर, एक सैन्य प्रणाली को अपनाया तथा तोपखाने और पैदल सेना को सुदृढ़ किया। पंजाब को आत्मनिर्भर बनाने के लिए, आवश्यक सभी हथियारों और अन्य उपकरणों का निर्माण शुरू किया। 1800 के दशक के दौरान, रणजीत सिंघ के नेतृत्व वाली सरकार ने बुनियादी ढांचा निवेश किया और फिर हथियार और बारूद के कारखानों, तोप ढलाई और कच्चे माल की खदाने स्थापित कीं। हालांकि उन्होंने दुर्व्यवहार को समाप्त करने के लिए जागीर आधारित कराधान प्रणाली में

सुधार के लिए ज्यादा ध्यान नहीं दिया और न ही उन्होंने समान कानूनों की शुरूआत की तथा न ही आंतरिक व्यापार को बढ़ाने या किसानों और व्यापारियों की शक्ति बढ़ाने के प्रयास किए। भूमि और सड़कों की उत्पादकता को बेहतर बनाने के लिए कोई महत्वपूर्ण निवेश नहीं किया गया। हालांकि, उन्होंने व्यापार मार्गों को फिर से खोल दिया जो कि वाणिज्य में वृद्धि की स्वतंत्रता का मार्ग प्रशस्त करते थे, जबकि उनके शासनकाल में मुगल–सिख युद्धों के काल की तुलना में कम हिंसा देखी गई।

एक समर्पित सिख, रणजीत सिंघ ने सभी धर्मों को माना और उस आधार पर अपनी नीतियां बनाईं। उनके शासनकाल में कोई जबरन धर्म परिवर्तन नहीं हुआ। उन्होंने गुरू गोबिन्द सिंघ जी की जन्मस्थली तख्त श्री पटना साहिब (बिहार, भारत में स्थित) और ज्योति–ज्योत समाने की जगह तख्त श्री हजूर साहिब (नांदेड़, महाराश्ट्र) की स्मृति में क्रमशः दो पवित्र गुरूद्वारे बनवाये। उन्होंने श्री हरिमंदिर साहिब को भी बहाल किया, जो अब स्वर्ण मंदिर के रूप में प्रसिद्ध है और सिखों का सबसे पवित्र गुरूद्वारा और महत्वपूर्ण तीर्थ स्थल माना जाता है। रणजीत सिंघ हमेशा हरिमंदिर साहिब में आकर अपनी जीत का धन्यवाद करते तथा जश्न मनाते थे। 1809 में संगमरमर और तांबे के साथ इसका पुन–निर्माण किया। 1830 में सोने के पतरों से हरिमंदिर साहिब का स्वर्ण सौंदर्यीकरण करवाया। उन्होंने मंदिरों, सूफी मस्जिदों और अन्य पवित्र स्थानों का भी दौरा किया और गायों के वध पर रोक लगाकर हिन्दू भावनाओं का सम्मान किया। उनके शासन में सिखों द्वारा दूसरे किसी भी धर्म के स्थानों को ध्वस्त नहीं किया गया, हालांकि कुछ मुस्लिम मस्जिदों को विभिन्न उदेश्यों के लिए परिवर्तित किया गया था। इनमें लाहौर की बादशाही मस्जिद का अपत्रित होना शामिल है, जिसे सिख साम्राज्य द्वारा एक दुर्गरक्षक के रूप में इस्तेमाल किया गया लाहौर की मोती मस्जिद (पर्ल मस्जिद) को एक सिख मंदिर में परिवर्तित किया गया। बाद में इसको राज्य के खजाने के लिए भी इस्तेमाल किया गया। उन्होंने वह कोह–ए–नूर हीरा प्राप्त किया जो उन्होंने अफगानिस्तान के शुजा शाह दुर्रानी से पुरी में हिन्दू जगन्नाथ मंदिर (वर्तमान में उड़ीसा) से प्राप्त किया जो (पुरी) तब ईस्ट कंपनी द्वारा प्रशासित था।

व्यक्तिगत जीवन, रणजीत सिंघ की मृत्यु, सिख साम्राज्य और विरासत की गिरावटः

सूत्रों के अनुसार उनकी बीस पत्नियां और कई रखेलें थी। उनको अपने कुछ गैर–सिख कार्यों के लिए अकाल तख्त से दंडित किया गया जिस में 1802 में एक मुस्लिम भोली लड़की मोरन सरकार से शादी करना शामिल था। उनके आठ बेटे थे, लेकिन खड़क सिंघ जो उसकी दूसरी पत्नी दातार कौर से और दलीप सिंघ, जो उसकी सबसे छोटी पत्नी जींद कौर से था, को ही अपने जैविक पुत्रों के रूप में स्वीकार किया।

वह 1830 के दौरान कई स्वास्थ्य मुद्दों से पीड़ित थे, जिस में एक अचानक स्ट्रोक भी शामिल थे। उन्होंने 27 जून 1839 को सोते हुए अंतिम सांस ली। रणजीत सिंघ की चार पत्नियों और सात उपपत्नीयों ने अपनी मर्जी से उनकी चिता पर बैठकर सती प्रथा के अनुसार उनका, अंतिम संस्कार किया गया। रणजीत सिंघ की समाधि उस जगह (लाहौर, पाकिस्तान) बनाई गई थी, जहां पर उनका अंतिम संस्कार किया गया। उनके पुत्र खड़क सिंघ को सिंहासन पर बैठाया गया।

उनकी मृत्यु के बाद, सिख साम्राज्य ने आंतरिक विभाजन और राजनीतिक कुप्रबंधन देखा, जिसका कारण रणजीत सिंघ की जागीर–आधारिक कराधान प्रणाली और अर्थव्यवस्था में सुधार में विफलता थे, जो कुछ हद तक उत्तराधिकार शक्ति संघर्श, सिख समुदाय के भीतर विभाजन, प्रमुख हत्याएं और तख्तापलट के लिए जिम्मेवार थे। ऐसी परिस्थितियों ने सिख साम्राज्य को गंभीर रूप से कमजोर कर दिया और इस स्थिति का फायदा ब्रिटिश ईस्ट इंडिया कंपनी ने उठाया, जिसने एंगलो–सिख युद्धों की शुरूआत की। सिख साम्राज्य अंततः 1849 में गिर गया और दूसरे एंगलो–सिख युद्ध के बाद विभिन्न रियासतों और पंजाब के ब्रिटिश प्रांत में विघटित हो गया।

20 अगस्त 2003 को भारत की संसद में महाराजा की 22 फीट ऊंची कांस्य प्रतिमा लगाई गई। उनसे संबंधित कुछ वस्तुएं और हथियार, आभूशण, सिक्के, पांडुलिपियां और चित्र, अमृतसर के राम बाग में एक संग्रहालय में प्रदर्शित किये गए हैं।

उन्हें एक शानदार व्यक्तित्व के साथ एक सक्षम और न्यायप्रिय शासक के रूप में याद किया जाता है। उनका साम्राज्य धर्म निरपेक्ष था, जहां सभी धर्मों का सम्मान किया जाता था और उनकी धार्मिक मान्यताओं के कारण किसी के साथ भेदभाव नहीं किया जाता था। उन्होंने हरिमंदिर साहिब के स्वर्ण सौंदर्यीकरण में भी प्रमुख भूमिका निभाई। उनके साहस और वीरता के लिए उन्हें दुनिया भर में बहुत सम्मान दिया गया और उन्हें शेर–ए–पंजाब (पंजाब का शेर) के रूप में जाना जाता है।

संग्रह कर्ताः
अमृत पाल बंसल 98154–85668

–0–

Biography of Maharaja Ranjit Singh

Life History, Sikh Empire and Achievements

Maharaja Ranjit Singh was the king of the Sikh Empire, which was formed under his leadership and eventually emerged as major power in the Indian subcontinent. Popularly known as Sher-e-Punjab or Lion of Punjab, this gallant king became Chief of Sukerchakia Misl following his father's death. He fought several wars to expel the Afghans. Formation of Sikh Empire started after he captured Lahore, which was followed by ouster of Afghans from Punjab after the Afghan-Sikh Wars and eventual merger of separate Sikh Misls into a unified political state. At age 21, Ranjit Singh proclaimed himself "Maharaja of Punjab". He established a secular empire based in Punjab and expanded it till his death in 1839. His reign witnessed modernisation of army and other leading-edge efforts apart from a renaissance in Sikh art and culture. Although his son Kharak Singh succeeded him to the throne, the internal divisions and political mismanagement within the empire weakened it leading to its collapse in 1849 following defeat in the Anglo-Sikh wars.

Childhood & Early Life

He was born as Buddh Singh, named an ancestor, on November 13, 1780, to Maha Singh Sukerchakia and Raj Kaur from the Sandhawalia Jat tribe. Among the Sikh misls or sovereign states of the Sikh Confederacy that rose in the Punjab region of Indian subcontinent in the 18th century, the Sukerchakia misl was the most powerful. After Maha Singh's army defeated Muslim Chatha chieftain Pir Muhammad, he changed his son's name from Buddh to Ranjit, meaning a victor in battle.

During his infancy, Ranjit Singh suffered from smallpox which left him with a pockmarked face and also affected his left eye resulting in loss of its sight. As a child, he was never schooled and only knew how to read and write the Gurmukhi alphabet but received training in martial arts, horse riding and musketry. He was just 10 years old when he fought his first battle while accompanying his father. He inherited the Sukkarchakkia misl estates of his father at age 12 after the latter's death in April 1792 and became Chief of Sukerchakia Misl. He was thereafter brought up by his mother along with Lakhpat Rai, both of whom managed the estates. He lost both of them at age 18 following which he received help from his mother-in-law Rani Sada Kaur from his first marriage with Mehtab Kaur.

A man of short stature, Ranjit Singh took to drinking as a teenager. He however refrained from smoking and eating beef, and also made it a rule that those who will work as officials in his court, irrespective of the religion they belong to, should abstain from such habits.

Foundations of the Sikh Empire, Early Conquests of Ranjit Singh

Following death of Mughal emperor Aurangzeb way back in 1707, the Mughal Empire witnessed a steady downfall. Dwindling of Mughal power was precipitated by expeditions against them as also the Afghans in the west by Dal Khalsa, a rearrangement of the Sikh warrior community called Khalsa initiated by Guru Gobind Singh, the last living Guru of Sikhism. Eventually the Sikh army strengthened and split into a number of confederacies or semi-independent misls. Different areas and cities were controlled by each of these component armies. Before Ranjit Singh rose to fame there were fourteen small warring regions in the

north-western areas of Indian subcontinent that presently constitute Pakistan and some areas of North India. Among these twelve were Sikh misls (confederacies), one near Lahore was a Muslim confederacy named Kasur and one in the southeast was led by George Thomas, an Englishman. By this time the Sikh misls warred with each other over several issues including local priorities and revenue collection but they would generally unite to face any external invasion. Ranjit Singh hailed from the powerful Sukerchakia misl, and had alliance with two other powerful Sikh misls, the Kanhayas and the Nakkais through his marriage.

He rose to fame at age 17. This happened in 1797 when a battle occurred in the territory within the misl controlled by him where the invading army of Afghan Muslim ruler Shah Zaman, of the Ahmad Shah Abdali dynasty made effort to annex Punjab region into Shah Zaman's control. Ranjit Singh applied his regional awareness and warrior skills and thrived in resisting the Afghan invaders thus ensuring victory of the Sikhs. He furthered his fame when Shah Zaman sent another army in 1798. The astute Ranjit Singh did not confront the Afghans initially and let them enter Lahore following which his army surrounded them, cut off their supplies including food so as to weaken them, most of whom receded to Afghanistan.

The first major victory of Ranjit Singh happened in 1799 when he attacked the region under control of the Bhangi Sikhs that were centred around Lahore. His army was backed by another army led by Rani Sada Kaur. While the rulers fled, the Hindus and Sufi Muslims of Lahore accepted him as the ruler. The control of Jammu region was also ceded by its ruler to him in 1800.

Proclamation as Maharaja of Punjab & Expansion of Empire

He proclaimed himself "Maharaja of Punjab" and started reigning as Emperor of the Sikh Empire from April 12, 1801. He gave the name "Sarkar Khalsa" to his rule and called his court "Darbar Khalsa". He directed issuer of new coins in the name of Guru Nanak called the "NanakShahi". He took Amritsar from the Bhangi Sikh misl in 1802. He signed a treaty with East India Company officials agreeing not to expand south of Sutlej River while the latter assented that militarily they would not move beyond the Sutlej River to the Sikh Empire. The years that followed saw Ranjit Singh expanding the Sikh empire. These included capturing Kasur in 1807 defeating Afghan chief Qutb-ud-Din; taking Multan in 1818 that led him to add the whole Bari Doab to his empire and ending Afghan influence in the Punjab; and annexing Srinagar and Kashmir in 1819 defeating Afghan Sunni Muslim rulers. He overpowered a large army of Yusufzai, a tribe of Pashtun people, north of the Kabul River in 1823 and defeated an army of 25,000 Khattak and Yasufzai tribesmen in 1834. The Battle of Jamrud was fought between the Emirate of Afghanistan under Emir Dost Muhammad Khan and the Sikh Empire under Ranjit Singh on April 30, 1837. He marched into Kabul with his troops in 1838 to participate in the victory parade with the British following restoration of Shah Shoja to the Afghan throne. The major towns that came under his reign include Lahore, Multan, Amritsar, Rawalpindi, Peshawar, Attock, Gujrat and Jammu.

Governance, Policies, Modernisation & Reforms under His Reign

Ranjit Singh established a secular Sikh rule where his army and government included people of different race and religion. For instance he had a Dogra prime minister, Dhian Singh; a Brahmin finance minister Dina Nath; and a Muslim foreign minister, Fakir Azizuddin; while many Afghan and Punjabi Muslims fought battle under his rule against the Afghan forces of Nadir Shah and Azim Khan. He also had Muslim artillery commanders like Mian Ghausa. His army also had French, Spanish, Russian, Prussian and Polish officials. Although he maintained friendly relation with the British he did not induct any British men under his rule excepting in an instance where he hired British officer Foulkes in 1835.

His reformatory measures were concentrated more on enhancing his military and ensuring security of his empire. He altered and improved his army's training and organisation and bettered war methods and equipment. He adopted a military system blending best of both old and new concepts and reinforced the artillery and infantry. In pursuit of making Panjab self-reliant, he initiated manufacture of all weapons, munitions and other equipment necessary for his army. During the 1800s, government led by Ranjit Singh made infrastructure investment and then set up arm and gunpowder factories, cannon foundries and raw materials mines. He however did not pay much heed to reform the Jagirs-based taxation system to end abuse nor did he initiate uniform laws or made effort in enhancing internal trade or to increase power of peasants and merchants. No significant investments were made to better the productivity of land and roads. He however reopened trade routes that paved way for increased

independence in commerce while his reign witnessed less violence compared to the Mughal-Sikh wars era.

A devoted Sikh himself, Ranjit Singh revered all religions and made his policies on that basis. No forced religious conversion took place during his reign. He built two sacred Gurdwara to commemorate the birthplace and place of assassination of Guru Gobind Singh, namely the Takht Sri Patna Sahib (presently located in Patna, Bihar, India) and the Takht Sri Hazur Sahib (presently located in Nanded, Maharashtra, India) respectively. He also restored Sri Harmandir Sahib, now famous as the Golden Temple and considered the most holy Gurdwara and significant pilgrimage site of Sikhism. Ranjit Singh who used to offer thanks and celebrate his victories in this Gurdwara, rebuilt it in 1809 with marble and copper. The sanctum of the Gurdwara was overlaid by him with gold foil in 1830. He also visited temples, Sufi mosques and other holy places and respected Hindu sentiments by prohibiting slaughter of cows. No places of worship irrespective of religion were demolished by the Sikhs under his rule, however some of the Muslim mosques were converted for different purposes. These include desecration of the Badshahi Mosque in Lahore that was used as a garrison by the Sikh Empire and conversion of the Moti Masjid (Pearl Mosque) of Lahore into a Sikh temple called Moti Mandir. The later was also used by him later for the state treasury. He willed the Koh-i-Noor diamond that he gained from Shuja Shah Durrani of Afghanistan to the Hindu Jagannath Temple in Puri (presently in Odisha, India) that was then administered by the East India Company.

Personal Life, Death of Ranjit Singh, Decline of Sikh Empire & Legacy

According to sources he had twenty wives and many mistresses. He received punishment from the Akal Takht for some of his non-Sikh actions which included marrying a Muslim nautch girl Moran Sarkar in 1802. He had eight sons but acknowledged only Kharak Singh from his second wife Datar Kaur and Duleep Singh from his youngest wife Jind Kaur as his biological sons.

He suffered from several health issues during the 1830s which included a stroke. He breathed his last while sleeping on June 27, 1839. Four wives and seven concubines of Ranjit Singh committed the funeral custom of Sati by immolating themselves on his pyre on their own will. The Samadhi of Ranjit Singh was built in that place (presently in Lahore, Pakistan) which houses his funerary urns. His son Kharak Singh succeeded him to the throne.

Following his death, the Sikh Empire witnessed internal divisions and political mismanagement which many attribute to Ranjit Singh's failure to reform the Jagirs-based taxation system and economy which to some extent paved way for succession power struggle, divisions within the Sikh community, major assassinations and coups. Such circumstances weakened the Sikh Empire severely and this situation was taken advantage of by the British East India Company who initiated the Anglo-Sikh Wars. The Sikh Empire ultimately fell in 1849 and dissolved into different princely states and the British province of Punjab following the Second Anglo-Sikh War.

A 22 feet tall bronze statue of the Maharaja was erected in the Parliament of India on August 20, 2003. Some objects like arms and armour, jewellery, coins, manuscripts and paintings related to him are displayed in a museum at Ram Bagh in Amritsar.

He is remembered for being an able and just ruler with a magnificent personality. His empire was secular, where all religions were respected and no one was discriminated against because of their religious beliefs. He also played a major role in the golden beautification of the Harmandir Sahib. He is much respected throughout the world for his courage a valor and is known as "Sher-e-Punjab" (The lion of Punjab)

Compiled By: Amrit Paul Bansal (9815485668)

ਸਾਡੀ ਖੇਤੀ

ਫਸਲਾਂ ਲਈ ਖਤਰੇ ਦੀ ਘੰਟੀ ਟਿੱਡੀ ਦਲ ਦਾ ਹਮਲਾ

-ਨਵੀਨ ਅਗਰਵਾਲ ਅਤੇ ਨਰਿੰਦਰ ਸਿੰਘ* *ਕੀਟ ਵਿਗਿਆਨ ਵਿਭਾਗ, ਪੀਏਯੂ। ਸੰਪਰਕ: 94631-45100

ਟਿੱਡੀ ਪਰਵਾਸ ਕਰਨ ਵਾਲਾ ਤੇ ਤਬਾਹੀ ਕਰਨ ਵਾਲਾ ਕੀੜਾ ਹੈ। ਇਸ ਦੇ ਬੱਚੇ ਅਤੇ ਬਾਲਗ ਝੁੰਡਾਂ ਵਿੱਚ ਹਮਲਾ ਕਰਦੇ ਹਨ ਅਤੇ ਬਨਸਪਤੀ ਦਾ ਨੁਕਸਾਨ ਕਰਦੇ ਹਨ। ਅਨੁਕੂਲ ਹਲਾਤਾਂ ਵਿੱਚ ਟਿੱਡੀਆਂ ਦੀ ਗਿਣਤੀ ਵਿੱਚ ਬੇਤਹਾਸ਼ਾ ਵਾਧਾ ਹੋ ਜਾਂਦਾ ਹੈ ਅਤੇ ਟਿੱਡੀਆਂ ਦੇ ਝੁੰਡ ਦੂਰ-ਦਰਾਜ ਦੇ ਇਲਾਕਿਆਂ ਵਿੱਚ ਫੈਲ ਜਾਂਦੇ ਹਨ। 17 ਮਈ 2019 ਨੂੰ ਜੈਸਲਮੇਰ ਦੇ ਨਜ਼ਦੀਕ ਟਿੱਡੀਆਂ ਦੇ ਕੁੱਝ ਬਾਲਗ (ਬਿਨਾਂ ਝੁੰਡ ਦੇ) ਦੇਖਣ ਨੂੰ ਮਿਲੇ ਸਨ। 21 ਮਈ ਨੂੰ ਟਿੱਡੀ ਦਲ ਦਾ ਸਮੂਹ (ਸੈਂਕੜਿਆਂ ਦੀ ਗਿਣਤੀ) ਜੈਸਲਮੇਰ ਅਤੇ ਬੀਕਾਨੇਰ ਜ਼ਿਲ੍ਹਿਆਂ ਵਿੱਚ ਮਿਲਿਆ। ਦਸੰਬਰ 2019 ਤੱਕ ਰਾਜਸਥਾਨ ਦੇ 11 ਜ਼ਿਲ੍ਹੇ ਟਿੱਡੀ ਦਲ ਦੇ ਹਮਲੇ ਤੋਂ ਪ੍ਰਭਾਵਿਤ ਹੋ ਚੁੱਕੇ ਸਨ। ਇਸੇ ਮਹੀਨੇ ਦੌਰਾਨ ਗੁਜਰਾਤ ਦੇ ਬਨਸਕੰਠਾ ਜ਼ਿਲ੍ਹੇ ਦੇ ਤਿੰਨ ਪਿੰਡ, ਜੋ ਪਾਕਿਸਤਾਨ ਦੇ ਰੇਗਿਸਤਾਨੀ ਇਲਾਕੇ ਨਾਲ ਲੱਗਦੇ ਹਨ ਵਿੱਚ ਵੀ ਟਿੱਡੀ ਦਲ ਦਾ ਹਮਲਾ ਹੋਇਆ। ਇਸ ਹਮਲੇ ਵਿੱਚ ਫ਼ਸਲਾਂ ਦਾ ਕਾਫ਼ੀ ਨੁਕਸਾਨ ਹੋਇਆ ਜਿਨ੍ਹਾਂ ਵਿੱਚ ਮੁੱਖ ਸਰ੍ਹੋਂ ਅਤੇ ਜੀਰਾ ਫ਼ਸਲਾਂ ਸਨ।

ਜਨਵਰੀ 2020 ਦੇ ਪਹਿਲੇ ਪੰਦਰਵਾੜੇ ਦੌਰਾਨ ਟਿੱਡੀ ਦਲ ਦੇ ਸਮੂਹ ਰਾਜਸਥਾਨ ਦੇ ਕੁਝ ਜ਼ਿਲ੍ਹੇ ਜੈਸਲਮੇਰ, ਬਾੜਮੇਰ, ਬੀਕਾਨੇਰ, ਸ੍ਰੀ ਗੰਗਾਨਗਰ, ਜਲੌਰ, ਪਾਲੀ, ਸਿਰੋਹੀ, ਜੋਧਪੁਰ ਅਤੇ ਗੁਜਰਾਤ ਦੇ ਬਨਸਕੰਠਾ, ਭੁਜ ਕੱਛ ਇਲਾਕੇ ਵਿੱਚ ਮਿਲੇ। 15 ਜਨਵਰੀ ਨੂੰ ਟਿੱਡੀ ਦਲ ਦਾ ਵੱਡਾ ਸਵਾਰਮ ਸ੍ਰੀ ਗੰਗਾਨਗਰ ਜ਼ਿਲ੍ਹੇ ਦੇ ਰਾਇਸਿੰਘ ਨਗਰ ਵਿੱਚ ਆਇਆ ਗਿਆ।

23 ਜਨਵਰੀ 2020 ਤੋਂ ਪੰਜਾਬ ਦੇ ਕੁੱਝ ਪਿੰਡਾਂ ਵਿੱਚੋਂ ਟਿੱਡੀ ਦਲ ਦੀਆਂ ਖ਼ਬਰਾਂ ਆਉਣ ਲੱਗੀਆਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀਬਾੜੀ ਵਿਭਾਗ ਦੇ ਸਾਂਝੇ ਸਰਵੇਖਣਾਂ ਦੌਰਾਨ ਟਿੱਡੀ ਦਲ ਦੇ ਬਹੁਤ ਛੋਟੇ ਝੁੰਡ (5-20 ਟਿੱਡੀਆਂ) ਫਾਜ਼ਿਲਕਾ, ਮੁਕਤਸਰ ਅਤੇ ਬਠਿੰਡਾ ਜ਼ਿਲ੍ਹਿਆਂ ਵਿੱਚ ਦੇਖਣ ਨੂੰ ਮਿਲੇ।

ਇੱਕ ਤਾਜ਼ੇ ਸਰਵੇਖਣ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਟਿੱਡੀਆਂ ਬਹੁਤ ਥੋੜ੍ਹੀ ਗਿਣਤੀ ਵਿੱਚ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਗੁੰਮਜਾਲ, ਡੰਗਰਖੇੜਾ, ਪੰਜਾਵਾ, ਪੰਨੀਵਾਲਾ ਮਾਹਲਾ, ਅੜਾਚਿੱਕੀ, ਭਾਂਗਰਖੇੜਾ, ਰੂਪਨਗਰ, ਬਾਰੇਕਾ, ਬਕੈਨਵਾਲਾ, ਹਰੀਪੁਰਾ, ਖੁਈਆਂ ਸਰਵਰ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਰਾਨੀਵਾਲਾ, ਮਿੱਡਾ, ਅਸਪਾਲ, ਵਿਰਕ ਖੇੜਾ, ਭਾਗਸਰ ਅਤੇ ਹੋਰ ਪਿੰਡਾਂ ਵਿੱਚ ਦੇਖਣ ਨੂੰ ਮਿਲੀਆਂ ਹਨ।

25 ਜਨਵਰੀ 2020 ਨੂੰ ਟਿੱਡੀ ਦਲ ਦਾ ਇੱਕ ਝੁੰਡ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਗੁੰਮਜਾਲ ਅਤੇ ਪੰਨੀਵਾਲਾ ਮਾਹਲਾ ਵਿੱਚ ਨਜ਼ਰ ਆਇਆ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਟਿੱਡੀਆਂ ਸਨ ਪਰ ਇਸ ਝੁੰਡ ਨੂੰ ਸਮੇਂ ਸਿਰ ਕਾਬੂ ਕਰ ਲਿਆ ਗਿਆ। ਟਿੱਡੀ ਦਲ ਦਾ ਤਾਜ਼ਾ ਹਮਲਾ 2 ਫਰਵਰੀ 2020 ਨੂੰ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਰੂਪਨਗਰ ਅਤੇ ਬਾਰੇਕਾ ਵਿਚ ਹੋਇਆ ਜਿਸ ਨੂੰ ਖੇਤੀਬਾੜੀ ਵਿਭਾਗ, ਪੰਜਾਬ ਨੇ ਸਫ਼ਲਤਾਪੂਰਵਕ ਕਾਬੂ ਕਰ ਲਿਆ।

ਹਾਲੇ ਤੱਕ ਟਿੱਡੀ ਦਲ ਕਾਰਨ ਫ਼ਸਲਾਂ ਨੂੰ ਕਿਸੇ ਵੀ ਤਰ੍ਹਾਂ ਦਾ ਆਰਥਿਕ ਨੁਕਸਾਨ ਨਹੀਂ ਹੋਇਆ ਹੈ। ਛੋਟੀ ਉਮਰ ਦੀਆਂ ਟਿੱਡੀਆਂ ਦੇ ਇਨ੍ਹਾਂ ਸਮੂਹਾਂ ਤੋਂ ਕੋਈ ਖ਼ਾਸ ਖ਼ਤਰਾ ਨਹੀਂ ਹੈ ਕਿਉਂਕਿ ਇਹ ਪ੍ਰਜਣਨ ਨਹੀਂ ਕਰ ਸਕਦੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀਬਾੜੀ ਵਿਭਾਗ, ਪੰਜਾਬ ਨੇ ਰਾਜਸਥਾਨ ਨਾਲ ਲੱਗਦੇ ਇਲਾਕਿਆਂ ਵਿੱਚ ਸਥਿਤੀ 'ਤੇ ਪੂਰੀ ਨਜ਼ਰ ਰੱਖੀ ਹੋਈ ਹੈ ਅਤੇ ਲੋੜ ਅਨੁਸਾਰ ਰੋਕਥਾਮ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਭਾਰਤ ਵਿੱਚ ਟਿੱਡੀ ਦਲ ਦੇ ਸਰਵੇਖਣ ਅਤੇ ਰੋਕਥਾਮ ਦਾ ਜ਼ਿੰਮੇਵਾਰੀ ਲੋਕਸਟ ਵਾਰਨਿੰਗ ਆਰਗਨਾਈਜੇਸ਼ਨ, ਜੋ ਕਿ ਡਾਇਰਕਟਰੇਟ ਆਫ ਪਲਾਂਟ ਪ੍ਰੋਟੈਕਸ਼ਨ ਕੁਆਰਨਟੀਨ ਐਂਡ ਸਟੋਰੇਜ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ, ਭਾਰਤ ਸਰਕਾਰ ਅਧੀਨ ਕੰਮ ਕਰਦੀ ਹੈ। ਇਹ ਸੰਸਥਾ ਭਾਰਤ ਵਿੱਚ ਰੇਗਿਸਤਾਨੀ ਇਲਾਕਾ ਮੱਖ ਤੌਰ 'ਤੇ ਰਾਜਸਥਾਨ, ਗੁਜਰਾਤ ਦੇ ਸੂਬੇ ਅਤੇ ਪੰਜਾਬ ਤੇ ਹਰਿਆਣਾ ਦੇ ਕੁੱਝ ਹਿੱਸਿਆਂ ਵਿੱਚ ਟਿੱਡੀ ਦਲ ਦੀ ਨਿਗਰਾਨੀ ਅਤੇ ਰੋਕਥਾਮ ਲਈ ਲਗਾਤਾਰ ਸਰਵੇਖਣ ਕਰਦੀ ਹੈ।

ਭਾਰਤ ਵਿੱਚ ਆਮ ਤੌਰ 'ਤੇ ਟਿੱਡੀਆਂ ਦਾ ਹਮਲਾ ਮੱਧ-ਨਵੰਬਰ ਤੱਕ ਖ਼ਤਮ ਹੋ ਜਾਂਦਾ ਹੈ ਪਰ ਇਸ ਵਾਰ ਹਮਲਾ ਕਾਫ਼ੀ ਲੰਬੇ ਤੱਕ ਚੱਲ ਰਿਹਾ ਹੈ। ਮੌਸਮੀ ਤਬਦੀਲੀ ਕਾਰਨ ਟਿੱਡੀਆਂ ਨੂੰ ਪ੍ਰਜਣਨ ਲਈ ਅਨੁਕੂਲ ਹਾਲਤ ਮਿਲਦੇ ਰਹੇ, ਜਿਸ ਕਾਰਨ ਇਸ ਵਾਰ ਦਾ ਹਮਲਾ ਲਗਾਤਾਰ ਬਣਿਆ ਹੋਇਆ ਹੈ। ਖੇਤੀਬਾੜੀ ਵਿਭਾਗ, ਸ੍ਰੀ ਗੰਗਾਨਗਰ, ਰਾਜਸਥਾਨ ਅਤੇ ਲੋਕਸਟ ਵਾਰਨਿੰਗ ਆਰਗਨਾਈਜੇਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਸਾਲ ਰਾਜਸਥਾਨ ਅਤੇ ਪੰਜਾਬ ਦੇ ਕੁੱਝ ਹਿੱਸਿਆਂ ਵਿੱਚ ਲੰਬੇ ਮੌਨਸੂਨ ਅਤੇ ਲਗਾਤਾਰ ਤੇਜ਼ ਹਵਾਵਾਂ ਕਾਰਨ ਜੋ ਅਸਾਧਾਰਨ ਮੌਸਮੀ ਹਾਲਾਤ ਪੈਦਾ ਹੋਏ ਹਨ, ਉਹ ਟਿੱਡੀ ਦੇ ਸਰਦੀਆਂ ਵਿੱਚ ਵੀ ਸਰਗਰਮ ਰਹਿਣ ਦਾ ਕਾਰਨ ਹੋ ਸਕਦੇ ਹਨ। ਜਦੋਂ ਤਾਪਮਾਨ 15-20 ਡਿਗਰੀ ਸੈਂਟੀਗਰੇਡ ਤੱਕ ਚਲਾ ਜਾਂਦਾ ਹੈ ਤਾਂ ਟਿੱਡੀ ਆਂਡੇ ਦੇਣਾ ਸ਼ੁਰੂ ਕਰ ਦਿੰਦੀ ਹੈ। ਤਾਪਮਾਨ ਵਧਣ ਨਾਲ ਖ਼ਤਰੇ ਦਾ ਡਰ ਵਧ ਜਾਂਦਾ ਹੈ ਆਉਣ ਵਾਲੇ ਮਹੀਨੇ ਚੁਣੌਤੀ ਭਰੇ ਹੋਣਗੇ, ਕਿਉਂਕਿ ਇਰਾਨ ਅਤੇ ਪਾਕਿਸਤਾਨ ਵਿੱਚ ਟਿੱਡੀ ਦਲ ਦੀ ਸੰਖਿਆ ਖ਼ਤਰਨਾਕ ਪੱਧਰ ਤੱਕ ਵਧ ਚੁੱਕੀ ਹੈ ਅਤੇ ਟਿੱਡੀ ਦਾ ਗਰਮੀ ਰੁੱਤ ਦੇ ਪ੍ਰਜਣਨ ਦਾ ਸਮਾਂ ਨੇੜੇ ਆ ਰਿਹਾ ਹੈ।

-0-

ਭਾਰਤ ਵਿੱਚ ਆਮ ਤੌਰ 'ਤੇ ਟਿੱਡੀਆਂ ਦਾ ਹਮਲਾ ਮੱਧ-ਨਵੰਬਰ ਤੱਕ ਖ਼ਤਮ ਹੋ ਜਾਂਦਾ ਹੈ ਪਰ ਇਸ ਵਾਰ ਹਮਲਾ ਕਾਫ਼ੀ ਲੰਬੇ ਤੱਕ ਚੱਲ ਰਿਹਾ ਹੈ। ਮੌਸਮੀ ਤਬਦੀਲੀ ਕਾਰਨ ਟਿੱਡੀਆਂ ਨੂੰ ਪ੍ਰਜਣਨ ਲਈ ਅਨੁਕੂਲ ਹਾਲਤ ਮਿਲਦੇ ਰਹੇ, ਜਿਸ ਕਾਰਨ ਇਸ ਵਾਰ ਦਾ ਹਮਲਾ ਲਗਾਤਾਰ ਬਣਿਆ ਹੋਇਆ ਹੈ। ਖੇਤੀਬਾੜੀ ਵਿਭਾਗ, ਸ੍ਰੀ ਗੰਗਾਨਗਰ, ਰਾਜਸਥਾਨ ਅਤੇ ਲੋਕਸਟ ਵਾਰਨਿੰਗ ਆਰਗਨਾਈਜੇਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਸਾਲ ਰਾਜਸਥਾਨ ਅਤੇ ਪੰਜਾਬ ਦੇ ਕੁੱਝ ਹਿੱਸਿਆਂ ਵਿੱਚ ਲੰਬੇ ਮੌਨਸੂਨ ਅਤੇ ਲਗਾਤਾਰ ਤੇਜ਼ ਹਵਾਵਾਂ ਕਾਰਨ ਜੋ ਅਸਾਧਾਰਨ ਮੌਸਮੀ ਹਾਲਾਤ ਪੈਦਾ ਹੋਏ ਹਨ, ਉਹ ਟਿੱਡੀ ਦੇ ਸਰਦੀਆਂ ਵਿੱਚ ਵੀ ਸਰਗਰਮ ਰਹਿਣ ਦਾ ਕਾਰਨ ਹੋ ਸਕਦੇ ਹਨ।

ਝੋਨੇ/ਬਾਸਮਤੀ ਦੇ ਬੀਜ ਲਈ ਸੁਚੇਤ ਹੋਣ ਦੀ ਜ਼ਰੂਰਤ

-ਡਾ. ਅਮਰੀਕ ਸਿੰਘ* *ਖੇਤੀਬਾੜੀ ਅਫ਼ਸਰ, ਪਠਾਨਕੋਟ। ਸੰਪਰਕ: 94630-71919

ਪੰਜਾਬ ਵਿਚ ਹਰ ਸਾਲ ਤਕਰੀਬਨ 28 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਤੇ ਬਾਸਮਤੀ ਦੀ ਬਿਜਾਈ ਕੀਤੀ ਜਾਂਦੀ ਹੈ, ਜਿਸ ਲਈ 20 ਕਿਲੋ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਤਕਰੀਬਨ 5 ਲੱਖ 60 ਹਜ਼ਾਰ ਕੁਇੰਟਲ ਬੀਜ ਦੀ ਜ਼ਰੂਰਤ ਪੈਂਦੀ ਹੈ। ਇਸ ਬੀਜ ਦੀ ਕੀਮਤ ਔਸਤਨ ਤਕਰੀਬਨ ਤਿੰਨ ਹਜ਼ਾਰ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ 168 ਕਰੋੜ ਹੋਣ ਕਾਰਨ ਬੀਜ ਦਾ ਕਾਰੋਬਾਰ ਪੰਜਾਬ ਵਿੱਚ ਵੱਡਾ ਵਪਾਰ ਦਾ ਰੂਪ ਲੈ ਚੁੱਕਾ ਹੈ।

ਝੋਨੇ ਦੀ ਕਾਸ਼ਤ ਵਿਚ ਕਿਸਮ ਤੇ ਬੀਜ ਦਾ ਵੱਡਾ ਰੋਲ ਹੈ। ਬੀਜ ਵਿਕ੍ਰੇਤਾ ਤੇ ਆੜ੍ਹਤੀ ਕਿਸਾਨਾਂ ਨੂੰ ਸਬਜ਼ਬਾਗ਼ ਦਿਖਾ ਕੇ ਗ਼ੈਰ ਸਿਫ਼ਾਰਸ਼ਸ਼ੁਦਾ ਕਿਸਮਾਂ ਦਾ ਬੀਜ ਮਹਿੰਗੇ ਭਾਅ ਵੇਚਦੇ ਹਨ। ਕੁਝ ਬੀਜ ਵਿਕ੍ਰੇਤਾ ਹਾੜ੍ਹੀ-ਸਾਉਣੀ ਤੋਂ ਪਹਿਲਾਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਆਪਣੇ ਵੱਲੋਂ ਤਿਆਰ ਕਿਸਮਾਂ ਦੀ ਮਸ਼ਹੂਰੀ ਕਰ ਕੇ ਕਿਸਾਨਾਂ ਨੂੰ ਗੁਮਰਾਹ ਕਰਦੇ ਹਨ। ਕਈ ਉਦਾਹਰਨਾਂ ਮਿਲ ਜਾਣਗੀਆਂ ਕਿ ਕਿਸਾਨਾਂ ਵੱਲੋਂ ਬਾਜ਼ਾਰ 'ਚੋਂ ਬੀਜ ਖ਼ਰੀਦ ਕੇ ਬੀਜੀ ਫ਼ਸਲ ਵਿਚ ਦੋ ਤੋਂ ਵਧੇਰੇ ਕਿਸਮਾਂ ਦਾ ਮਿਸ਼ਰਨ ਨਿਕਲਦਾ ਹੈ।

ਕੁਝ ਸਮੇਂ ਤੋਂ ਕਿਸਾਨਾਂ ਵੱਲੋਂ ਅਗਲੇ ਸਾਲ ਲਈ ਲੋੜੀਂਦੇ ਕਣਕ ਜਾਂ ਝੋਨੇ ਦਾ ਬੀਜ ਰੱਖਣ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ; ਕਿਸਾਨ ਸਮਝਦਾ ਹੈ ਕਿ ਬਾਜ਼ਾਰ 'ਚੋਂ ਜਾਂ ਸਰਕਾਰੀ ਅਦਾਰਿਆਂ ਤੋਂ ਸਾਫ਼-ਸੁਥਰਾ ਬੀਜ ਮਿਲ ਹੀ ਜਾਣਾ ਹੈ। ਕਿਸਾਨ ਦਾ ਸੁਭਾਅ ਬਣ ਗਿਆ ਹੈ ਕਿ ਹਰ ਸਾਲ ਨਵੀਂ ਕਿਸਮ ਦਾ ਬੀਜ ਬੀਜਣਾ, ਜਿਸ ਦੇ ਚੱਕਰ ਵਿਚ ਬਹੁਤੀ ਵਾਰੀ ਕਿਸਾਨਾਂ ਨਾਲ ਧੋਖਾ ਹੁੰਦਾ ਹੈ। ਇਸ ਦਾ ਮੁੱਖ ਕਾਰਨ ਬੀਜ ਉਤਪਾਦਕਾਂ ਦੁਆਰਾ ਫ਼ਸਲ ਦੀ ਕਟਾਈ ਤੋਂ ਪਹਿਲਾਂ ਕੰਬਾਈਨ ਹਾਰਵੈਸਟਰ ਦੀ ਸਫ਼ਾਈ ਨਾ ਕਰਨਾ, ਮੰਡੀ ਵਿਚੋਂ ਪੈਦਾਵਾਰ ਖ਼ਰੀਦ ਕੇ ਬੀਜ ਦੇ ਤੌਰ 'ਤੇ ਵੇਚਣਾ, ਕਟਾਈ ਤੋਂ ਪਹਿਲਾਂ ਫ਼ਸਲ ਵਿਚੋਂ ਹੋਰ ਕਿਸਮਾਂ ਦੇ ਬੂਟਿਆਂ ਦੀ ਕਟਾਈ ਨਾ ਕਰਵਾਉਣਾ, ਪੁਰਾਣੀ ਕਿਸਮਾਂ ਨੂੰ ਹੋਰ ਨਾਂ ਦੇ ਕੇ ਵੇਚਣਾ ਹੈ। ਨਵੀਆਂ ਕਿਸਮਾਂ ਦੀ ਮੰਗ ਹੋਣ ਕਾਰਨ ਕਈ ਵਾਰ ਕਿਸਾਨ ਦਾ ਆਰਥਿਕ ਸ਼ੋਸ਼ਣ ਵੀ ਹੁੰਦਾ ਹੈ। ਕੁਝ ਅਜਿਹੀਆਂ ਕਿਸਮਾਂ ਜੋ ਪੰਜਾਬ ਲਈ ਸਿਫ਼ਾਰਸ਼ਸ਼ੁਦਾ ਨਹੀਂ ਹੁੰਦੀਆਂ, ਉਨ੍ਹਾਂ ਨੂੰ ਪ੍ਰਾਈਵੇਟ ਅਦਾਰਿਆਂ ਵੱਲੋਂ ਕੋਈ ਨਵਾਂ ਨਾਂ ਦੇ ਕੇ ਮਹਿੰਗੇ ਭਾਅ ਵੇਚਿਆ ਜਾਂਦਾ ਹੈ।

ਬਿਮਾਰੀਆਂ ਅਤੇ ਕੀੜਿਆਂ ਦਾ ਹਮਲਾ ਜ਼ਿਆਦਾ ਹੋਣ 'ਤੇ, ਕਿਸਾਨਾਂ ਨੂੰ ਇਨ੍ਹਾਂ ਬਿਮਾਰੀਆਂ ਅਤੇ ਕੀੜਿਆਂ ਦੀ ਰੋਕਥਾਮ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ 'ਤੇ ਹੋਏ ਖ਼ਰਚੇ ਕਾਰਨ ਵਾਧੂ ਆਰਥਿਕ ਨੁਕਸਾਨ ਉਠਾਉਣਾ ਪੈਂਦਾ ਹੈ। ਇਸ ਲਈ ਕਿਸਾਨਾਂ ਨੂੰ ਦੋਗਲੀਆਂ ਕਿਸਮਾਂ ਤੋਂ ਇਲਾਵਾ ਕਣਕ, ਝੋਨਾ, ਦਾਲਾਂ, ਚਾਰੇ ਦਾ ਬੀਜ ਖ਼ੁਦ ਤਿਆਰ ਕਰਨਾ ਚਾਹੀਦਾ ਹੈ। ਬੀਜ ਉਤਪਾਦਨ ਦਾ ਕੰਮ ਔਖਾ ਨਹੀਂ ਅਤੇ ਕੁਝ ਖ਼ਾਸ ਗੱਲਾਂ ਦਾ ਧਿਆਨ ਰੱਖ ਕੇ ਕਿਸਾਨ ਖ਼ੁਦ ਬੀਜ ਤਿਆਰ ਕਰ ਸਕਦਾ ਹੈ।

ਬਾਜ਼ਾਰ ਵਿਚ ਨਿੱਜੀ ਅਦਾਰਿਆਂ ਵੱਲੋਂ ਕੁਝ ਗ਼ੈਰਸਿਫ਼ਾਰਸ਼ੀ ਕਿਸਮਾਂ ਜਿਵੇਂ ਬੀਆਰ 141, ਬੀ ਆਰ 105, ਪੀਲੀ ਪੂਸਾ, ਗੋਲਡ 76.ਗੋਲਡੀ, ਜੀ ਕੇ 668, ਜੀ ਕੇ 4042, ਹਾਈਬ੍ਰਿਡ 47, 4042, ਸਵਾ 27 ਅਤੇ ਸਵਾ 134 ਆਦਿ ਕਿਸਾਨਾਂ ਨੂੰ ਨਵੀਆਂ ਕਿਸਮਾਂ ਦੇ ਨਾਂ 'ਤੇ ਮਹਿੰਗੇ ਭਾਅ 'ਤੇ ਵੇਚੀਆਂ ਜਾਂਦੀਆਂ ਹਨ। ਪੰਜਾਬ ਵਿਚ ਇਸ ਵੇਲੇ ਸਿਰਫ਼ 6 ਝੋਨੇ ਦੀਆਂ ਦੋਗਲੀਆਂ ਕਿਸਮਾਂ ਗੰਗਾ, ਪੀਏ 6129, ਸਹਾਇਦਰੀ 4, ਵੀਐਨਆਰ 203, 27 ਪੀ 22, ਐਚਆਰ 180 ਨੂੰ ਕਾਸਤ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਇਨ੍ਹਾਂ ਕਿਸਮਾਂ ਤੋਂ ਇਲਾਵਾ ਪੰਜਾਬ ਵਿੱਚ ਹਾਈਬ੍ਰਿਡ ਕਿਸਮਾਂ ਦੀ ਕਾਸ਼ਤ ਕਰਨ 'ਤੇ ਪਾਬੰਦੀ ਹੈ। ਹਾਈਬ੍ਰਿਡ ਝੋਨੇ ਦੀ ਕਾਸ਼ਤ ਕਰਨ ਨਾਲ ਜਿੱਥੇ ਹਾਈਬ੍ਰਿਡ ਬੀਜ ਮਹਿੰਗੇ ਹੋਣ ਕਾਰਨ ਕਿਸਾਨਾਂ ਦਾ ਆਰਥਿਕ ਨੁਕਸਾਨ ਹੁੰਦਾ ਹੈ, ਉੱਥੇ ਸ਼ੈਲਰ ਉਦਯੋਗ ਨੂੰ ਭਾਰੀ ਨੁਕਸਾਨ ਹੁੰਦਾ ਹੈ ਕਿਉਂਕਿ ਹਾਈਬ੍ਰਿਡ ਕਿਸਮਾਂ ਵਿੱਚ ਟੋਟੇ ਦੀ ਮਾਤਰਾ 40% ਤੋਂ ਵੀ ਵੱਧ ਹੁੰਦੀ ਹੈ। ਇਨ੍ਹਾਂ ਕਿਸਮਾਂ ਦਾ ਬੀਜ ਵੀ ਹਰ ਸਾਲ ਨਵਾਂ ਖ਼੍ਰੀਦਣਾ ਪੈਂਦਾ ਹੈ। ਹਾਈਬ੍ਰਿਡ ਕਿਸਮਾਂ ਦੀ ਮੰਡੀਕਰਨ ਵਿੱਚ ਵੀ ਬਹੁਤ ਸਮੱਸਿਆ ਆਉਂਦੀ ਹੈ। ਕਿਸਾਨਾਂ ਦਾ ਇਨ੍ਹਾਂ ਗ਼ੈਰ-ਸਿਫ਼ਾਰਸ਼ਸ਼ੁਦਾ ਕਿਸਮਾਂ ਦੀ ਕਾਸ਼ਤ ਨਾਲ ਜਿੱਥੇ ਪੈਦਾਵਾਰ ਘੱਟ ਮਿਲਦੀ ਹੈ, ਉੱਥੇ ਕਈ ਵਾਰ ਬਿਮਾਰੀਆਂ ਅਤੇ ਕੀੜਿਆਂ ਦਾ ਹਮਲਾ ਜ਼ਿਆਦਾ ਹੋਣ 'ਤੇ, ਕਿਸਾਨਾਂ ਨੂੰ ਇਨ੍ਹਾਂ ਬਿਮਾਰੀਆਂ ਅਤੇ ਕੀੜਿਆਂ ਦੀ ਰੋਕਥਾਮ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ 'ਤੇ ਹੋਏ ਖ਼ਰਚੇ ਕਾਰਨ ਵਾਧੂ ਆਰਥਿਕ ਨੁਕਸਾਨ ਉਠਾਉਣਾ ਪੈਂਦਾ ਹੈ। ਇਸ ਲਈ ਕਿਸਾਨਾਂ ਨੂੰ ਦੋਗਲੀਆਂ ਕਿਸਮਾਂ ਤੋਂ ਇਲਾਵਾ ਕਣਕ, ਝੋਨਾ, ਦਾਲਾਂ, ਚਾਰੇ ਦਾ ਬੀਜ ਖ਼ੁਦ ਤਿਆਰ ਕਰਨਾ ਚਾਹੀਦਾ ਹੈ। ਬੀਜ ਉਤਪਾਦਨ ਦਾ ਕੰਮ ਔਖਾ ਨਹੀਂ ਅਤੇ ਕੁਝ ਖ਼ਾਸ ਗੱਲਾਂ ਦਾ ਧਿਆਨ ਰੱਖ ਕੇ ਕਿਸਾਨ ਖ਼ੁਦ ਬੀਜ ਤਿਆਰ ਕਰ ਸਕਦਾ ਹੈ। ਜਦੋਂ ਵੀ ਪੀਏਯੂ ਵੱਲੋਂ ਕਿਸੇ ਫ਼ਸਲ ਦੀ ਨਵੀਂ ਕਿਸਮ ਦਾ ਬੀਜ ਜਾਰੀ ਕੀਤਾ ਜਾਂਦਾ ਹੈ ਤਾਂ ਬੀਜ ਦੀ ਮਾਤਰਾ ਸੀਮਤ ਹੋਣ ਕਾਰਨ ਕਿਸਾਨਾਂ ਨੂੰ ਛੋਟੀਆਂ ਮਿਨੀ ਕਿਟਾਂ ਦੇ ਰੂਪ ਵਿੱਚ ਅਗਲੇ ਸਾਲ ਲਈ ਬੀਜ ਤਿਆਰ ਕਰਨ ਲਈ ਬੀਜ ਉਪਲਬਧ ਕਰਵਾਇਆ ਜਾਂਦਾ ਹੈ। ਇਸ ਵਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਪੀ ਆਰ 129, 128, 122, 121 ਅਤੇ 114 ਦੀ ਪਨੀਰੀ 20-25 ਮਈ ਨੂੰ, ਐਚਕੇਆਰ 47, ਪੀਆਰ 127 ਦੀ ਪਨੀਰੀ ਨੂੰ 25-31 ਮਈ, ਪੀ ਆਰ 124 ਦੀ ਪਨੀਰੀ 25 ਤੋਂ 31 ਮਈ ਅਤੇ ਪੀ ਆਰ 126 ਦੀ 25 ਮਈ 10 ਜੂਨ ਤੱਕ ਬੀਜਣ ਦੀ ਸਿਫ਼ਾਰਸ਼ ਕੀਤੀ ਗਈ ਹੈ।

ਜ਼ਰੂਰਤ ਹੈ ਕਿ ਕਿਸਾਨ ਖੇਤੀ ਅਤੇ ਕਿਸਾਨ ਭਲਾਈ ਵਿਭਾਗ/ਪੀਏਯੂ ਵੱਲੋਂ ਸਿਫ਼ਾਰਸ਼ਸ਼ੁਦਾ ਕਿਸਮਾਂ ਕਾਸ਼ਤ ਕਰਨ। ਇਹ ਵੀ ਸਲਾਹ ਹੈ ਕਿ ਜੇ ਘਰੇਲੂ ਪੱਧਰ 'ਤੇ ਝੋਨੇ/ਬਾਸਮਤੀ ਦਾ ਬੀਜ ਸੰਭਾਲ ਕੇ ਰੱਖਿਆ ਹੈ ਤਾਂ ਉਸ ਦੀ ਖੇਤੀ ਤੇ ਕਿਸਾਨ ਭਲਾਈ ਵਿਭਾਗ ਦੀਆਂ ਬੀਜ ਪਰਖ ਪ੍ਰਯੋਗਸ਼ਾਲਾਵਾਂ ਤੋਂ ਪਰਖ ਕਰਵਾ ਲਈ ਜਾਵੇ ਜਿਸ ਦੀ ਪ੍ਰਤੀ ਸੈਂਪਲ 15/-ਰੁਪਏ ਫੀਸ ਹੈ।

-0-

ਸਿਹਤ ਸੰਭਾਲ

ਕੋਵਿਡ-19: ਸਰੀਰ ਦੇ ਇਮਿਊਨ ਸਿਸਟਮ ਦੀ ਦੇਖਭਾਲ

-ਡਾ. ਕਿਰਨ ਬੈਂਸ ਸੰਪਰਕ: 78377-00617

ਕੋਵਿਡ-19 ਮਹਾਂਮਾਰੀ ਦੀ ਮੌਜੂਦਾ ਸਥਿਤੀ 'ਚ ਇਹ ਸਮਝਣਾ ਜ਼ਰੂਰੀ ਹੈ ਕਿ ਸਾਡਾ ਸਰੀਰ ਆਪਣੇ ਆਪ ਨੂੰ ਵਾਇਰਸਾਂ ਅਤੇ ਹੋਰ ਹਮਲਾਵਰਾਂ ਤੋਂ ਕਿਵੇਂ ਬਚਾਉਂਦਾ ਹੈ। ਸਾਡੀ ਉੱਤਮ ਰੱਖਿਆ ਸਾਡੇ ਸਰੀਰ ਦਾ ਇਮਿਊਨ ਸਿਸਟਮ ਕਰਦਾ ਹੈ। ਇਸ ਵਿਚ ਅਰਬਾਂ ਹਮਲਾਵਰਾਂ ਨੂੰ ਪਛਾਣਨ ਅਤੇ ਨਸ਼ਟ ਕਰਨ ਲਈ ਘੱਟ ਤੋਂ ਘੱਟ ਸਮੇਂ ਵਿਚ ਇਕ ਮਿਲੀਅਨ ਐਂਟੀਬਾਡੀਜ਼ ਪੈਦਾ ਕਰਨ ਦੀ ਯੋਗਤਾ ਹੈ, ਜਿਸ ਵਿਚ ਵਾਇਰਸ, ਬੈਕਟਰੀਆ ਅਤੇ ਹੋਰ ਪਰਜੀਵੀ ਸ਼ਾਮਲ ਹਨ, ਇਮਿਊਨ ਸਿਸਟਮ ਦੀ ਦੇਖਭਾਲ ਕਰਨ ਦਾ ਸਭ ਤੋਂ ਵਧੀਆ ਢੰਗ ਇੱਕ ਸਿਹਤਮੰਦ ਜੀਵਨ ਸ਼ੈਲੀ ਹੈ, ਜਿਸ ਵਿੱਚ ਕਸਰਤ, ਖੁਰਾਕ ਅਤੇ ਨੀਂਦ ਦਾ ਸਹੀ ਸੰਤੁਲਨ ਹੋਣਾ ਚਾਹੀਦਾ ਹੈ।

1. ਨਿਯਮਤ ਸਰੀਰਕ ਕਸਰਤ ਸਾਡੇ ਖ਼ੂਨ ਦੇ ਗੇੜ ਨੂੰ ਸਹੀ ਰੱਖਦੀ ਹੈ ਅਤੇ ਇਮਿਊਨ ਸਿਸਟਮ ਦੇ ਸੈੱਲਾਂ ਨੂੰ ਪੂਰੀ ਤਰ੍ਹਾਂ ਪ੍ਰਭਾਵਸ਼ਾਲੀ ਢੰਗ ਨਾਲ ਸਰੀਰ ਵਿਚ ਲਿਜਾਣ ਵਿਚ ਮਦਦ ਕਰਦੀ ਹੈ। ਨੀਂਦ ਅਤੇ ਆਰਾਮ ਸਰੀਰ ਵਿਚ ਐਂਟੀਬਾਡੀ ਬਣਾਉਣ ਲਈ ਬਹੁਤ ਮਹੱਤਵਪੂਰਨ ਹਨ। ਸਾਡੇ ਸਰੀਰ ਦੇ ਇਮਿਊਨ ਸਿਸਟਮ ਨੂੰ ਨਿਯਮਤ ਰੱਖਣ ਲਈ ਔਸਤਨ 8 ਘੰਟੇ ਨਿਯਮਤ ਨੀਂਦ ਜ਼ਰੂਰੀ ਹੈ। ਮਾਨਸਿਕ ਤਣਾਅ, ਉਦਾਸੀ ਜਾਂ ਸੋਗ ਸਾਡੀ ਇਮਿਊਨਿਟੀ ਉੱਤੇ ਬੁਰਾ ਪ੍ਰਭਾਵ ਪਾਉਂਦੇ ਹਨ।

2. ਪਾਣੀ ਸਰੀਰ 'ਚ ਖਣਿਜਾਂ ਅਤੇ ਹੋਰ ਪੌਸ਼ਟਿਕ ਤੱਤਾਂ ਨੂੰ ਘੋਲਣ ਦਾ ਕੰਮ ਕਰਦਾ ਹੈ, ਜਿਸ ਨਾਲ ਉਹ ਸੈੱਲਾਂ ਲਈ ਉਪਲਬਧ ਹੁੰਦੇ ਹਨ। ਚਾਹ, ਦੁੱਧ, ਅਦਰਕ,ਹਲਦੀ, ਕਾਲੀ ਮਿਰਚ, ਇਲਾਇਚੀ, ਦਾਲਚੀਨੀ, ਪੁਦੀਨੇ, ਤੁਲਸੀ, ਲੌਂਗ ਦੇ ਮਿਸ਼ਰਨ ਦੇ ਰੂਪ ਵਿਚ ਗਰਮ ਪਾਣੀ ਬਿਮਾਰੀਆਂ ਨਾਲ਼ ਲੜਨ ਦੀ ਸ਼ਕਤੀ ਵਧਾਉਂਦੇ ਹਨ।

3. ਸ਼ਰਾਬ ਦਾ ਸੇਵਨ ਲਹੂ ਦੇ ਗੇੜ ਨੂੰ ਕਮਜ਼ੋਰ ਕਰਦਾ ਹੈ, ਇਸ ਕਰਕੇ ਇਨਫੈਕਸ਼ਨ ਦੇ ਦੌਰਾਨ ਸ਼ਰਾਬ 'ਤੇ ਪਾਬੰਦੀ ਲਗਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

4. ਵਾਇਰਸ ਦੀ ਮਹਾਂਮਾਰੀ ਦੌਰਾਨ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਅਤੇ ਇਨਫੈਕਸ਼ਨ ਹੋਣ ਤੋਂ ਬਾਅਦ ਜਲਦੀ ਠੀਕ ਹੋਣ ਲਈ ਖੁਰਾਕ ਦੀ ਵਿਸ਼ੇਸ਼ ਭੂਮਿਕਾ ਹੈ।

5. ਇਮਿਊਨਿਟੀ ਵਧਾਉਣ ਲਈ ਸੰਤੁਲਿਤ ਖੁਰਾਕ ਲੈਣੀ ਜ਼ਰੂਰੀ ਹੈ, ਇਸ ਲਈ, ਪ੍ਰੋਟੀਨ, ਵਿਟਾਮਿਨ ਸੀ, ਵਿਟਾਮਿਨ ਏ, ਵਿਟਾਮਿਨ ਈ, ਵਿਟਾਮਿਨ ਡੀ, ਜ਼ਿੰਕ, ਸੂਖਮ ਖਣਿਜ ਅਰਥਾਤ ਸੇਲੇਨੀਅਮ, ਮੈਗਨੀਸ਼ੀਅਮ, ਪ੍ਰੋਬਾਇਓਟਿਕ ਅਤੇ ਐਂਟੀ ਆਕਸੀਡੈਂਟ ਤੱਤਾਂ ਨੂੰ ਰੋਜ਼ਾਨਾ ਖੁਰਾਕ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।

6. ਸਾਡੀ ਰਵਾਇਤੀ ਖੁਰਾਕ ਵਿਚ ਬਹੁਤ ਸਾਰੇ ਭੋਜਨ ਪਦਾਰਥ ਹਨ, ਜੋ ਕਿ ਇਮਿਊਨਿਟੀ ਨੂੰ ਵਧਾਉਂਦੇ ਹਨ, ਇਸ ਲਈ ਬਾਹਰ ਤੋਂ ਆਉਣ ਵਾਲੇ ਭੋਜਨ ਪਦਾਰਥਾਂ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇੱਕ ਤਾਂ ਇਹ ਮਹਿੰਗੇ ਹਨ ਅਤੇ ਅਸਾਨੀ ਨਾਲ ਉਪਲਬਧ ਵੀ ਨਹੀਂ ਹਨ। ਸਥਾਨਕ ਫਲ਼ ਅਤੇ ਸਬਜ਼ੀਆਂ ਇਮਿਊਨਿਟੀ ਵਧਾਉਣ ਵਾਲ਼ੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਹਨ ਅਤੇ ਤੁਲਨਾਤਮਕ ਤੌਰ 'ਤੇ ਸਸਤੇ ਵੀ ਹਨ।

7. ਇਹ ਨਿਸ਼ਚਿਤ ਕਰੋ ਕਿ ਤੁਹਾਡੀ ਰੋਜ਼ਾਨਾ ਖੁਰਾਕ ਵਿਚ ਸਾਰੇ ਭੋਜਨ ਸਮੂਹ ਉਚਿਤ ਅਨੁਪਾਤ ਵਿਚ ਮੌਜੂਦ ਹਨ। ਜਿਵੇਂ; ਕਿ ਅਨਾਜ, ਦਾਲਾਂ, ਕਈ ਕਿਸਮਾਂ ਦੀਆਂ ਸਬਜ਼ੀਆਂ ਅਤੇ ਫਲ, ਦੁੱਧ,

ਤੇਲ ਅਤੇ ਚਰਬੀ। ਇੱਕ ਬਾਲਗ ਵਿਅਕਤੀ ਲਈ ਸੰਤੁਲਿਤ ਖੁਰਾਕ ਵਿੱਚ ਲੋੜੀਂਦੇ ਭੋਜਨ ਸਮੂਹਾਂ ਦੀ ਲੋੜੀਂਦੀ ਮਾਤਰਾ ਭੋਜਨ ਸਮੂਹ ਆਦਮੀ-ਔਰਤ ਅਨਾਜ, ਦਾਲਾਂ 375-270 ਗ੍ਰਾਮ, ਦੁੱਧ 75-60 ਗ੍ਰਾਮ, ਜੜ੍ਹਾਂ ਵਾਲੀਆਂ ਸਬਜ਼ੀਆਂ 300-300 ਗ੍ਰਾਮ, ਹਰੇ ਪੱਤੇਦਾਰ ਸਬਜ਼ੀਆਂ 200-200 ਗ੍ਰਾਮ, ਹੋਰ ਸਬਜ਼ੀਆਂ 100-100 ਗ੍ਰਾਮ, ਫਲ 200-

200 ਗ੍ਰਾਮ, ਖੰਡ 100-100 ਗ੍ਰਾਮ, ਗੁੜ 20-20 ਗ੍ਰਾਮ, ਚਰਬੀ ਅਤੇ ਤੇਲ 25-20 ਗ੍ਰਾਮ।

8. ਪੋਸ਼ਣ ਤੋਂ ਇਲਾਵਾ ਭੋਜਨ ਦੀ ਸਾਫ-ਸੰਭਾਲ ਅਤੇ ਸਹੀ ਪਕਾਉਣਾ ਵੀ ਬਿਮਾਰੀ ਤੋਂ ਬਚਣ ਲਈ ਜ਼ਰੂਰੀ ਹਨ ਭੋਜਨ ਨੂੰ ਚੰਗੀ ਤਰ੍ਹਾਂ ਪਕਾ ਕੇ ਖਾਓ ਕਿਉਂਕਿ ਭੋਜਨ ਪਕਾਉਣ ਦਾ ਨਿਯਮਿਤ ਸਮਾਂ ਅਤੇ ਤਾਪਮਾਨ ਵਾਇਰਸਾਂ ਨੂੰ ਮਾਰ ਦਿੰਦਾ ਹੈ। ਗੰਦਗੀ, ਜਿਵਾਣੂਆਂ ਆਦਿ ਨੂੰ ਦੂਰ ਕਰਨ ਲਈ ਵਗਦੇ ਪਾਣੀ ਹੇਠ ਸਬਜ਼ੀਆਂ ਨੂੰ ਕਾਫ਼ੀ ਸਮੇਂ ਲਈ ਧੋਣਾ ਇੱਕ ਲੋੜੀਂਦਾ ਅਭਿਆਸ ਹੈ। ਵਾਇਰਸਾਂ ਨੂੰ ਮਾਰਨ ਲਈ ਸਬਜ਼ੀਆਂ ਨੂੰ ਕਦੇ ਵੀ ਸਾਬਣ ਜਾਂ ਡਿਟਰਜੈਂਟ ਨਾਲ ਨਾ ਧੋਓ ਇਹ ਸਾਡੀ ਸਿਹਤ ਤੇ ਮਾੜਾ ਪ੍ਰਭਾਵ ਪਾਉਂਦਾ ਹੈ।

ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਲਈ ਖਾਸ ਭੋਜਨ ਪਦਾਰਥ: ਜ਼ਿੰਕ ਅਤੇ ਹੋਰ ਸੂਖਮ ਖਣਿਜਾਂ ਨੂੰ ਪ੍ਰਾਪਤ ਕਰਨ ਲਈ ਅਨਾਜ, ਦਾਲਾਂ ਅਤੇ ਸਬਜ਼ੀਆਂ ਦੀ ਲੋੜੀਂਦੀ ਮਾਤਰਾ ਜ਼ਰੂਰੀ ਹੈ। ਅਨਾਜ ਅਤੇ ਦਾਲਾਂ ਵਿਟਾਮਿਨ ਈ ਅਤੇ ਜ਼ਰੂਰੀ ਫੈਟੀ ਐਸਿਡ ਵੀ ਪ੍ਰਦਾਨ ਕਰਦੇ ਹਨ। ਖੱਟੇ ਫ਼ਲ ਜਿਵੇਂ ਕਿ ਨਿੰਬੂ, ਕਿੰਨੂ, ਸੰਤਰਾ ਆਦਿ; ਅਮਰੂਦ; ਪਪੀਤਾ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਜਿਵੇਂ ਪਾਲਕ, ਮੇਥੀ, ਚੁਲਾਈ ਆਦਿ ਵਿਟਾਮਿਨ-ਸੀ ਨਾਲ ਭਰਪੂਰ ਹੁੰਦੇ ਹਨ। ਪੇਠਾ ਕੱਦੂ, ਪਪੀਤਾ ਬੀਟਾ ਕੈਰੋਟਿਨ (ਵਿਟਾਮਿਨ-ਏ ਦਾ ਪੂਰਵਗਾਮੀ) ਦਾ ਚੰਗਾ ਸਰੋਤ ਹੈ। ਟਮਾਟਰ ਵਿਚ ਇਕ ਲਾਇਕੋਪੀਨ ਨਾਮੀ ਤੱਤ ਹੁੰਦਾ ਹੈ, ਜੋ ਇਕ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਹੈ। ਦੁੱਧ ਅਤੇ ਪਨੀਰ ਵਿਚ ਪ੍ਰੋਟੀਨ ਅਤੇ ਵਿਟਾਮਿਨ-ਏ ਦੀ ਮਾਤਰਾ ਵਧੇਰੇ ਹੁੰਦੀ ਹੈ। ਦਹੀਂ ਅਤੇ ਲੱਸੀ ਪ੍ਰੋਬਾਇਓਟਿਕ ਭੋਜਨ ਹੁੰਦੇ ਹਨ। ਅਦਰਕ, ਲਸਣ, ਪਿਆਜ਼, ਸੇਬ, ਕੇਲੇ, ਬਰੌਕਲੀ, ਭਿੰਡੀ, ਹਰੇ ਮਟਰ, ਫਲੀਆਂ, ਅਲਸੀ, ਸੁੱਕੇ ਮੇਵੇ, ਸਾਬਤ ਦਾਲਾਂ ਅਤੇ ਅਨਾਜ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦੇ ਹਨ। ਚੁਕੰਦਰ, ਗਾਜਰ, ਕਿੰਨੂ, ਅੰਲ਼ੇ ਅਤੇ ਚਕੋਤਰੇ ਦਾ ਰਸ ਐਂਟੀਆਕਸੀਡੈਂਟਾਂ ਅਤੇ ਜ਼ਰੂਰੀ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ।

ਕੋਵਿਡ-19 ਵਿਸ਼ਾਣੂ ਭੋਜਨ ਦੁਆਰਾ ਫੈਲਣ ਵਾਲੀ ਬਿਮਾਰੀ ਨਹੀਂ ਹੈ। ਇਹ ਸੰਪਰਕ ਦੁਆਰਾ ਛੂਤਕਾਰੀ ਹੈ। ਪਕਾਏ ਹੋਏ ਭੋਜਨ ਵਧੇਰੇ ਸੁਰੱਖਿਅਤ ਹੁੰਦੇ ਹਨ। ਫਲਾਂ ਦਾ ਸੇਵਨ ਕਰਨ ਤੋਂ ਪਹਿਲਾਂ ਫਲਾਂ ਦਾ ਛਿਲਕਾ ਹਟਾਉਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਸਹੀ ਮਾਤਰਾ ਵਿਚ ਨੀਂਦ, ਕਸਰਤ ਅਤੇ ਆਰਾਮ ਸਾਡੇ ਇਮਿਊਨ ਸਿਸਟਮ ਦੁਆਰਾ ਕੋਵਿਡ-19 ਨੂੰ ਹਰਾਉਣ ਲਈ ਬਹੁਤ ਜ਼ਰੂਰੀ ਹਨ।

-0-

ਆਰਕਟਿਕ ਦੀ ਬਰਫ਼ ਅਤੇ ਪੁਰਾਣੇ ਵਾਇਰਸ

ਬਿਪਨਦੀਪ ਅਤੇ ਰਵੀ ਕੁਮਾਰ ਸੰਪਰਕ: 9888777701

ਦੁਨੀਆਂ ਭਰ ਵਿੱਚ ਮਨੁੱਖ ਕੋਵਿਡ-19 ਦੇ ਇੱਕ ਸਾਂਝੇ ਅਤੇ ਅਦਿੱਖ ਦੁਸ਼ਮਣ ਨਾਲ ਲੜ ਰਿਹਾ ਹੈ। ਇਸ ਮਹਾਂਮਾਰੀ ਨੇ ਸਾਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਮਨੁੱਖੀ ਇਤਿਹਾਸ ਵਿੱਚ ਇਤਿਹਾਸਕ ਤੌਰ 'ਤੇ ਦੇਖੀਏ ਤਾਂ ਮਹਾਂਮਾਰੀਆਂ ਨੇ ਮਨੁੱਖ ਨੂੰ ਅਤੀਤ ਨਾਲੋਂ ਤੋੜ ਕੇ ਨਵੇਂ ਸਮਾਜ ਵਿੱਚ ਸੋਚਣ ਲਾਇਆ ਹੈ ਪਰ ਅਜਿਹੇ ਸਮੇਂ ਵਿੱਚ ਇਹ ਮਹਾਂਮਾਰੀਆਂ ਸਿਰਫ ਮਨੁੱਖ ਲਈ ਹੀ ਸੰਕਟ ਖੜਾ ਨਹੀਂ ਕਰਦੀਆਂ ਸਗੋਂ ਸਾਡੇ ਭੂ-ਭਾਗ ਅਤੇ ਵਾਯੂਮੰਡਲ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਇਉਂ ਹੀ ਅੱਜ ਵਿਸ਼ਵ ਦੇ ਉੱਤਰੀ ਹਿੱਸੇ ਅੰਦਰ ਮਹੱਤਵਪੂਰਨ ਤਬਦੀਲੀਆਂ ਹੋ ਰਹੀਆਂ ਹਨ। ਆਰਕਟਿਕ ਉੱਤਰੀ ਧਰੁਵ ਦਾ ਸਿਖਰ ਹੈ ਅਤੇ ਇਹ ਅੱਠ ਦੇਸ਼ਾਂ ਨਾਲ ਘਿਰਿਆ ਹੋਇਆ ਖੇਤਰ ਹੈ। 'ਨੈਸ਼ਨਲ ਸਨੋ ਐਂਡ ਆਈਸ ਡਾਟਾ ਸੈਂਟਰ' ਅਨੁਸਾਰ ਮਾਰਚ 2020 ਵਿੱਚ ਆਰਕਟਿਕ ਬਰਫ਼ ਦਾ ਸਤਰ 'ਸੈਟੇਲਾਈਟ ਰਿਕਾਰਡ ਡਾਟਾ' ਦੇ ਇਤਿਹਾਸ ਵਿੱਚ ਗਿਆਰ੍ਹਵੀਂ ਵਾਰ ਐਨਾ ਘੱਟ ਅੰਕਿਤ ਹੋਇਆ ਹੈ। ਆਰਕਟਿਕ ਬਰਫ਼ ਦੇ ਪਿਘਲਣ ਕਾਰਨ ਨਵੇਂ ਸਮੁੰਦਰੀ ਰਾਹ, ਤੇਲ ਦੇ ਵਿਸ਼ਾਲ ਭੰਡਾਰ, ਕੁਦਰਤੀ ਗੈਸ ਅਤੇ ਬਹੁਤ ਸਾਰੇ ਹੋਰ ਖਣਿਜ ਸਰੋਤ ਵੀ ਖੁੱਲ੍ਹ ਰਹੇ ਹਨ, ਜੋ ਆਰਥਿਕ, ਭੂਗੋਲਿਕ ਅਤੇ ਰਾਜਨੀਤਿਕ ਪੱਖੋਂ ਕਾਫੀ ਮਹੱਤਵਪੂਰਨ ਹਨ। ਇਸ ਤੋਂ ਇਲਾਵਾ ਆਰਕਟਿਕ ਨੂੰ ਬਹੁਤ ਸਾਰੇ ਜਾਨਲੇਵਾ ਬੈਕਟੀਰੀਆ, ਵਾਇਰਸ ਅਤੇ ਹੋਰ ਜਰਾਸੀਮਾਂ ਦਾ 'ਪੈਂਡੋਰਾ ਬਾਕਸ' (ਫਓਨਦੋਰਓ ਭੋਣ) ਵੀ ਮੰਨਿਆ ਜਾਂਦਾ ਹੈ, ਜੋ ਇਸਦੇ ਬਰਫ਼ ਦੀਆਂ ਤਹਿਆਂ ਹੇਠ ਦੱਬੇ ਹੋਏ ਹਨ। ਆਰਕਟਿਕ ਵਿੱਚ ਲਗਾਤਾਰ ਪਿਘਲ ਰਹੀ ਬਰਫ਼ ਕਾਰਨ ਜਾਨਵਰਾਂ ਅਤੇ ਮਨੁੱਖੀ ਭੋਜਨ ਲੜੀ ਵਿੱਚ ਇਨ੍ਹਾਂ ਮਾਰੂ ਜਰਾਸੀਮਾਂ ਦੇ ਦਾਖ਼ਲ ਹੋਣ ਦੀ ਵੀ ਸੰਭਾਵਨਾ ਹੈ। ਸਾਲ 2015 ਵਿੱਚ ਹੋਏ ਇੱਕ ਅਹਿਮ ਵਿਗਿਆਨਕ ਖੁਲਾਸੇ ਅਨੁਸਾਰ ਸਾਈਬੇਰੀਆ ਵਿੱਚ 30,000 ਸਾਲ ਪੁਰਾਣੇ ਦੋ ਵਾਇਰਸਾਂ ਦਾ ਰਹੱਸ ਸਾਹਮਣੇ ਆਇਆ ਸੀ। ਪ੍ਰਯੋਗਸ਼ਾਲਾ ਵਿੱਚ ਕੀਤੀ ਗਈ ਖੋਜ ਦੌਰਾਨ ਇਹ ਪਤਾ ਲੱਗਿਆ ਕਿ ਇਨ੍ਹਾਂ 'ਚੋਂ ਇੱਕ ਮੌਲੀ-ਵਇਰਸ ਅਮੀਬਾ ਨੂੰ ਸੰਕਰਮਿਤ ਕਰਨ ਵਿੱਚ ਸਫਲ ਰਿਹਾ। ਇਸ ਪ੍ਰਯੋਗ ਦੇ ਆਗੂਕਾਰ ਪ੍ਰੋਫੈਸਰ ਜੀਨ-ਮਿਸ਼ੇਲ ਕਲਾਵੇਰੀ ਦਾ ਮੰਨਣਾ ਹੈ ਕਿ ਆਰਕਟਿਕ ਬਰਫ ਦੇ ਲਗਾਤਾਰ ਪਿਘਲਣ ਨਾਲ ਏਦਾਂ ਦੇ ਬਹੁਤ ਸਾਰੇ ਜਾਨਲੇਵਾ ਵਾਇਰਸ ਬਾਹਰ ਆ ਸਕਦੇ ਹਨ। ਇਸੇ ਤਰ੍ਹਾਂ ਸਾਲ 2016 ਵਿੱਚ, ਇੱਕ ਹੋਰ ਘਟਨਾ ਸਾਹਮਣੇ ਆਈ ਜਦੋਂ ਆਰਕਟਿਕ ਬਰਫ਼ ਦੇ ਪਿਘਲਣ ਕਾਰਨ ਉੱਥੇ ਬਰਫ਼ ਹੇਠ ਦੱਬੀ ਇੱਕ ਰੇਂਡੀਅਰ (ਹਿਰਨ ਜਾਤੀ ਦਾ ਇੱਕ ਦੁਧਾਰੂ ਜਾਨਵਰ ਹੈ) ਦੀ 100 ਸਾਲ ਪੁਰਾਣੀ ਲਾਸ਼ ਬਾਹਰ ਆਈ। ਇਹ ਰੇਂਡੀਅਰ 'ਐਂਥਰੈਕਸ' (Anthrax) ਨਾਂ ਦੇ ਵਾਇਰਸ ਨਾਲ ਮਰਿਆ ਸੀ। ਬਾਹਰ ਆਉਣ 'ਤੇ ਇਹ ਵਾਇਰਸ ਮੁੜ ਕਿਰਿਆਸ਼ੀਲ ਹੋ ਗਿਆ। ਉੱਥੋਂ ਦੇ ਰਹਿਣ ਵਾਲੇ ਚਰਵਾਹਿਆਂ ਦਾ ਇਸ ਮਰੇ ਹੋਏ ਰੇਂਡੀਅਰ ਦੇ ਸੰਪਰਕ ਵਿੱਚ ਆਉਣ ਨਾਲ ਇਹ ਵਾਇਰਸ ਮੁੜ ਰੇਂਡੀਅਰ ਅਤੇ ਮਨੁੱਖਾਂ ਅੰਦਰ ਵੀ ਕਿਰਿਆਸ਼ੀਲ ਹੋ ਗਿਆ।

ਸਾਲ 2016 ਵਿੱਚ, ਇੱਕ ਘਟਨਾ ਸਾਹਮਣੇ ਆਈ ਜਦੋਂ ਆਰਕਟਿਕ ਬਰਫ਼ ਦੇ ਪਿਘਲਣ ਕਾਰਨ ਉੱਥੇ ਬਰਫ਼ ਹੇਠ ਦੱਬੀ ਇੱਕ ਰੇਂਡੀਅਰ (ਹਿਰਨ ਜਾਤੀ ਦਾ ਇੱਕ ਦੁਧਾਰੂ ਜਾਨਵਰ ਹੈ) ਦੀ 100 ਸਾਲ ਪੁਰਾਣੀ ਲਾਸ਼ ਬਾਹਰ ਆਈ। ਇਹ ਰੇਂਡੀਅਰ 'ਐਂਥਰੈਕਸ' (Anthrax) ਨਾਂ ਦੇ ਵਾਇਰਸ ਨਾਲ ਮਰਿਆ ਸੀ। ਬਾਹਰ ਆਉਣ 'ਤੇ ਇਹ ਵਾਇਰਸ ਮੁੜ ਕਿਰਿਆਸ਼ੀਲ ਹੋ ਗਿਆ। ਉੱਥੋਂ ਦੇ ਰਹਿਣ ਵਾਲੇ ਚਰਵਾਹਿਆਂ ਦਾ ਇਸ ਮਰੇ ਹੋਏ ਰੇਂਡੀਅਰ ਦੇ ਸੰਪਰਕ ਵਿੱਚ ਆਉਣ ਨਾਲ ਇਹ ਵਾਇਰਸ ਮੁੜ ਰੇਂਡੀਅਰ ਅਤੇ ਮਨੁੱਖਾਂ ਅੰਦਰ ਵੀ ਕਿਰਿਆਸ਼ੀਲ ਹੋ ਗਿਆ।

'ਨੇਚਰ ਰਿਸਰਚ' ਰਸਾਲੇ ਦੁਆਰਾ ਨਵੰਬਰ 2019 ਵਿੱਚ ਪ੍ਰਕਾਸ਼ਿਤ ਵਿਗਿਆਨਿਕ ਰਿਪੋਰਟ ਅਨੁਸਾਰ ਆਰਕਟਿਕ ਸਮੁੰਦਰੀ ਬਰਫ਼ ਪਿਘਲਣ ਨਾਲ ਆਰਕਟਿਕ ਅਤੇ ਉੱਪ-ਆਰਕਟਿਕ ਜਲ-ਰਹਿਤ ਥਣਧਾਰੀ ਜੀਵਾਂ ਵਿਚਕਾਰ ਅੰਤਰ-ਸੰਪਰਕ ਵੱਧ ਰਿਹਾ ਹੈ, ਜਿਸ ਦੇ ਵੱਧਦੇ ਸੰਪਰਕ ਦੇ ਨਤੀਜੇ ਵਜੋਂ ਫਹੋਚਨਿਏ ਧਸਿਟਏਮਪਏਰ ਵਰਿਸ (ਫਧਤ) ਨਾਂ ਵਰਗੇ ਵਾਇਰਸ ਵੀ ਕਿਰਿਆਸ਼ੀਲ ਹੋ ਸਕਦੇ ਹਨ। 1988 ਵਿੱਚ ਪੀਡੀਵੀ ਵਾਇਰਸ ਦੇ ਕਾਰਨ ਤਕਰੀਬਨ 23,000 ਹਾਰਬਰ ਸੀਲਾਂ ਦੀ ਮੌਤ ਹੋ ਗਈ। ਆਰਕਟਿਕ ਵਿੱਚ 1918 ਵਿੱਚ 'ਇਨਫਲੂਐਨਜ਼ਾ' (Influenza Pandemic) ਨਾਂ ਦੀ ਮਹਾਂਮਾਰੀ ਦੌਰਾਨ ਮਰੇ ਵਿਅਕਤੀਆਂ ਦੇ ਮੁਰਦਾ ਸਰੀਰਾਂ ਨੂੰ ਬਰਫ਼ ਵਿੱਚ ਦਬਾ ਦਿੱਤਾ ਗਿਆ ਸੀ। ਕੁਝ ਸਮੇਂ ਬਾਅਦ ਬਰਫ ਦੇ ਪਿਘਲਣ 'ਤੇ ਉਹ ਲਾਸ਼ਾਂ ਵਾਪਿਸ ਬਾਹਰ ਆਉਣੀਆਂ ਸ਼ੁਰੂ ਹੋ ਗਈਆਂ ਸਨ। ਇਸ ਪ੍ਰਕਾਰ 1890 ਵਿੱਚ 'ਸਮਾਲ ਪੋਕਸ' (Small Pox) ਕਾਰਨ ਸਾਇਬੇਰੀਆ ਵਿੱਚ ਲੋਕਾਂ ਦੀਆਂ ਮੁਰਦਾ ਦੇਹਾਂ ਆਰਕਟਿਕ ਦੀਆਂ ਕੁਦਰਤੀ ਠੰਢੀਆਂ ਸਥਿਤੀਆਂ ਵਿੱਚ ਸੁਰੱਖਿਅਤ ਰਹੀਆਂ। ਭਾਰੀ ਮਾਤਰਾ ਵਿੱਚ ਬਰਫ ਪਿਘਲਣ ਕਾਰਨ ਇਹ ਮੁਰਦਾ ਦੇਹਾਂ ਕੁੱਝ ਸਰਗਰਮ ਜਰਾਸੀਮਾਂ ਦੇ ਨਾਲ ਮੁੜ ਸੁਰਜੀਤ ਹੋਣੇ ਸ਼ੁਰੂ ਹੋ ਗਏ। ਜਲਵਾਯੂ ਬਦਲਾਅ ਦੇ ਅਹਿਮ ਮੁੱਦਿਆਂ ਨੂੰ ਕਿਉਟੋ ਪ੍ਰੋਟੋਕੋਲ (Kyoto Protocol) ਅਤੇ 'ਪੈਰਿਸ ਸਮਝੌਤੇ' (Paris Agreement) ਅਨੁਸਾਰ ਹੱਲ ਕਰਨ ਦੀ ਲੋੜ ਹੈ। ਉਭਰ ਰਹੇ ਜਰਾਸੀਮਾਂ ਬਾਰੇ ਵਿਆਪਕ ਡਾਕਟਰੀ ਖੋਜ ਕਰਨ ਦੀ ਜ਼ਰੂਰਤ ਹੈ। ਵਿਸ਼ਵ ਦੇ ਹਰ ਇੱਕ ਦੇਸ਼ ਨੂੰ ਆਰਥਿਕ ਅਤੇ ਸਮਾਜਿਕ ਵਿਕਾਸ ਦੇ ਕੰਮਕਾਰ ਨੂੰ 'ਸੰਯੁਕਤ ਰਾਸ਼ਟਰ ਸੰਘ' ਦੁਆਰਾ ਨਿਰਧਾਰਤ Sustainable Development Goals ਦੇ ਤਹਿਤ ਹੀ ਕਰਨ ਦੀ ਲੋੜ ਹੈ। ਇਸ ਖੇਤਰ ਵਿੱਚ ਨਵੇਂ ਉੱਭਰ ਰਹੇ ਬੈਕਟੀਰੀਆ ਅਤੇ ਵਾਇਰਸਾਂ ਦੀ ਕਾਰਜਸ਼ੀਲਤਾ ਨੂੰ ਬਿਹਤਰ ਤਰੀਕੇ ਨਾਲ ਸਮਝਣ ਦੀ ਲੋੜ ਹੈ। ਅਜਿਹੀਆਂ ਵਿਆਪਕ ਖੋਜਾਂ ਦੁਆਰਾ ਮਹਾਂਮਾਰੀਆਂ ਨਾਲ ਲੜਨ ਲਈ ਨਵੀਆਂ ਦਵਾਈਆਂ ਜਾਂ ਸੰਭਾਵਿਤ ਟੀਕਿਆਂ ਦੇ ਵਿਕਾਸ ਵੱਲ ਹੋਰ ਤੇਜ਼ੀ ਨਾਲ ਵਧਨ ਦੀ ਲੋੜ ਹੈ। ਅੱਜ ਸਮਾਂ ਆ ਗਿਆ ਹੈ ਕਿ ਮਾਨਵ-ਵਿਗਿਆਨੀ ਅਤੇ ਸਮਾਜ-ਸ਼ਾਸਤਰੀ ਮਿਲ ਕੇ ਸਮਾਜਿਕ ਵਿਹਾਰ ਨੂੰ ਸਮਝਣ ਅਤੇ ਮਨੁੱਖਤਾ ਲਈ ਮਿਲਕੇ ਅੱਗੇ ਆਉਣ।

-0-

ਗੁਰਮਤਿ ਸੰਜੋਗ ਦੀ ਸੇਵਾ ਸ਼ੁਰੂ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਆਨਲਾਈਨ ਸੇਵਾ ਅਤੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਰਾਹੀਂ ਪਹਿਲਾਂ ਹੀ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਤੁਸੀਂ ਘਰ ਬੈਠੇ ਆਪਣਾ ਫਾਰਮ ਭਰ ਸਕਦੇ ਹੋ। ਚਾਹਵਾਨ ਸੱਜਣ ਹੇਠ ਲਿਖੇ ਫੋਨ ਨੰਬਰ ਤੇ ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨੀ ਅਤੇ ਲੋੜੀਂਦਾ ਫਾਰਮ ਭਰ ਕੇ ਇਸ ਸੇਵਾ ਦਾ ਲਾਭ ਉਠਾਉ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

ਸੰਪਰਕ: 98152-70101, 85678-00716

ਕੰਨਿਆ ਦੀ ਲੋੜ

ਫਾਰਮ ਨੰ. 303

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, Proffer in Homoeo College, ਹੋਮਿਊਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

ਫਾਰਮ ਨੰ. 331

ਲੁਧਿਆਣਾ ਵਾਸੀ, ਜਨਮ ਮਿਤੀ 02-07-82, ਕੱਦ 5'-8", 10+2, ਆਪਣਾ ਕਾਰੋਬਾਰ ਲਈ ਅੰਮ੍ਰਿਤਧਾਰੀ, ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 75290-29063, 88725-36145

ਫਾਰਮ ਨੰ. 333

ਲੁਧਿਆਣਾ ਵਾਸੀ, ਜਨਮ ਮਿਤੀ 06-11-86, M.Sc., Job in Infosys, Posted in Chandigarh, Package 4 Lacs PA, ਕੱਦ 5'-8", ਲਈ ਯੋਗ ਲੜਕੀ ਦੀ ਲੋੜ ਹੈ। Whatsapp: 73555-03333 98729-03415

ਫਾਰਮ ਨੰ. 334

ਚੂੜਲ ਕਲਾਂ, ਸੰਗਰੂਰ ਵਾਸੀ, ਜਨਮ ਮਿਤੀ 24-07-82, M.A., D.P Ed (Physical Teacher) ਕੱਦ 5'-7", ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 98727-16575

ਫਾਰਮ ਨੰ. 335

Ludhiana Based, DOB 22-10-87, Hight 5'-11", M.Tech (Civil Engineering), Working at Municipal Corporation Ludhiana as SDO, Wanted an Educated Vegetarian, Amritdhari, Tall & Slim girl. Contact : 94639-15110, 80547-14214

ਫਾਰਮ ਨੰ. 336

ਦਿੱਲੀ ਵਾਸੀ, ਜਨਮ ਮਿਤੀ 21-02-82, B.Com. ਕੱਦ 5'-7", ਆਪਣਾ ਕਾਰੋਬਾਰ (ਜਵੈਲਰੀ) ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 98151-95829

ਫਾਰਮ ਨੰ. 337

ਲੁਧਿਆਣਾ ਵਾਸੀ, ਜਨਮ ਮਿਤੀ 12-05-88, Diploma Civil Engg. ਕੱਦ 5'-7", ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ 79865-39125

ਫਾਰਮ ਨੰ. 339

ਲੁਧਿਆਣਾ ਵਾਸੀ, ਜਨਮ ਮਿਤੀ 01-05-91, +2, BBA ਕੱਦ 5'-8", Bank Employee ਲਈ IELTS 6.5 / 7 Band ਲੜਕੀ ਦੀ ਲੋੜ ਹੈ। ਸੰਪਰਕ 98788-24364, 96466-77316

ਫਾਰਮ ਨੰ. 343

ਦਿੱਲੀ ਵਾਸੀ, ਜਨਮ ਮਿਤੀ 06-11-89,ਕੱਦ 5'-6", BCA from IGNOU, Self Employed (Courier and Cargo Transportation) Incom 5 Lac P.A. ਲਈ ਲੜਕੀ ਦੀ ਲੋੜ ਹੈ। ਸੰਪਰਕ 08743827769

ਫਾਰਮ ਨੰ. 345

ਜਲੰਧਰ ਵਾਸੀ, ਜਨਮ ਮਿਤੀ 07-09-90, ਕੱਦ 5'-9", BA 1st year, Businessman ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ 98889-95244

ਫਾਰਮ ਨੰ. 346

ਲੁਧਿਆਣਾ ਵਾਸੀ, ਜਨਮ ਮਿਤੀ 31-07-93, ਕੱਦ 5'-6", CA, M.Com, Manager in Montee Carlo ਲਈ ਅੰਮ੍ਰਿਤਧਾਰੀ/ਗੁਰਸਿੱਖ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ 97793-55770

ਫਾਰਮ ਨੰ. 347

ਲੁਧਿਆਣਾ ਵਾਸੀ, ਜਨਮ ਮਿਤੀ 18-11-88, ਕੱਦ 5'-7", 10th IT (Info Technique) ਲਈ ਗੁਰਸਿੱਖ, ਬਿਨਾਂ ਨੱਕ-ਕੰਨ ਛੇਦੇ IELTS clear ਲੜਕੀ ਦੀ ਲੋੜ ਹੈ। ਸੰਪਰਕ: 98881-00755

ਫਾਰਮ ਨੰ. 348

ਨਵਾਂਸ਼ਹਿਰ ਵਾਸੀ, ਜਨਮ ਮਿਤੀ 23-11-86, ਕੱਦ 5'-10", ਕੰਪਿਊਟਰ ਡਿਪਲੋਮਾ, ਆਪਣਾ ਬਿਜ਼ਨੈਸ ਲੜਕੇ ਲਈ ਲੜਕੀ ਦੀ ਲੋੜ ਹੈ। ਸੰਪਰਕ: 98152-92643, 80549-37410

ਫਾਰਮ ਨੰ. 349

ਲੁਧਿਆਣਾ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 08-09-92, ਕੱਦ 5'-10", MCA, Occupation: Ownwer I.T. Company Creative Room ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 95692-61303 -0-

ਫਾਰਮ ਨੰ. 350

ਲੁਧਿਆਣਾ ਵਾਸੀ, ਤਲਾਕਸ਼ੁਦਾ, ਜਨਮ ਮਿਤੀ 19-11-1990, ਕੱਦ 5'-3", BA, Computer Course, Business ਕਰਦੇ ਲਈ ਲੜਕੀ ਦੀ ਲੋੜ ਹੈ। ਸੰਪਰਕ: 98882-77889

ਫਾਰਮ ਨੰ. 351

ਲੁਧਿਆਣਾ ਵਾਸੀ, ਜਨਮ ਮਿਤੀ 26-05-1991, ਕੱਦ 5'-11", BBA, MBA, Senior Business Officer in Pharma MNC Company ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 97795-85956

-0-

ਵਰ ਦੀ ਲੋੜ

ਫਾਰਮ ਨੰ. 308

ਲੁਧਿਆਣਾ ਵਾਸੀ, ਜਨਮ ਮਿਤੀ 08-05-85, ਐੱਮ.ਏ. ਬੀ.ਐੱਡ, ਕੱਦ 5'-1" Teacher in BVM School, Salary 15,000/- ਮਾਤਾ ਪਿਤਾ ਪੈਂਸ਼ਨਰ, ਭਰਾ XEN, ਭਰਜਾਈ ਜੱਜ ਲਈ ਯੋਗ ਪੜ੍ਹੇ ਲਿਖੇ ਵਰ ਦੀ ਲੋੜ ਹੈ। M: 98558-20442, 98880-12442

ਫਾਰਮ ਨੰ. 328

ਲੁਧਿਆਣਾ ਵਾਸੀ, ਸਿੱਖ ਮਿਸ਼ਨਰੀ ਪਰਿਵਾਰ ਦੀ ਦਸਤਾਰ ਸਜਾਉਂਦੀ ਅੰਮ੍ਰਿਤਧਾਰੀ ਲੜਕੀ, ਜਨਮ ਮਿਤੀ-18-08-1988, ਕੱਦ-5', Phd. Botany, Working as Assistant Proff. in Shri Guru Granth Sahib World University Fatehgarh Sahib,IElets-6.5 Band ਲਈ ਵਿਦੇਸ਼ ਵਿੱਚ ਸੈਟਲ ਅੰਮ੍ਰਿਤਧਾਰੀ ਲੜਕਾ ਚਾਹੀਦਾ ਹੈ, ਪਿਤਾ ਰਿਟਾਇਰਡ ਇੰਜ਼ਨੀਅਰ (Govt. Job)।ਸੰਪਰਕ ਲਈ: 9988669977, 9988669988 -0-

ਫਾਰਮ ਨੰ. 342

ਅੰਬਾਲਾ ਵਾਸੀ, ਜਨਮ ਮਿਤੀ-15-04-1984, ਕੱਦ 5'-4", B.Com, Working as Account Clerk, Slim, Fair ਲਈ ਯੋਗ ਵਰ ਦੀ ਲੋੜ ਹੈ। ਸੰਪਰਕ 090538-10515, 098969-16995

ਫਾਰਮ ਨੰ. 344

ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

ਫਾਰਮ ਨੰ. 352

ਪਟਿਆਲਾ ਵਾਸੀ, ਜਨਮ ਮਿਤੀ 08-08-90, M.Sc. Nursing, Doing Ph.D., Assistant Prof. in Chitkara University, Pay 40,000/- ਲਈ ਲੜਕੇ ਦੀ ਲੋੜ ਹੈ। ਸੰਪਰਕ: 98558-26817

RNI No.: PUNMUL/2019/78309

Postal Regd. No.: LDC/0764/2018-20 (31-12-2020)
Postal Date: 5th of every month

ਕੇਂਦਰ ਨਾਰਲੀ ਦੇ ਪਿੰਡ ਭਿੱਖੀਵਿੰਡ ਅਤੇ ਕੇਂਦਰ ਰਾਣਵਾਂ (ਸਮਰਾਲਾ) ਵਿਖੇ ਬੱਚਿਆਂ ਅਤੇ ਸੰਗਤ ਵਲੋਂ ਸਹਿਜ ਪਾਠ ਆਰੰਭ ਕੀਤੇ ਗਏ।